SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 43
Feburary 2, 2022
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## REMEMBERING C.L. CHUMBER ON HIS 6TH ANNIVERSARY



**We** deeply remember Mr C.L. Chumber on his 6th anniversary. His valuable contribution towards highlighting the importance of the Ad Dharm Movement for developing Dalit consciousness in Punjab has generated a lot of interest not only in Punjab but in other parts of the country as well as among the diaspora. Mr. C. L. Chumber was one of the few Dalit activists who consistently worked for popularizing the legacy of Ad Dharm movement. He highlighted the contributions of Great Freedom Fighter Babu Mangu Ram Mugowalia towards the formation of Ad Dharm and the legacy of this historic Dalit movement in North-Western India. He launched Punjabi Monthly journal "Kaumi Udarian" (National Flights) to keep the legacy of the movement alive.

In 1985 he brought a well-documented "Babu Mangu Ram Muggowalia Souvenir" on the formation and achievements of the Ad Dharm movement and the sterling contribution of Babu Mangu Ram Mugowalia in awakening of self-respect among the Moolnivasees of the region. The title 'Mugowalia' after Mangu Ram Mugowalia, in fact was appended by Mr. C.L. Chumber. His legacy is being kept alive in the pages of two weeklies (Ambedkar Times in English and Desh Doaba in Panjabi) published from Sacramento (California) USA. Ambedkar Times www.ambedkartimes.com and "Desh Doaba" www.deshdoaba.com weekly newspapers pay floral tribute to Mr. C.L. Chumber Sahib on his 6th Anniversary.

Prem K. Chumber
(Editor-In-Chief:
Ambedkar Times & Desh Doaba)

### ਪੰਜਾਬ ਚੋਣਾਂ 2022

# ਨਾਮਜ਼ਦਗੀਆਂ ਭਰਨ ਦਾ ਸਮਾਂ ਖਤਮ ਹੋਣ ਤੋਂ ਬਾਅਦ ਵਧੀਆਂ ਸਰਗਰਮੀਆਂ





**ਚੰਡੀਗੜ (ਬਿਊਰੋ)–** ਵਿਧਾਨ ਸਭਾ ਚੋਣਾਂ ਲਈ ਨਾਮਜ਼ਗੀਆਂ ਦਾਖ਼ਲ ਕਰਨ ਦਾ ਅਮਲ ਖ਼ਤਮ ਹੁੰਦਿਆਂ ਹੀ ਚੋਣਾਂ ਦਾ ਪਹਿਲਾ ਪੜਾਅ ਮੁਕੰਮਲ ਹੋ ਗਿਆ ਹੈ। ਹੁਣ ਸਾਰੇ ਹਲਕਿਆਂ ਤੋਂ ਉਮੀਦਵਾਰ ਸਕਰੂਟਨੀ ਹੋਣ ਤੋਂ ਬਾਅਦ ਸਪਸਟ ਹੋ ਜਾਣਗੇ। ਸੂਬੇ ਦੇ 117 ਵਿਧਾਨ ਸਭਾ ਹਲਕਿਆਂ ਲਈ ਪੰਜਾਂ ਦਿਨਾਂ ਦੌਰਾਨ 2247 ਤੋਂ ਵੱਧ ਨਾਮਜ਼ਦਗੀਆਂ ਦਾਖ਼ਲ ਹੋਈਆਂ। ਇਨ੍ਹਾਂ ਵਿਧਾਨ ਸਭਾ ਚੋਣਾਂ ਦੌਰਾਨ ਸਭ ਤੋਂ ਵੱਧ ਸਿਆਸੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰ ਚੋਣ ਮੈਦਾਨ ਵਿੱਚ ਉਤਾਰੇ ਗਏ ਹਨ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ-ਬਹੁਜਨ ਸਮਾਜ ਪਾਰਟੀ ਗੱਠਜੋੜ, ਆਮ ਆਦਮੀ ਪਾਰਟੀ, ਭਾਰਤੀ ਜਨਤਾ ਪਾਰਟੀ-ਪੰਜਾਬ ਲੋਕ ਕਾਂਗਰਸ-ਸ਼੍ਰੋਮਣੀ ਅਕਾਲੀ ਦਲ (ਸੰਯੁਕਤ), ਕਿਸਾਨ ਜਥੇਬੰਦੀਆਂ 'ਤੇ ਅਧਾਰਿਤ ਸੰਯੁਕਤ ਸਮਾਜ ਮੋਰਚਾ-ਸੰਯੁਕਤ ਸਮਾਜ ਪਾਰਟੀ ਦੇ ਗੱਠਜੋੜ, ਲੋਕ ਇਨਸਾਫ਼ ਪਾਰਟੀ, ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਅਦਿ ਸਮੇਤ ਆਜ਼ਾਦ ਉਮੀਦਵਾਰ ਵੀ ਚੋਣ ਮੈਦਾਨ ਵਿੱਚ ਹਨ। ਸੂਬੇ ਦੀਆਂ ਵਿਧਾਨ ਸਭਾ ਚੋਣਾਂ ਦੇ ਮੈਦਾਨ ਵਿੱਚ ਤਿੰਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਭੱਠਲ

(ਬਾਕੀ ਸਫਾ 5 'ਤੇ)

# ਪੰਜਾਬ ਚੋਣਾਂ ਲੜ ਰਹੇ ਜਿਆਦਾਤਰ ਉਮੀਦਵਾਰ ਮਾਲੋ-ਮਾਲ, ਕਈ ਬਹੁਤੇ ਹੀ ਲਾਚਾਰ



**ਚੰਡੀਗੜ੍ਹ (ਬਿਊਰੋ)–** ਕਾਗਜ ਦਾਖਲ ਕਰਨ ਵਕਤ ਦਿੱਤੀ ਜਾਇਦਾਦ ਦੀ ਜਾਣਕਾਰੀ ਮੁਤਾਬਕ ਪੰਜਾਬ ਚੋਣਾਂ ਲੜ ਰਹੇ ਜਿਆਦਾਤਰ ਉਮੀਦਵਾਰ ਅਮੀਰ ਅਤੇ ਮਾਲੋ-ਮਾਲ ਹਨ ਪਰ ਕੁਝ ਉਮੀਦਵਾਰ ਗਰੀਬ ਵੀ ਹਨ। ਗਹਿਣਿਆਂ ਦੇ ਮਾਮਲੇ 'ਚ ਪਹਿਲਾਂ ਬਾਦਲ ਪਰਿਵਾਰ ਦੀ ਝੰਡੀ ਰਹੀ ਹੈ। ਜਦੋਂ ਇਨ੍ਹਾਂ ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਆਪਣੀ ਸੰਪਤੀ ਦੇ ਵੇਰਵੇ ਨਸ਼ਰ ਕੀਤੇ ਹਨ ਤਾਂ ਇਹ ਤੱਥ ਉਭਰ ਕੇ ਸਾਹਮਣੇ ਆਏ ਹਨ। ਸੰਗਰੂਰ ਤੋਂ ਭਾਜਪਾ ਉਮੀਦਵਾਰ ਅਰਵਿੰਦ ਖੰਨਾ ਦੇ ਪਰਿਵਾਰ ਕੋਲ 9.70 ਕਰੋੜ ਦੇ ਗਹਿਣੇ ਹਨ, ਜਿਨ੍ਹਾਂ 'ਚੋਂ ਅਰਵਿੰਦ ਖੰਨਾ ਕੋਲ 5.31 ਕਰੋੜ ਅਤੇ ਉਨ੍ਹਾਂ ਦੀ ਪਤਨੀ ਕੋਲ 4.39 ਕਰੋੜ ਦੇ ਗਹਿਣੇ ਹਨ। ਮੌਜੂਦਾ ਸੋਨੇ ਦੇ ਭਾਅ ਦੇ ਹਿਸਾਬ ਨਾਲ ਦੇਖੀਏ ਤਾਂ ਖੰਨਾ ਪਰਿਵਾਰ ਕੋਲ 19.50 ਕਿਲੋ ਸੋਨਾ ਹੈ। ਬਾਦਲ ਪਰਿਵਾਰ ਕੋਲ 7.33 ਕਰੋੜ ਦੇ ਗਹਿਣੇ (ਸਟੋਨ, ਡਾਇਮੰਡ, ਸੋਨਾ ਆਦਿ) ਹਨ, ਜਿਨ੍ਹਾਂ 'ਚੋਂ ਹਰਸਿਮਰਤ ਕੌਰ ਬਾਦਲ ਕੋਲ 7.24 ਕਰੋੜ ਦੇ ਗਹਿਣੇ ਹਨ। ਇਨ੍ਹਾਂ 'ਚੋਂ ਕੁਝ ਗਹਿਣੇ ਵਿਰਾਸਤ 'ਚੋਂ ਮਿਲੇ ਹਨ। ਸੋਨੇ ਦੇ ਮੌਜੂਦਾ ਭਾਅ ਨਾਲ ਤੁਲਨਾ ਕਰਨੀ ਹੋਵੇ ਤਾਂ 14.76 ਕਿਲੋ ਸੋਨਾ ਬਣ ਜਾਂਦਾ ਹੈ। ਕਪੂਰਥਲਾ ਤੋਂ ਕਾਂਗਰਸੀ ਉਮੀਦਵਾਰ ਰਾਣਾ ਗੁਰਜੀਤ ਸਿੰਘ ਇਸ ਮੁਕਾਬਲੇ 'ਚ ਤੀਜੇ ਨੰਬਰ 'ਤੇ ਹਨ, ਜਿਨ੍ਹਾਂ ਦੇ ਪਰਿਵਾਰ ਕੋਲ 2.28 ਕਰੋੜ ਦੇ ਗਹਿਣੇ ਹਨ। ਇਸ 'ਚੋਂ ਰਾਣਾ ਗੁਰਜੀਤ ਕੋਲ 42.94 ਲੱਖ ਦੇ ਅਤੇ ਉਨ੍ਹਾਂ ਦੀ ਪਤਨੀ ਕੋਲ 1.86 ਕਰੋੜ ਦੇ ਗਹਿਣੇ ਹਨ। ਇਸ 'ਚ 3168 ਕਿਲੋਗਰਾਮ ਤਾਂ ਸੋਨਾ ਹੀ ਹੈ ਜਦੋਂ ਕਿ 20 ਲੱਖ ਰੁਪਏ ਦਾ

(ਬਾਕੀ ਸਫਾ 5 'ਤੇ)

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## DHAN DHAN SRI GURU RAVIDASS JI

**Bole' So Nirbhay! Guru Ravidass Maharaj Ki Jai**

# 645th Gurpurb of Sri Guru Ravidass Ji



ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ॥ ਕਨਕ ਕਟਿਕ ਜਲ ਤਰੰਗ ਜੈਸਾ ॥੧॥
ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥ ਪਤਿਤ ਪਾਵਨ ਨਾਮ ਕੈਸੇ ਹੁੰਤਾ ॥੧॥ ਰਹਾਉ ॥
ਤੁਮਹ ਜੁ ਨਾਇਕ ਆਛਹੁ ਅੰਤਰਜਾਮੀ ॥ ਪ੍ਰਭ ਤੇ ਜਨੁ ਜਾਨੀਜੈ ਜਨ ਤੇ ਸੁਆਮੀ ॥੨॥
ਸਰੀਰੁ ਆਰਾਧੈ ਮੋ ਕਉ ਬੀਚਾਰੁ ਦੇਹੂ ॥ ਰਵਿਦਾਸ ਸਮ ਦਲ ਸਮਝਾਵੈ ਕੋਊ ॥੩॥

**Sri Guru Ravidass Sabha CA, Pittsburg** will be celebrating the 645th Parkash Utsav of SATGURU RAVIDASS JI on Sunday, February 20, 2022 at the Gurughar, The entire Sangat is humbly requested to participate in this Gurupurb . Sri Guru Ravidass ji was born in 1377, in Kanshi, in India, in a humble family of Pita Santokh Dass ji and Mata Kalsa Devi ji. Guru Ravidass Ji was a great religious and social reformer. Guru Ji dedicated his whole life for the welfare of the humanity. He preached social harmony and equality among all human beings. He stood against caste based discrimination.

**ARAMBH SHRI AKHAND PATH - February 18, 2022 (Friday) 10:00 AM**
**BHOG SHRI AKHAND PATH - February 20, 2022 (Sunday) 10:00 AM**
**Nishan Sahib Hoisting Ceremony - February 19, 2022(Saturday) at 11:00 AM.**
**(Nishan Sahib sewa by Bhai Sucha Singh Bangar and Bibi Sunita Bangar)**

We need **volunteers** to help with this event to prepare and serve Langar, keep Gurughar clean and organized, directing traffic/parking, kitchen and other Sewa. For **STALLS** or any **SEWA**, please contact President Jagtar Singh Bhatia at (925)487-9624 or Secretary Abhishek Pal Narabut at (925) 695-4637.

### KIRTAN DIWAN

**SATURDAY:** Gurughar Jatha will start Shabad Kirtan at 5:30PM
**Bhai Rachhpal Singh ji** start Shabad Kirtan at 6:00 PM
**SUNDAY: Giani Gurnam Singh ji / Giani Ompal Singh ji** will start the Shabad Kirtan at 11:00 AM
**Prominent Jatha of Bhai Onkar Singh ji, Una Sahib Waley will delight the sangat from 12:00 noon to 1:00 PM with Guru Ka Kirtan.**
Kirtani Jatha of Bhai Jagjit Singh ji will begin Shabad Kirtan at 1:00 PM



**"NANAK NAM CHARDI KALA TERE BHANE SARBAT DA BHALA"**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Jagtar Bhatia | Abhishek Pal Narabut | Sunita K Singh |

Pease visit Gurughar website for information: WWW.SriGuruRavidassTemple.com

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com



HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN 7 DAYS A WEEK
9:00am to 8:30pm
RENT DVDS & BUY CLOTHES ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com



Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵ ਵੀ ਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# ਮਾਇਆਵਤੀ 8 ਫਰਵਰੀ ਨੂੰ ਪੰਜਾਬ ਦੌਰੇ 'ਤੇ ਨਵਾਂਸ਼ਹਿਰ 'ਚ ਕਰਨਗੇ ਸੰਬੋਧਨ

## ਅਕਾਲੀ ਬਸਪਾ ਗੱਠਜੋੜ ਪੂਰਨ ਬਹੁਮਤ ਨਾਲ ਪੰਜਾਬ 'ਚ ਬਣਾਏਗਾ ਸਰਕਾਰ - ਗੜ੍ਹੀ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਬੀਰ ਸਿੰਘ ਗੜ੍ਹੀ ਨੇ ਅੱਜ ਇਥੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਧਾਨ ਸਭਾ ਚੋਣਾਂ ਵਿਚ ਵਰਕਰਾਂ ਚ ਜੋਸ਼ ਭਰਨ ਲਈ ਭੈਣ ਮਾਇਆਵਤੀ ਪੰਜਾਬ ਦੌਰੇ ਤੇ ਆ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਅੱਠ ਫਰਵਰੀ ਨੂੰ ਨਵਾਂਸ਼ਹਿਰ ਚ ਵੱਡੀ ਚੋਣ ਰੈਲੀ ਦੇ ਨਾਲ ਚੋਣ ਮੁਹਿੰਮ ਨੂੰ ਭਖਾਉਣਗੇ ਲ ਉਨ੍ਹਾਂ ਕਿਹਾ ਕਿ ਸਾਰਾ ਬਹੁਜਨ ਸਮਾਜ ਬਸਪਾ ਦੇ ਨਾਲ ਹੈ ਅਤੇ ਵਿਧਾਨ ਸਭਾ ਚੋਣਾਂ ਚ ਅਕਾਲੀ ਦਲ ਬਸਪਾ ਪੂਰਨ ਬਹੁਮਤ ਹਾਸਲ ਕਰਕੇ ਸੂਬੇ ਚ ਸਰਕਾਰ ਬਣਾਉਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਆਪਣੇ ਝੂਠੇ ਵਾਅਦਿਆਂ ਤੇ ਝੂਠੀਆਂ ਚਾਲਾਂ ਨਾਲ ਬਹੁਜਨ ਸਮਾਜ ਨੂੰ ਵਰਗਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਇਨ੍ਹਾਂ ਚੋਣਾਂ 'ਚ ਅਕਾਲੀ ਬਸਪਾ ਉਮੀਦਵਾਰਾਂ ਵੱਲੋਂ ਕਾਂਗਰਸ ਦਾ ਪੂਰੀ ਤਰ੍ਹਾਂ ਸਫਾਇਆ ਕਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਦੇ ਸੰਸਥਾਪਕ ਸਵਰਗੀ ਕਾਂਸ਼ੀ ਰਾਮ ਪੰਜਾਬ ਨਾਲ ਸਬੰਧ ਰੱਖਦੇ ਹਨ ਅਤੇ ਭੈਣ ਮਾਇਆਵਤੀ ਦਾ ਵੀ ਪੰਜਾਬ ਨਾਲ ਪੁਰਾਣਾ ਅਤੇ ਗੂੜ੍ਹਾ ਰਿਸ਼ਤਾ ਹੈ ਅਤੇ ਪੰਜਾਬ ਲਈ ਉਨ੍ਹਾਂ ਦੇ ਦਿਲ ਵਿੱਚ ਬੇਹੱਦ ਪਿਆਰ ਹੈ। ਉਨ੍ਹਾਂ ਕਿਹਾ ਕਿ ਅਕਾਲੀ ਬਸਪਾ ਗੱਠਜੋੜ ਚ ਬਸਪਾ ਵੱਲੋਂ ਵੀ ਉਮੀਦਵਾਰਾਂ ਨੂੰ ਚੋਣ ਮੈਦਾਨ ਚ ਉਤਾਰਿਆ ਗਿਆ ਹੈ ਜਿਸ ਦੇ ਚੱਲਦੇ ਕਾਂਗਰਸ



ਵਿਚ ਘਬਰਾਹਟ ਦਾ ਮਾਹੌਲ ਹੈ। ਮੈਂ ਕਿਹਾ ਕਿ ਭੈਣ ਮਾਇਆਵਤੀ ਨੇ ਪਾਰਟੀ ਵਰਕਰਾਂ ਨੂੰ ਸੰਦੇਸ਼ ਦਿੱਤਾ ਹੈ ਕਿ ਵਰਕਰ ਹੁਕਮਰਾਨ ਸਰਕਾਰ ਨੂੰ ਹਰਾਉਣ ਅਤੇ ਅਕਾਲੀ ਬਸਪਾ ਗੱਠਜੋੜ ਨੂੰ ਜਿਤਾਉਣ ਲਈ ਦਿਨ ਰਾਤ ਇਕ ਕਰ ਦੇਣ ਤਾਂ ਜੋ ਸਰਕਾਰ ਬਣਨ ਮਗਰੋਂ ਪੰਜਾਬ ਦੇ ਹਰ ਵਰਗ ਸਮੇਤ ਦਾਲਿਤ ਸਮਾਜ ਦਾ ਵੀ ਭਲਾ ਤੇ ਵਿਕਾਸ ਹੋ ਸਕੇ। ਪੰਜਾਬ ਵਿਚਲੀ ਕਾਂਗਰਸ ਸਰਕਾਰ ਨੂੰ ਭ੍ਰਿਸ਼ਟ ਦੱਸਦਿਆਂ ਉਨ੍ਹਾਂ ਕਿਹਾ ਕਿ ਲੋਕ ਇਸ ਸਰਕਾਰ ਤੋਂ ਖਹਿੜਾ ਛੁਡਾਉਣ ਲਈ ਕਾਹਲੇ ਹਨ। ਉਨ੍ਹਾਂ ਕਿਹਾ ਕਿ ਪਿਛਲੇ ਪੰਜ ਸਾਲ ਕਾਂਗਰਸੀ ਆਗੂਆਂ ਦੀ ਆਪਸੀ ਲੜਾਈ ਕਾਰਨ ਪੰਜਾਬ ਦਾ ਵਿਕਾਸ ਨਹੀਂ ਹੋ ਸਕਿਆ।

ਉਨ੍ਹਾਂ ਕਿਹਾ ਕਿ ਬਸਪਾ ਵਰਕਰ ਸੁਚੇਤ ਰਹਿਣ ਕਾਂਗਰਸ ਸਿਰਫ਼ ਸੱਤਾ ਹਾਸਲ ਕਰਨ ਲਈ ਕੋਈ ਵੀ ਸਾਜ਼ਿਸ਼ ਰਚ ਸਕਦੀ ਹੈ ਅਤੇ ਹੁਣ ਡੰਮੀ ਉਮੀਦਵਾਰ ਖੜ੍ਹੇ ਕਰਕੇ ਦਲਿਤ ਸਮਾਜ ਵਿੱਚ ਭੁਲੇਖਾ ਪਾਉਣਾ ਚਾਹੁੰਦੀ ਹੈ ਲ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਬਾਰ ਬਾਰ ਦੁਆਬੇ ਦੇ ਚੱਕਰ ਲਗਾ ਰਹੇ ਹਨ ਅਤੇ ਦਲਿਤਾਂ ਦੀ ਸਰਕਾਰ ਕਹਿ ਕੇ ਦਲਿਤ ਵਰਗ ਦੀਆਂ ਵੋਟਾਂ ਮੰਗ ਰਹੇ ਹਨ ਉਨ੍ਹਾਂ ਦੀ ਘਬਰਾਹਟ ਦੀ ਸਭ ਤੋਂ ਵੱਡੀ ਨਿਸ਼ਾਨੀ ਹੈ।

## ਬਸਪਾ ਅਕਾਲੀ ਗੱਠਜੋੜ ਉਮਦੀਵਾਰ ਗੜ੍ਹੀ ਨੇ ਚੋਣ ਦਫਤਰ ਦਾ ਉਦਘਾਟਨ ਕੀਤਾ







**ਫਗਵਾੜਾ–** ਅਕਾਲੀ-ਬਸਪਾ ਗਠਜੋੜ ਦੇ ਸਾਂਝੇ ਉਮੀਦਵਾਰ ਜਸਵੀਰ ਸਿੰਘ ਗੜ੍ਹੀ ਵਲੋ ਦਫਤਰ ਦਾ ਉਦਘਾਟਨ ਸੁਖਮਨੀ ਸਾਹਿਬ ਦੇ ਪਾਠ ਦਾ ਭੋਗ ਪਾਕੇ ਕੀਤਾ ਗਿਆ। ਇਸ ਦੌਰਾਨ ਉਹਨਾਂ ਨੇ ਵਾਹਿਗੁਰੂ ਅਗੇ ਸਮੂਹ ਸ਼ਹਿਰਵਾਸਿਆਂ ਅਤੇ ਵੱਖ ਵੱਖ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਦੀ ਭਲਾਈ ਦੀ ਕਾਮਨਾ ਕੀਤੀ। ਉਹਨਾਂ ਕਿਹਾ ਕਿ ਫਗਵਾੜਾ ਨੂੰ ਵਧੀਆ ਸ਼ਹਿਰ ਦਾ ਦਰਜਾ ਦੁਆਉਣਾ ਉਨ੍ਹਾਂ ਦਾ ਮੁੱਖ ਮਕਸਦ ਹੈ। ਉਹਨਾਂ ਦੱਸਿਆ ਕਿ ਫਗਵਾੜਾ ਨੂੰ ਜਿਲਾ ਦਾ ਦਰਜਾ ਦੇਣਾ, ਸ਼ਹਿਰ ਵਿੱਚ ਪਾਰਕ ਅਤੇ ਸਟੇਡਿਅਮ ਦਾ ਉਸਾਰੀ ਕਰਵਾਉਣਾ, 500 ਬੈਡ ਦਾ ਹਸਪਤਾਲ ਅਤੇ ਮੇਡੀਕਲ ਕਾਲਜ ਬਣਾਉਣਾ ਉਨ੍ਹਾਂ ਦੀ ਤਰਹੀਜ਼ ਹੈ। ਇਸ ਤੋਂ ਇਲਾਵਾ ਸਰਕਾਰ ਬਨਣ ਉੱਤੇ ਨੀਲੇ ਕਾਰਡ ਧਾਰਕਾਂ ਦੀਆਂ ਔਰਤਾਂ ਨੂੰ 2000 ਰੁਪਏ ਮਹੀਨਾ, 800 ਯੁਨਿਟ ਮੁਫਤ ਬਿਜਲੀ ਅਤੇ ਲੜਕੀਆਂ ਨੂੰ ਬਿਹਤਰ ਸਿੱਖਿਆ ਦਿੱਤੀ ਜਾਵੇਗੀ। ਸ ਗੜ੍ਹੀ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਚਰਨਜੀਤ ਸਿੰਘ ਚੰਨੀ ਵਲੋਂ ਫਗਵਾੜਾ ਵਿਧਾਨ ਸਭਾ ਵਿਚ ਪਿਛਲੇ ਤਿੰਨ ਮਹੀਨਿਆਂ ਵਿਚ ਚਾਰ ਗੇੜੇ ਮਾਰੇ ਜੋਕਿ ਕਾਂਗਰਸ ਵਿੱਚ ਫੈਲੀ ਘਬਰਾਹਟ ਦੀ ਨਿਸ਼ਾਨੀ ਹੈ। ਕਾਂਗਰਸ ਵੱਲੋਂ ਬਸਪਾ ਖਿਲਾਫ ਬਾਰ ਬਾਰ ਬੋਲਣਾ ਦਸਦਾ ਹੈ ਕਿ ਬਸਪਾ ਦੀ ਦਹਿਸ਼ਤ ਨਾਲ ਕਾਂਗਰਸ ਦਾ ਮੁੱਖ ਮੰਤਰੀ ਵੀ ਉਲ ਜਲੂਲ ਬੋਲ ਰਿਹਾ ਹੈ। ਪੰਜਾਬ ਦੇ ਦਲਿਤ ਸਮਾਜ ਵਿਚ ਕਾਂਗਰਸ ਦੇ ਪੈਰ ਨਾ ਲੱਗਣ ਦੀ ਨਿਸ਼ਾਨੀ ਹੈ ਕਿ ਮੁੱਖ ਮੰਤਰੀ ਹੁਣ ਦੋਆਬੇ ਦੇ ਦਲਿਤ ਡੇਰਿਆਂ ਵਿੱਚ ਭੁੰਜੇ ਸੌਣ ਦਾ ਡਰਾਮਾ ਕਰ ਰਿਹਾ ਹੈ। ਹੋਰ ਵੀ ਚੰਗਾ ਹੁੰਦਾ ਕਿ ਦਲਿਤ ਡੇਰਿਆ ਵਿੱਚ ਸੋਨੀਆਂ ਗਾਂਧੀ ਵੀ ਆਕੇ ਭੁੰਜੇ ਸੌਂਦੀ। ਸ ਗੜ੍ਹੀ ਨੇ ਕਿਹਾ ਕਿ ਸਾਡਾ ਨਿਸ਼ਾਨਾ ਕਾਂਗਰਸ ਨੂੰ ਰੋਡ ਮਾਸਟਰ ਬਣਾਉਣਾ ਹੈ। ਇਸ ਮੌਕੇ ਉੱਤੇ ਹਲਕਾ ਇਨਚਾਰਜ ਅਕਾਲੀ ਦਲ ਸਰਵਣ ਸਿੰਘ ਕੁਲਾਰ, ਹਰਭਜਨ ਸਿੰਘ ਬਲਾਲੋਂ, ਰਣਜੀਤ ਸਿੰਘ ਖੁਰਾਣਾ, ਸ੍ਰੀ ਚਿਰੰਜੀ ਲਾਲ ਕਾਲਾ, ਲੇਖ ਰਾਜ ਜਮਾਲਪੁਰੀ, ਰਾਜਿੰਦਰ ਸਿੰਘ ਚੰਦੀ, ਸਤਨਾਮ ਸਿੰਘ ਅਰਸ਼ੀ, ਮਨੋਹਰ ਜਖੁ, ਹਰਭਜਨ ਸੁਮਨ, ਸ਼ਿਗਾਰਾ ਸਿੰਘ, ਠੇਕੇਦਾਰ ਬਲਜਿੰਦਰ ਸਿੰਘ, ਅਵਤਾਰ ਸਿੰਘ ਭੁੰਗਰਨੀ, ਗੁਰਦੀਪ ਸਿੰਘ ਖੇੜਾ, ਅਵਤਾਰ ਸਿੰਘ ਮੰਗੀ, ਗੁਰਵਿੰਦਰ ਵਿੱਕੀ ਪਾਸ਼ਟਾ, ਸਤਿੰਦਰਜੀਤ ਬਿੱਟਾ, ਪਰਮਜੀਤ ਖਲਵਾੜਾ, ਰਤਨ ਕੈਲੇ, ਜੀਤੀ ਖੇੜਾ, ਚਰਨਜੀਤ ਜਖੂ, ਨਿਰਮਲ ਮਲਿਕਪੁਰ, ਭਾਵਨਾ ਮਲਿਕਪੁਰ, ਕਮਲ ਲੱਖਪੁਰ, ਬਲਬੀਰ ਬੇਮਗਪੁਰ, ਮੋਹਨ ਬੇਗਮਪੁਰ, ਦਵਿੰਦਰ ਸਿੰਘ ਨੰਗਲ, ਗੁਰਦਿੱਤਾ ਬੰਗੜ, ਚਰਨਜੀਤ ਚੱਕ ਹਕੀਮ, ਅਮਰਜੀਤ ਖੁੱਟਣ, ਸਤਵਿੰਦਰ ਸਿੰਘ ਘੁੰਮਣ, ਅਸ਼ੋਕ ਸੰਧੂ, ਨਰੇਸ਼ ਕੈਲੇ, ਜੋਗਾ ਸਿੰਘ, ਵਿੰਦਰ ਨੰਗਲ ਮੱਝਾ, ਮਨੋਜ ਚਾਚੋਕੀ, ਰਾਮਸਰੂਪ ਰਾਵਲਪਿੰਡੀ, ਚਰਣ ਦਾਸ ਜੱਸਲ, ਰਾਮ ਮੂਰਤੀ ਖੇੜਾ, ਜੀਤਾ ਨੰਗਲ ਮੱਝਾ, ਪ੍ਰਮਿੰਦਰ ਸਿੰਘ ਲਾਡੀ ਸਰਪੰਚ, ਬਲਵਿੰਦਰ ਬੋਧ, ਪਲਵਿੰਦਰ ਬੋਧ, ਕੌਂਸਲਰ ਤੇਜਪਾਲ ਬਸਰਾ, ਬੰਟੀ ਕੋਲਸਰ, ਸੰਦੀਪ ਕੋਲਸਰ, ਅਮਰਜੀਤ ਕੋਲ, ਹੈਪੀ ਕੋਲ, ਸੁਰਜੀਤ ਭੁਲਾਰਾਈ, ਹਰਭਜਨ ਖਲਵਾੜਾ, ਦਲਜੀਤ ਸਿੰਘ ਦਲੀ ਸਪਰੋੜ, ਬੰਟੀ ਟਿੱਬੀ, ਮੱਖਣ ਟਿੱਬੀ, ਦੇਸਰਾਜ ਕਾਂਸ਼ੀ ਨਗਰ, ਡਾਕਟਰ ਸੱਤਾ ਨੰਗਲ ਮੱਝਾ, ਸੀਮਾ ਰਾਣੀ ਮੇਹਟਾਂ, ਨੀਲਮ ਸਹਿਜਲ, ਪੁਸ਼ਪਿੰਦਰ ਕੌਰ ਅਠੌਲੀ, ਮੈਡਮ ਸੀਮਾ ਅਰਬਨ ਅਸਟੇਟ, ਪਰਮਜੀਤ ਕੰਬੋਜ਼ ਕੌਂਸਲਰ, ਮੀਨਾ ਰਾਣੀ, ਵਕੀਲ ਕੁਲਦੀਪ ਭੱਟੀ, ਪਰਨਿਸ ਬੰਗਾ, ਸਰੂਪ ਸਿੰਘ ਖਲਵਾੜਾ, ਕੁਲਵੰਤ ਸਿੰਘ ਸਰਪੰਚ ਭੁਲਰਾਈ, ਤਰਸੇਮ ਸਿੰਘ ਭੁੱਲਰਾਈ, ਤੇਜਮੋਹਨ ਸਿੰਘ ਚਾਨਾ, ਨਰਿੰਦਰ ਕੁਮਾਰ ਸਰਪੰਚ, ਲਹਿੰਬਰ ਸਿੰਘ ਬਲਾਲੋਂ ਪੰਚ, ਕਾਲਾ ਬਘਾਣਾ, ਚਰਨਜੀਤ ਚੰਨਾ, ਗੁਰਦੀਪ ਸਿੰਘ ਸਰਪੰਚ, ਜੋਗਿੰਦਰਪਾਲ ਪੰਚ, ਹਰਵਿੰਦਰ ਹੈਪੀ, ਹਰਬਲਾਸ ਜਮਾਲਪੁਰ, ਰਮੇਸ਼ ਪੰਚ, ਗੁਰਵਿੰਦਰ ਵਿਕੀ, ਗੁਰਮੀਤ ਸੁੰਨਰਾ, ਵਿੰਦਰ ਸਿੰਘ ਪੰਚ, ਬਹਾਦਰ ਸਿੰਘ ਸੰਗਤਪੁਰ ਅਤੇ ਵੱਡੀ ਗਿਣਤੀ ਵਿਚ ਅਕਾਲੀ ਬਸਪਾ ਵਰਕਰ ਹਾਜਰ ਸਨ।

## ਅਕਾਲੀ ਦਲ ਦੇ ਵਰਕਰ ਐਡਵੋਕੇਟ ਸ਼ਿਵ ਕੁਮਾਰ ਕਲਿਆਣ ਨੂੰ ਅਕਾਲੀ ਦਲ ਦਾ ਉਮੀਦਵਾਰ ਸਮਝਣ ਤੇ ਚੋਣ ਨਿਸ਼ਾਨ ਹਾਥੀ ਤੇ ਮੋਹਰਾਂ ਲਾਉਣ ਲਈ ਘਰ ਘਰ ਮੁਹਿੰਮ ਚਲਾਉਣ- ਸੰਤਾ ਸਿੰਘ ਉਮੈਦਪੁਰੀ

## ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਗਠਜੋੜ 1996 ਦਾ ਇਤਿਹਾਸ ਦੁਹਰਾਏਗਾ- ਲਾਲ ਸਿੰਘ ਸੁਲਹਾਣੀ











**ਬਸੀ ਪਠਾਣਾਂ–** ਬੱਸੀ ਪਠਾਣਾ ਸੈਂਚੂਰੀ ਪੈਲਸ ਵਿੱਖੇ ਸ਼੍ਰੋਮਣੀ ਅਕਾਲੀ ਦਲ-ਬਹੁਜਨ ਸਮਾਜ ਪਾਰਟੀ ਗਠਜੋੜ ਦੇ ਆਗੂਆਂ ਅਤੇ ਕਾਰਜਕਰਤਾਵਾਂ ਦੀ ਭਰਵੀਂ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਮੁੱਖ ਮਹਿਮਾਨ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਸ਼੍ਰੋਮਣੀ ਅਕਾਲੀ ਦਲ ਵਲੋਂ ਨਵ ਨਿਯੁਕਤ ਹਲਕਾ ਆਬਜ਼ਰਵਰ ਅਤੇ ਸ: ਦਰਬਾਰਾ ਸਿੰਘ ਗੁਰੂ ਸੀਨੀਅਰ ਅਕਾਲੀ ਆਗੂ ਤੇ ਹਲਕਾ ਇੰਚਾਰਜ ਬੱਸੀ ਪਠਾਣਾਂ ਪਹੁੰਚੇ। ਐਡਵੋਕੇਟ ਸ਼ਿਵ ਕੁਮਾਰ ਕਲਿਆਣ ਜੀ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ + ਬਹੁਜਨ ਸਮਾਜ ਪਾਰਟੀ ਹਲਕਾ ਬੱਸੀ ਪਠਾਣਾਂ ਵੱਲੋਂ ਆਏ ਆਗੂਆਂ ਤੇ ਕਾਰਜਕਰਤਾਵਾਂ ਦਾ ਧਨਵਾਦ ਕੀਤਾ ਗਿਆ ਅਤੇ ਬੱਸੀ ਪਠਾਣਾਂ ਦੇ ਵੋਟਰਾਂ ਨੂੰ ਆਪਣੇ ਹੱਕ ਵਿਚ ਵੋਟਾਂ ਪਾਉਣ ਦੀ ਅਪੀਲ ਕੀਤੀ ਗਈ।

ਦੋਹਾਂ ਪਾਰਟੀਆਂ ਦੀ ਹਾਈਕਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਚੋਣ ਸਰਗਰਮੀਆ ਤੇਜ਼ ਕਰਨ ਲਈ ਸਰਕਲ ਵਾਇਜ ਜ਼ੋਨ ਇੰਚਾਰਜ ਲਗਾ ਕੇ ਸਾਂਝੀਆਂ ਟੀਮਾਂ ਤਿਆਰ ਕਰਨ ਲਈ ਕਿਹਾ ਗਿਆ ਅਤੇ ਦੋਨਾਂ ਪਾਰਟੀਆ ਦੇ ਅਹੁਦੇਦਾਰਾਂ ਅਤੇ ਕਾਰਕੁਨਾਂ ਨੂੰ ਇਕਜੁੱਟਤਾ ਨਾਲ ਮਿਹਨਤ ਕਰਕੇ ਗਠਜੋੜ ਦੇ ਪ੍ਰੋਗਰਾਮ ਨੂੰ ਘਰ ਘਰ ਪੁਚਾਉਣ ਲਈ ਪ੍ਰੇਰਿਤ ਕੀਤਾ ਗਿਆ। ਜਥੇਦਾਰ ਸੰਤਾ ਸਿੰਘ ਉਮੈਦਪੁਰੀ ਨੇ ਆਪਣੇ ਸੰਬੋਧਨ ਦੌਰਾਨ ਅਕਾਲੀ ਦਲ ਦੇ ਕਾਰਜਕਰਤਾਵਾਂ ਨੂੰ ਆਖਿਆ ਕਿ ਗਠਜੋੜ ਦੇ ਉਮੀਦਵਾਰ ਐਡਵੋਕੇਟ ਸ਼ਿਵ ਕੁਮਾਰ ਕਲਿਆਣ ਨੂੰ ਆਪਣਾ ਉਮੀਦਵਾਰ ਜਾਣਕੇ ਤਨ, ਮਨ ਧਨ, ਨਾਲ ਜਿਤਾਉਣਾ ਅਕਾਲੀ ਕਾਰਕੁਨਾਂ ਦੀ ਜ਼ਿਮੇਵਾਰੀ ਬਣਦੀ ਹੈ। ਸ ਸੁਖਬੀਰ ਸਿੰਘ ਬਾਦਲ ਦੀ ਹਦਾਇਤ ਹੈ ਕਿ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਸਮੂਹ ਆਗੂਆਂ, ਸਰਕਲ ਪ੍ਰਧਾਨਾਂ ਅਤੇ ਸਮੂਹ ਕਾਰਜਕਰਤਾਵਾਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਵੱਧ ਤੋ ਵੱਧ ਮਿਹਨਤ ਕਰਕੇ ਘਰ-ਘਰ ਤੱਕ ਪਹੁੰਚ ਕੇ ਐਡਵੋਕਟ ਸ਼ਿਵ ਕੁਮਾਰ ਕਲਿਆਣ ਜੀ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਜਾਵੇਗਾ ਅਤੇ ਹਲਕਾ ਬੱਸੀ ਪਠਾਣਾਂ ਤੋ ਵੱਡੀ ਲੀਡ ਨਾਲ ਜਿੱਤਾ ਕੇ ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਅਤੇ ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਮਜ਼ਬੂਤ ਕੀਤੇ ਜਾਣਗੇ। ਐਡਵੋਕਟ ਸ਼ਿਵ ਕੁਮਾਰ ਕਲਿਆਣ ਜੀ ਅਤੇ ਸਮੂਹ। ਬਸਪਾ ਆਗੂਆਂ ਵੱਲੋਂ ਜਥੇਦਾਰ ਸੰਤਾ ਸਿੰਘ ਉਮੈਦਪੁਰੀ ਜੀ,ਸ: ਦਰਬਾਰਾ ਸਿੰਘ ਗੁਰੂ ਜੀ ਅਤੇ ਜਥੇਦਾਰ ਅਵਤਾਰ ਸਿੰਘ ਰਿਆ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸਿਰੋਪਾ ਅਤੇ ਲੋਈ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ: ਲਾਲ ਸਿੰਘ ਸੁਲਹਾਣੀ ਜਰਨਲ ਸਕੱਤਰ ਪੰਜਾਬ ਤੇ ਆਬਜ਼ਰਵਰ ਹਲਕਾ ਬੱਸੀ ਪਠਾਣਾਂ ਨੇ ਆਪਣੇ ਸੰਖੇਪ ਪਰ ਭਾਵਪੂਰਤ ਤੇ ਜੋਸ਼ੀਲੇ ਭਾਸ਼ਣ ਦੁਆਰਾ ਦੋਨਾਂ ਪਾਰਟੀਆਂ ਦੇ ਹਾਜ਼ਰ ਕਾਰਜਕਰਤਾਵਾਂ ਵਿਚ ਨਵੇਂ ਜੋਸ਼ ਤੇ ਉਤਸ਼ਾਹ ਦਾ ਸੰਚਾਰ ਕਰਦਿਆਂ ਆਖਿਆ ਕਿ ਇਸ ਵਾਰ ਫਿਰ ਇਹ ਗਠਜੋੜ ਰੰਗ ਦਿਖਾਵੇਗਾ ਤੇ 1996 ਦਾ ਇਤਿਹਾਸ ਦੁਹਰਾ ਕੇ ਹੂੰਝਾਫੇਰ ਜਿੱਤ ਹਾਸਲ ਕਰੇਗਾ। ਕਾਂਗਰਸ ਪਾਰਟੀ ਝੂਠ ਵਾਅਦੇ ਕਰਕੇ ਪੰਜਾਬੀਆਂ ਦੇ ਪਖੋਂ ਮੂੰਹੋਂ ਰਥ ਚੁੱਕੀ ਹੈ ਤੇ ਹੁਣ ਉਹ ਆਪਣੇ ਅੰਦਰੂਨੀ ਕਾਟੋ ਕਲੇਸ਼ ਕਾਰਨ ਖਤਮ ਹੋ ਜਾਵੇਗੀ। ਪੰਜਾਬੀ ਜਜ਼ਬਾਤੀ ਰੌਂਅ ਵਿਚ ਫਸਕੇ ਠਗੇ ਨਹੀਂ ਜਾਣਗੇ ਤੇ ਕੇਜਰੀਵਾਲ ਦੇ ਝਾਂਸੇ ਵਿਚ ਵੀ ਨਹੀਂ ਆਉਣਗੇ। ਇਸ ਮੌਕੇ ਰਾਮ ਸਿੰਘ ਗੋਗੀ ਜਨਰਲ ਸਕੱਤਰ ਬਸਪਾ ਪੰਜਾਬ, ਕੁਲਵੰਤ ਸਿੰਘ ਸਕੱਤਰ ਪੰਜਾਬ, ਧਰਮਪਾਲ ਸਿੰਘ ਸੌਂਟੀ ਲੋਕ ਸਭਾ ਇੰਚਾਰਜ ਬਸਪਾ ਫਤਿਹਗੜ੍ਹ ਸਾਹਿਬ, ਭੁਪਿੰਦਰ ਸਿੰਘ ਚੀਮਾ ਐਨ ਆਰ ਆਈ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਕਨੇਡਾ, ਜਤਿੰਦਰ ਸਿੰਘ ਬਰਵਾਲੀ ਜ਼ਿਲ੍ਹਾ ਪ੍ਰਧਾਨ, ਮਲਕੀਤ ਸਿੰਘ ਮਠਾੜੂ ਜ਼ਿਲਾ ਪ੍ਰਧਾਨ ਬੀ। ਸੀ। ਵਿੰਗ ਸ਼੍ਰੋਮਣੀ ਅਕਾਲੀ ਦਲ, ਡਾ। ਜਗਦੀਪ ਸਿੰਘ ਰਾਣਾ ਸਟੇਟ ਡੈਲੀਗੇਟ ਪੰਜਾਬ ਸ਼੍ਰੋਮਣੀ ਅਕਾਲੀ ਦਲ, ਥਾਣੇਦਾਰ ਕੁਲਵੰਤ ਸਿੰਘ ਹਲਕਾ ਇੰਚਾਰਜ ਬਸਪਾ, ਕੁਲਵੰਤ ਸਿੰਘ ਖੁਮਾਣੋਂ ਹਲਕਾ ਪ੍ਰਧਾਨ ਬਸਪਾ, ਕੁਲਵਿੰਦਰ ਸਿੰਘ ਬਿਲਾਸਪੁਰ ਸਰਕਲ ਪ੍ਰਧਾਨ, ਪਿਆਰਾ ਸਿੰਘ ਮਾਨਪੁਰ ਸਰਕਲ ਪ੍ਰਧਾਨ, ਗੁਰਿੰਦਰ ਸਿੰਘ ਮਿੰਟੂ ਸਰਕਲ ਪ੍ਰਧਾਨ, ਅਮਨਪਾਲ ਸਿੰਘ ਨਾਨਹੇੜੀਆ ਸਰਕਲ ਪ੍ਰਧਾਨ, ਸਤਨਾਮ ਸਿੰਘ ਕਾਲੇਵਾਲ ਸਰਕਲ ਪ੍ਰਧਾਨ (ਸ਼੍ਰੋਮਣੀ ਅਕਾਲੀ ਦਲ), ਜਥੇਦਾਰ ਪ੍ਰਦੀਪ ਸਿੰਘ ਕਲੌੜ, ਸ਼ੇਰ ਸਿੰਘ ਮੈਣ ਮਾਜਰੀ ਜ਼ਿਲ੍ਹਾ ਮੀਤ ਪ੍ਰਧਾਨ ਬਸਪਾ, ਜਸਮੇਰ ਸਿੰਘ ਬੱਡਲਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਗੁਰਦੀਪ ਸਿੰਘ ਘੁਮਾਣ ਸੀਨੀਅਰ ਮੀਤ ਪ੍ਰਧਾਨ ਕਿਸਾਨ ਵਿੰਗ ਪੰਜਾਬ, ਗੁਰਸ਼ਰਨ ਸਿੰਘ ਬਾਜਵਾ ਯੂਥ ਪ੍ਰਧਾਨ, ਪਰਲਾਦ ਸਿੰਘ ਜ਼ਿਲਾ ਮੀਤ ਪ੍ਰਧਾਨ ਯੂਥ ਅਕਾਲੀ ਦਲ, ਅਜੀਤ ਸਿੰਘ ਸ਼ਹਿਰੀ ਪ੍ਰਧਾਨ, ਜਸਵੀਰ ਸਿੰਘ ਵਾਲੀਆ ਵਾਇਸ ਪ੍ਰਧਾਨ, ਸੰਜੀਵ ਸਚਦੇਵਾ ਸ਼ਹਿਰੀ ਯੂਥ ਪ੍ਰਧਾਨ, ਰੂਪੀ ਵਿਰਕ, ਰਾਜੀਵ ਅਹੂਜਾ ਸ਼ਹਿਰੀ ਪ੍ਰਧਾਨ ਯੂਥ, ਪ੍ਰਦੀਪ ਸਿੰਘ ਪੱਪੂ ਯੂਥ ਪ੍ਰਧਾਨ ਦਿਹਾਤੀ, ਪਰਮਿੰਦਰ ਸਿੰਘ ਸੋਮਲ ਯੂਥ ਪ੍ਰਧਾਨ, ਗੁਰਸੇਵਕ ਸਿੰਘ ਸੈਂਪਲੀ ਸਕੱਤਰ ਬਸਪਾ ਹਲਕਾ ਬੱਸੀ ਪਠਾਣਾਂ, ਮੋਹਨ ਸਿੰਘ ਚੁਨ੍ਹੀ ਸਕੱਤਰ ਬਸਪਾ ਹਲਕਾ ਬੱਸੀ ਪਠਾਣਾਂ, ਫ਼ਕੀਰ ਚੰਦ ਸਰਕਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਬਲਵਿੰਦਰ ਸਿੰਘ ਸਰਕਲ ਪ੍ਰਧਾਨ, ਸਿਮਰਨ ਰਸੂਲਪੁਰ ਵਾਇਸ ਪ੍ਰਧਾਨ ਯੂਥ, ਜਸਵੀਰ ਸਿੰਘ ਜੱਸਾ ਭੜੀ ਮੀਤ ਪ੍ਰਧਾਨ ਆਈ।ਟੀ।ਸੈਲ, ਮਨਪ੍ਰੀਤ ਸਿੰਘ ਹੈਪੀ ਐਮ। ਸੀ। ਬੱਸੀ ਪਠਾਣਾਂ, ਐ। ਐਨ। ਸਿੰਘ ਸੀਨੀਅਰ ਬਸਪਾ ਆਗੂ, ਅਜੈਬ ਸਿੰਘ ਸਾਬਕਾ ਸਰਪੰਚ, ਮੰਗਲ ਸਿੰਘ ਸਰਪੰਚ, ਰਣਜੀਤ ਸਿੰਘ ਸਾਬਕਾ ਸਰਪੰਚ, ਇੰਦਰਜੀਤ ਸਿੰਘ ਲਾਂਬਾ ਬਲਾਕ ਪ੍ਰਧਾਨ, ਭਾਗ ਸਿੰਘ ਖੁਮਾਣੋਂ , ਹਰਦੀਪ ਸਿੰਘ ਮੈਂਬਰ ਬਲਾਕ ਸੰਮਤੀ ਅਤੇ ਹੋਰ ਆਗੂ ਹਾਜ਼ਰ ਸਨ।

# ਨਾਮਜ਼ਦਗੀਆਂ ਭਰਨ ਦਾ ਸਮਾਂ ਖਤਮ ਹੋਣ ਤੋਂ ਬਾਅਦ ਵਧੀਆਂ ਸਰਗਰਮੀਆਂ

(ਸਫਾ 1 ਦੀ ਬਾਕੀ)

ਆਪੋ-ਆਪਣੇ ਰਵਾਇਤੀ ਵਿਧਾਨ ਸਭਾ ਹਲਕਿਆਂ, ਕ੍ਰਮਵਾਰ ਲੰਬੀ, ਪਟਿਆਲਾ (ਸ਼ਹਿਰ) ਅਤੇ ਲਹਿਰਾਗਾਗਾ ਤੋਂ ਕਿਸਮਤ ਅਜ਼ਮਾ ਰਹੇ ਹਨ। ਸੂਬੇ ਦੇ ਮੌਜੂਦਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਪਾਰਟੀ ਨੇ ਦੋ ਵਿਧਾਨ ਸਭਾ ਹਲਕਿਆਂ ਰੋਪੜ ਜ਼ਿਲ੍ਹੇ ਦੇ ਚਮਕੌਰ ਸਾਹਿਬ ਅਤੇ ਬਰਨਾਲਾ ਜ਼ਿਲ੍ਹੇ ਦੇ ਹਲਕਾ ਭਦੌੜ ਤੋਂ ਉਮੀਦਵਾਰ ਬਣਾਇਆ ਹੈ। ਅੰਮ੍ਰਿਤਸਰ (ਪੂਰਬੀ) ਵਿਧਾਨ ਸਭਾ ਹਲਕੇ ਤੋਂ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਮੁਕਾਬਲੇ ਅਕਾਲੀ ਦਲ ਨੇ ਬਿਕਰਮ ਸਿੰਘ ਮਜੀਠੀਆ ਨੂੰ ਚੋਣ ਮੈਦਾਨ ਵਿੱਚ ਲਿਆਂਦਾ ਹੈ ਤੇ ਮਜੀਠੀਆ ਹੁਣ ਸਿਰਫ਼ ਇੱਕੋ ਵਿਧਾਨ ਸਭਾ ਹਲਕੇ ਤੋਂ ਚੋਣ ਲੜਨਗੇ। ਉਕਤ ਆਗੂਆਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, 'ਆਪ' ਦੇ ਪ੍ਰਧਾਨ ਤੇ ਸੰਸਦ ਮੈਂਬਰ ਭਗਵੰਤ ਸਿੰਘ ਮਾਨ, ਕਿਸਾਨ ਆਗੂ ਬਲਬੀਰ ਸਿੰਘ ਰਾਜੇਵਾਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦੋ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਤੇ ਗੋਬਿੰਦ ਸਿੰਘ ਲੌਂਗੋਵਾਲ, ਭਾਰਤ ਦੀ ਹਾਕੀ ਟੀਮ ਦੇ ਸਾਬਕਾ ਕਪਤਾਨ ਤੇ ਮੰਤਰੀ ਪਰਗਟ ਸਿੰਘ, ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ, ਅਕਾਲੀ ਆਗੂ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਪ੍ਰੇਮ ਸਿੰਘ ਚੰਦੂਮਾਜਰਾ, ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ, ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਵਿਜੈ ਕੁਮਾਰ ਸਾਂਪਲਾ, ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ, ਕਾਰੋਬਾਰੀ ਅਰਵਿੰਦ ਖੰਨਾ, ਗਾਇਕ ਸਿੱਧੂ ਮੂਸੇਵਾਲ, ਬਾਲੀਬੁੱਡ ਅਦਾਟਰ ਸੋਨੂੰ ਸੂਦ ਦੀ ਭੈਣ ਮਾਲਵਿਕਾ ਸੂਦ, ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ, ਗਾਇਕਾ ਅਨਮੋਲ ਗਗਨ ਮਾਨ, ਗਾਇਕ ਬਲਕਾਰ ਸਿੰਘ ਸਿੱਧੂ, ਓਲੰਪੀਅਨ ਸੁਰਿੰਦਰ ਸਿੰਘ ਸੋਢੀ, ਦੋ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੇ ਓਮ ਪ੍ਰਕਾਸ਼ ਸੋਨੀ, ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਚਰਚਿਤ ਪੁਲੀਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ, ਚਰਚਿਤ ਆਗੂਆਂ ਵਿੱਚ ਸੁਖਪਾਲ ਸਿੰਘ ਖਹਿਰਾ, ਜਗਮੀਤ ਸਿੰਘ ਬਰਾੜ, ਸਿਮਰਜੀਤ ਸਿੰਘ ਬੈਂਸ, ਬਲਵਿੰਦਰ ਸਿੰਘ ਬੈਂਸ, ਮਜੀਠੀਆ ਪਰਿਵਾਰ ਵਿੱਚੋਂ ਪਹਿਲੀ ਵਾਰੀ ਕੋਈ ਔਰਤ ਬਿਕਰਮ ਮਜੀਠੀਆ ਦੀ ਪਤਨੀ ਚੋਣ ਲੜਨ ਜਾ ਰਹੀ ਹੈ। ਇਸੇ ਤਰ੍ਹਾਂ ਸਾਬਕਾ ਆਈਏਐਸ ਅਧਿਕਾਰੀ, ਕਾਂਗਰਸ ਤੇ ਅਕਾਲੀ ਦਲ ਦੇ ਸਾਬਕਾ ਮੰਤਰੀ ਤੇ ਕਾਂਗਰਸ ਦੇ ਮੌਜੂਦਾ ਮੰਤਰੀ ਮੈਦਾਨ ਵਿੱਚ ਹਨ।

# ਪੰਜਾਬ ਚੋਣਾਂ ਲੜ ਰਹੇ ਜ਼ਿਆਦਾਤਰ ਉਮੀਦਵਾਰ ਮਾਲੋ-ਮਾਲ, ਕਈ ਬਹੁਤੇ ਹੀ ਲਾਚਾਰ

(ਸਫਾ 1 ਦੀ ਬਾਕੀ)

ਡਾਇਮੰਡ ਹੈ। ਜ਼ੀਰਾ ਹਲਕੇ ਤੋਂ ਅਕਾਲੀ ਉਮੀਦਵਾਰ ਜਨਮੇਜਾ ਸਿੰਘ ਸੇਖੋਂ ਵੀ ਕਿਸੇ ਨਾਲੋਂ ਘੱਟ ਨਹੀਂ। ਸੇਖੋਂ ਦੇ ਪਰਿਵਾਰ ਕੋਲ 1.54 ਕਰੋੜ ਦੇ ਗਹਿਣੇ ਹਨ। ਡਾਇਮੰਡ ਤੋਂ ਇਲਾਵਾ ਕਈ ਗੋਲਡ ਸੈੱਟ ਹਨ। ਪਟਿਆਲਾ ਤੋਂ ਪੰਜਾਬ ਲੋਕ ਕਾਂਗਰਸ ਦੇ ਉਮੀਦਵਾਰ ਕੈਪਟਨ ਅਮਰਿੰਦਰ ਸਿੰਘ ਦੇ ਪਰਿਵਾਰ ਕੋਲ 1.43 ਕਰੋੜ ਦੇ ਗਹਿਣੇ ਹਨ। ਆਮ ਆਦਮੀ ਪਾਰਟੀ ਦੇ ਸੁਨਾਮ ਤੋਂ ਉਮੀਦਵਾਰ ਅਮਨ ਅਰੋੜਾ ਵੀ ਇਸ ਮਾਮਲੇ 'ਚ ਖ਼ਾਸ ਹਨ। ਅਰੋੜਾ ਪਰਿਵਾਰ ਕੋਲ ਵੀ 1.27 ਕਰੋੜ ਦੇ ਗਹਿਣੇ ਹਨ, ਜਿਸ 'ਚ 1.87 ਕਿਲੋ ਸੋਨਾ ਸ਼ਾਮਲ ਹੈ। ਇਸ ਤੋਂ ਇਲਾਵਾ 36 ਲੱਖ ਦਾ ਡਾਇਮੰਡ ਵੀ ਹੈ। ਇਵੇਂ ਹੀ ਫਰੀਦਕੋਟ ਤੋਂ ਕਾਂਗਰਸੀ ਉਮੀਦਵਾਰ ਕੁਸ਼ਲਦੀਪ ਸਿੰਘ ਢਿਲੋਂ ਦੇ ਪਰਿਵਾਰ ਕੋਲ 1.21 ਕਰੋੜ ਦੇ ਗਹਿਣੇ ਹਨ, ਜਿਸ 'ਚੋਂ ਉਨ੍ਹਾਂ ਦੀ ਪਤਨੀ ਕੋਲ 97 ਲੱਖ ਦੇ ਗਹਿਣੇ ਹਨ। ਅੰਮ੍ਰਿਤਸਰ ਪੱਛਮੀ ਤੋਂ ਕਾਂਗਰਸੀ ਉਮੀਦਵਾਰ ਨਵਜੋਤ ਸਿੰਘ ਸਿੱਧੂ ਕੋਲ ਇੱਕ ਕਰੋੜ ਦੇ ਗਹਿਣੇ ਹਨ, ਜਿਸ 'ਚੋਂ 70 ਲੱਖ ਦੇ ਗਹਿਣੇ ਉਨ੍ਹਾਂ ਦੀ ਪਤਨੀ ਕੋਲ ਹਨ। ਨਵਜੋਤ ਸਿੱਧੂ ਕੋਲ 44 ਲੱਖ ਦੀਆਂ ਘੜੀਆਂ ਵੀ ਹਨ। ਉਨ੍ਹਾਂ ਦੇ ਵਿਰੋਧੀ ਅਕਾਲੀ ਉਮੀਦਵਾਰ ਬਿਕਰਮ ਸਿੰਘ ਮਜੀਠੀਆ ਦੇ ਪਰਿਵਾਰ ਕੋਲ 65.60 ਲੱਖ ਦੇ ਗਹਿਣੇ ਹਨ।

ਉਪ ਮੁੱਖ ਮੰਤਰੀ ਅਤੇ ਕਾਂਗਰਸੀ ਉਮੀਦਵਾਰ ਓਪੀ ਸੋਨੀ ਦੇ ਪਰਿਵਾਰ ਕੋਲ 1.06 ਕਰੋੜ ਦੇ ਗਹਿਣੇ ਹਨ। ਲਹਿਰਾਗਾਗਾ ਤੋਂ ਕਾਂਗਰਸੀ ਉਮੀਦਵਾਰ ਬੀਬੀ ਰਜਿੰਦਰ ਕੌਰ ਭੱਠਲ ਕੋਲ ਸਿਰਫ 22.50 ਲੱਖ ਦਾ ਹੀ ਸੋਨਾ ਹੈ। ਰਾਮਪੁਰਾ ਫੂਲ ਤੋਂ ਕਾਂਗਰਸੀ ਉਮੀਦਵਾਰ ਗੁਰਪ੍ਰੀਤ ਸਿੰਘ ਕਾਂਗੜ ਦੇ ਪਰਿਵਾਰ ਕੋਲ ਵੀ 75.17 ਲੱਖ ਦੇ ਗਹਿਣੇ ਹਨ ਜਦੋਂ ਕਿ ਉਨ੍ਹਾਂ ਦੇ ਵਿਰੋਧੀ ਅਕਾਲੀ ਉਮੀਦਵਾਰ ਸਿਕੰਦਰ ਸਿੰਘ ਮਲੂਕਾ ਦੇ ਪਰਿਵਾਰ ਕੋਲ 27 ਲੱਖ ਦੇ ਗਹਿਣੇ ਹਨ। ਬਠਿੰਡਾ ਸ਼ਹਿਰੀ ਤੋਂ ਕਾਂਗਰਸੀ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਦੇ ਪਰਿਵਾਰ ਕੋਲ 31.20 ਲੱਖ ਦੇ ਗਹਿਣੇ ਹਨ।

**ਸਭ ਤੋਂ ਗਰੀਬ ਉਮੀਦਵਾਰ**



ਸੰਗਰੂਰ ਹਲਕੇ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਨਰਿੰਦਰ ਕੌਰ ਭਰਾਜ ਕੋਲ ਨਾ ਤਾਂ ਆਪਣਾ ਘਰ ਹੈ, ਨਾ ਖੇਤ ਅਤੇ ਨਾ ਹੀ ਕੋਈ ਵਪਾਰਕ ਸੰਪਤੀ ਹੈ। ਉਸ ਕੋਲ ਸਿਰਫ ਦੋ ਬੈਂਕ ਖਾਤੇ ਹਨ, ਜਿਨ੍ਹਾਂ ਵਿਚ 24,409 ਰੁਪਏ ਹਨ।

ਪੰਜਾਬ 'ਚ ਕੁੱਲ 2.11 ਕਰੋੜ ਵੋਟਰ ਹਨ, ਜਿਨ੍ਹਾਂ 'ਚੋਂ ਬਹੁਤੇ ਵੋਟਰਾਂ ਨੂੰ ਦੋ ਡੰਗ ਦੀ ਰੋਟੀ ਮਸਾਂ ਨਸੀਬ ਹੁੰਦੀ ਹੈ। ਪਿੰਡਾਂ ਦੇ ਵਿਹੜਿਆਂ ਵਿਚ ਕਿਸੇ ਗਰੀਬ ਦੇ ਪੀਪੇ 'ਚ ਏਨਾ ਆਟਾ ਨਹੀਂ ਹੁੰਦਾ, ਜਿਨ੍ਹਾਂ ਧਨਾਢ ਉਮੀਦਵਾਰਾਂ ਕੋਲ ਸੋਨਾ ਹੈ। ਮੌਜੂਦਾ ਦੌਰ ਵਿਚ ਚੋਣ ਲੜਨੀ 'ਖਾਲਾ ਜੀ ਦਾ ਵਾੜਾ' ਨਹੀਂ ਹੈ, ਜਿਸ ਕਰਕੇ ਮਾਲੀ ਪਹੁੰਚ ਵਾਲੇ ਹੀ ਚੋਣ ਜਿੱਤਣ ਦੇ ਸੁਫਨੇ ਲੈ ਸਕਦੇ ਹਨ। ਵਿਦਿਆਰਥੀ ਆਗੂ ਗਗਨ ਸੰਗਰਾਮੀ ਮੁਕਤਸਰ ਨੇ ਕਿਹਾ ਕਿ ਇਹ ਦਿਨ ਹੁਣ 'ਪੀ-ਪਿਆਂ ਵਾਲਿਆਂ' ਦੇ ਹਨ, ਜਿਸ ਕਰਕੇ ਉਹ ਆਪਣੇ ਦਿਨ ਫੇਰਨ ਲਈ ਵੋਟ ਦਾ ਇਸਤੇਮਾਲ ਸੋਚ-ਸਮਝ ਕੇ ਕਰਨ।

# ਅੰਮ੍ਰਿਤਸਰ ਪੂਰਬੀ ਬਣੀ ਸਭ ਤੋਂ ਦਿਲਚਸਪ ਸੀਟ-ਮਜੀਠੀਆ ਸਿੱਧੂ ਆਹਮੋ-ਸਾਹਮਣੇ

**ਅੰਮ੍ਰਿਤਸਰ–** ਇਥੇ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਅੱਜ ਇਹ ਐਲਾਨ ਕਰ ਦਿੱਤਾ ਕਿ ਉਹ ਹੁਣ ਸਿਰਫ ਅੰਮ੍ਰਿਤਸਰ ਪੂਰਬੀ ਹਲਕੇ ਤੋਂ ਕਾਂਗਰਸੀ ਉਮੀਦਵਾਰ ਨਵਜੋਤ ਸਿੰਘ ਸਿੱਧੂ ਖ਼ਿਲਾਫ਼ ਚੋਣ ਲੜਨਗੇ। ਉਨ੍ਹਾਂ ਮਜੀਠਾ ਵਿਧਾਨ ਸਭਾ ਹਲਕੇ ਤੋਂ ਚੋਣ ਲੜਨ ਦਾ ਫੈਸਲਾ ਵਾਪਸ ਲੈ ਲਿਆ ਹੈ। ਉਨ੍ਹਾਂ ਦੀ ਪਤਨੀ ਗਨੀਵ ਕੌਰ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਮਜੀਠਾ ਹਲਕੇ ਤੋਂ ਚੋਣ ਲੜੇਗੀ। ਇਹ ਐਲਾਨ ਉਨ੍ਹਾਂ ਅੱਜ ਇੱਥੇ ਪੱਤਰਕਾਰ ਮਿਲਣੀ ਦੌਰਾਨ ਕੀਤਾ। ਬੀਤੇ ਦਿਨ ਉਨ੍ਹਾਂ ਦੀ ਪਤਨੀ ਗਨੀਵ ਕੌਰ ਵੱਲੋਂ ਮਜੀਠਾ ਹਲਕੇ ਤੋਂ ਆਪਣਾ



ਨਾਮਜ਼ਦਗੀ ਪੱਤਰ ਵੀ ਦਾਖ਼ਲ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸ੍ਰੀ ਮਜੀਠੀਆ ਨੂੰ ਚੁਣੌਤੀ ਦਿੱਤੀ ਸੀ ਕਿ ਉਹ ਮਜੀਠਾ ਹਲਕੇ ਨੂੰ ਛੱਡ ਕੇ ਸਿਰਫ ਅੰਮ੍ਰਿਤਸਰ ਪੂਰਬੀ ਤੋਂ ਚੋਣ ਲੜਨ। ਅੱਜ ਇਥੇ ਮੀਡੀਆ ਨਾਲ ਗੱਲ ਕਰਦਿਆਂ ਸ੍ਰੀ ਮਜੀਠੀਆ ਨੇ ਆਖਿਆ ਕਿ ਮਜੀਠਾ ਹਲਕਾ ਇਕ ਤਕਨੀਕੀ ਕਾਰਨ ਕਰ ਕੇ ਛੱਡਿਆ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਇਹ ਫ਼ੈਸਲਾ ਕਿਸੇ ਚੁਣੌਤੀ ਕਾਰਨ ਨਹੀਂ ਲਿਆ ਸਗੋਂ ਪਾਰਟੀ ਵੱਲੋਂ ਲਾਈ ਗਈ ਜ਼ਿੰਮੇਵਾਰੀ ਲਈ ਆਪਣਾ ਫਰਜ਼ ਸਮਝਦਿਆਂ ਕੀਤਾ ਹੈ। ਸ੍ਰੀ ਮਜੀਠੀਆ ਨੇ ਕਿਹਾ ਕਿ ਉਹ ਇਸ ਹਲਕੇ ਵਿੱਚ ਚੋਣ ਲੜਦਿਆਂ ਇਕ ਹੰਕਾਰੀ ਵਿਅਕਤੀ ਦਾ ਹੰਕਾਰ ਤੋੜਨਗੇ ਅਤੇ ਉਸ ਨੂੰ ਪਿਆਰ, ਸਤਿਕਾਰ ਅਤੇ ਲੋਕਾਂ ਨਾਲ ਮਿਲਣਾ ਸਿਖਾਉਣਗੇ। ਅੰਮ੍ਰਿਤਸਰ ਪੂਰਬੀ ਹਲਕੇ ਬਾਰੇ ਆਪਣਾ ਏਜੰਡਾ ਦੱਸਦਿਆਂ ਉਨ੍ਹਾਂ ਕਿਹਾ ਕਿ ਇਸ ਹਲਕੇ ਦਾ ਵਿਕਾਸ ਨਹੀਂ ਹੋ ਸਕਿਆ। ਉਨ੍ਹਾਂ ਦਾ ਤਰਜੀਹੀ ਏਜੰਡਾ ਇਸ ਹਲਕੇ ਦਾ ਵਿਕਾਸ ਕਰਨਾ ਹੋਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਸ੍ਰੀ ਸਿੱਧੂ ਨੂੰ ਅਕਾਲੀ ਭਾਜਪਾ, ਕੇਂਦਰ ਅਤੇ ਕਾਂਗਰਸ ਦੀ ਸਰਕਾਰ ਹੰਢਾਉਣ ਦਾ ਮੌਕਾ ਮਿਲਿਆ ਹੈ ਪਰ ਉਨ੍ਹਾਂ ਦੇ 18 ਸਾਲ ਦੇ ਸਮੇਂ ਦੌਰਾਨ ਹਲਕੇ ਦਾ ਮਾੜਾ ਹਾਲ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਉਹ ਸ੍ਰੀ ਸਿੱਧੂ ਵਲੋਂ ਕੀਤੇ ਵਾਅਦੇ ਅਤੇ ਹੋਏ ਕੰਮਾਂ ਦੀ ਇਕ ਸੂਚੀ ਵੀ ਤਿਆਰ ਕਰਕੇ ਲੋਕਾਂ ਦੇ ਸਾਹਮਣੇ ਰੱਖਣਗੇ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532 Houston St.
West Sacramento, CA 95691




Email: myfuturetruck@gmail.com

BERKSHIRE HATHAWAY HomeServices

Karen Sandhu
REALTOR ®
DRE # 02166294
Drysdale Properties
3421 Brookside Rd., Ste. B
Stockton, CA 95219



209-276-5289
Karen.sandhu@bhhsdrysdale.com
www.karensandhu.bhhsdrysdale.com
An independently owned and operated member of BHH Affilates, LLC

ਦੇਸ਼ ਦੁਆਬਾ

# Remembering Honorable Mr. Nanak Chand on his 100th birthday



Nanak Chand Rattu was born on February 6, 1922, in village Sakrull, in Hoshiarpur District of Punjab. He is best Known as the most closely associated and loyal Private Secretary to Dr. Ambedkar who served him sacrificing his family, personal gains, official carreer, ambitions and aspirations for over 17 years, from January 3, 1940 upto Dr. Ambedkar's death on December 6, 1956.

On passing his Matriculation Examination in 1938, he came to Delhi in November 1939, in search of a job. He had to undergo difficult days, beyond mention, before he got a job in the Government of India, In 1941. While in service he worked his way up and passed the B.A. degree Examination. He abandoned his studies in M.A., in the middle, In order to serve Dr. Ambedkar.

He has carved such a place of honour - undergoing sufferings, carping humillations, troubles and tribulations, for a great cause of the oppressed millions - and living so dominantly in the sweet hearts of Dalit masses/Buddhists, that they hold him in such high esteem as the reflex of their saviour, the great Dr. Babasaheb Ambedkar. Like a shadow he remained in his sacred company till his last breath and was to Dr. Ambedkar what Ananda was to Lord Buddha.

He is the recipient of Bheem Medal, Bheem Rattan Award, Ambedkar Centenary Award, Bhante Anand Award, Ambedkar Rattan Centenary Award, Vishvrattan Dr, Ambedkar Bhushan Award and letters of Apperciation, grandly and befittingly presented to him by Dr. Ambedkar organisations of India, United Kingdom and Germany, and many more in recognition of his unique services to Dr. Ambedkar and a reputed social worker of outstanding qualities. The felicitations and honours that he received are uniquely superb and ceremonious.

In Dr. Ambedkar's heroic, great, glorious history of liberating battle, he is assigned a golden chapter by reputed biographers, research scholars, eminent writers and journalists who have produced volumes of literature on Dr. Ambedkar, from the material and information readily given by him, gratefully acknowledged in their writings.

With his restless endeavours, Ambedkar Museum, set up by him at Nagpur, is going to be the historical monument and the world faous Buddhist Pilgrimage Centre. Apart, his efforts to build 'Ambedkar Guest House' for the convenience of the visitors is laudable

**With thanks from his book**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


# ਹਰੀਆਂ, ਪੀਲੀਆਂ ਅਤੇ ਲਾਲ ਬੱਤੀਆਂ



ਅਵਤਾਰ ਸਿੰਘ ਮਿਸ਼ਨਰੀ
510-432-5827

ਕਾਦਰ ਨੇ ਕੁਦਰਤਿ ਵਿੱਚ ਅਨੇਕ ਰੰਗ ਭਰੇ ਹਨ। ਦੁਨੀਆਂ ਰੰਗ ਬਰੰਗੀ ਹੈ। ਪਸ਼ੂ ਪੰਛੀ ਵੀ ਅਨੇਕ ਰੰਗੇ ਹਨ। ਹਰੇਕ ਰੰਗ ਦੀ ਆਪਣੀ-ਆਪਣੀ ਥਾਂ ਅਤੇ ਮਹਾਨਤਾ ਹੈ। ਚਿੱਟਾ ਰੰਗ ਅਮਨ ਦਾ ਪ੍ਰਤੀਕ ਹੈ, ਹਰਿਆਲਵਤਾ ਦਾ ਪ੍ਰਤੀਕ ਹਰਿਆ ਰੰਗ ਸਭ ਨੂੰ ਚੰਗਾ ਲਗਦਾ ਹੈ। ਚੰਗੀ ਸਿਹਤ ਲਈ ਲਾਲ ਅਤੇ ਪੀਲਾ ਬੀਮਾਰੀਆਂ ਦਾ ਪ੍ਰਤੀਕ ਮੰਨਿਆਂ ਗਿਆ ਹੈ। ਹਰਿਆ-ਪੀਲਾ ਰੰਗ ਖੁਸ਼ੀਆਂ, ਖੇੜਿਆਂ ਅਤੇ ਸਗਨਾਂ ਦਾ ਵੀ ਹੈ। ਟ੍ਰੈਫਕ ਬੱਤੀਆਂ ਵਿੱਚ ਲਾਲ ਰੰਗ ਰੁਕਣ ਅਤੇ ਜੰਗਾਂ ਯੁੱਧਾਂ ਵਿੱਚ ਖਤਰੇ ਦਾ ਪ੍ਰਤੀਕ ਮੰਨਿਆਂ ਗਿਆ ਹੈ। ਕਾਲਾ ਰੰਗ ਸੋਗ ਦਾ, ਨੀਲਾ ਤੇ ਸੁਰਮਈ ਰੰਗ ਖੁਸ਼ੀ ਅਤੇ ਬਹਾਦਰੀ ਦੇ ਪ੍ਰਤੀਕ ਹਨ। ਚਿੱਟਾ ਰੰਗ ਚਾਨਣ, ਠੰਡ, ਅਮਨ, ਕਾਲਾ ਰੰਗ ਹਨੇਰਾ, ਸੋਗ, ਗਰਮੀ ਅਤੇ ਲਾਲ ਰੰਗ ਖਤਰੇ ਅਤੇ ਰੁਕ ਜਾਣ ਦਾ ਵੀ ਪ੍ਰਤੀਕ ਹੈ। ਰੰਗ ਡਸਿਪਲਨ ਨਾਲ ਵੀ ਸਬੰਧ ਰੱਖਦੇ ਹਨ ਜਿਵੇਂ ਕਿਸੇ ਸਕੂਲ, ਜਮਾਤ ਜਾਂ ਫੌਜ਼ ਦੀ ਵਰਦੀ ਦੇ ਵੱਖਰੇ ਵੱਖਰੇ ਰੰਗ ਹੁੰਦੇ ਹਨ ਜੋ ਡਸਿਪਲਨ ਦੀ ਮਾਲਾ ਵਿੱਚ ਪਰੋਂਦੇ ਹਨ। ਹਰੇਕ ਦੇਸ਼ ਦੇ ਕੌਮੀ ਝੰਡਿਆਂ ਦੇ ਰੰਗ ਵੱਖ ਵੱਖ ਹੁੰਦੇ ਹਨ। ਰੰਗਾਂ ਨੂੰ ਧਰਮਾਂ ਨਾਲ ਵੀ ਜੋੜ ਦਿੱਤਾ ਗਿਆ ਹੈ ਜਿਵੇਂ ਚਿੱਟਾ ਈਸਾਈਆਂ ਦਾ, ਹਰਿਆ ਇਸਲਾਮ ਦਾ, ਇਨ੍ਹਾਂ ਦੇ ਝੰਡੇ ਹਰੇ ਹੁੰਦੇ ਹਨ। ਪੀਲਾ ਤੇ ਲਾਲ ਹਿੰਦੂਆਂ ਦਾ ਜਿਵੇਂ ਮੰਦਰਾਂ ਦੇ ਝੰਡੇ ਅਤੇ ਦੇਵੀਆਂ ਦੀਆਂ ਚੁੰਨੀਆਂ ਲਾਲ ਪੀਲੀਆਂ ਹੁੰਦੀਆਂ ਹਨ। ਗੂੜਾ ਸੂਹੀ ਬੋਧੀਆਂ ਦਾ, ਨੀਲਾ, ਸੁਰਮਈ ਅਤੇ ਕੇਸਰੀ ਸਿੱਖਾਂ ਦੇ ਜਿਵੇਂ ਗੁਰਦੁਆਰਿਆਂ ਦੇ ਨਿਸ਼ਾਨ ਸਾਹਿਬ ਨੀਲੇ, ਕੇਸਰੀ ਅਤੇ ਸੁਰਮਈ ਰੰਗੇ ਹੁੰਦੇ ਹਨ (ਨੋਟ- ਸਿੱਖ ਧਰਮ ਕਿਸੇ ਰੰਗ ਦਾ ਮੁਥਾਜ ਅਤੇ ਵਿਰੋਧੀ ਨਹੀਂ) ਬਿਜਨਸ ਵਿੱਚ ਰੰਗਾਂ ਦੀ ਚੋਣ ਕਰਕੇ ਬੁੱਕ ਵੀ ਕਰਾਉਣੇ ਪੈਂਦੇ ਹਨ ਜਿਵੇਂ ਟੈਕਸੀ ਕੰਪਨੀਆਂ ਨੇ ਆਪੋ ਆਪਣੀਆਂ ਟੈਕਸੀਆਂ ਦੇ ਰੰਗ ਚੁਣੇ ਹੁੰਦੇ ਹਨ ਆਦਿਕ।

ਆਪਾਂ ਗੱਲ ਕਰ ਰਹੇ ਸੀ ਹਰੀਆਂ, ਪੀਲੀਆਂ ਅਤੇ ਲਾਲ ਬੱਤੀਆਂ ਬਾਰੇ ਜਿਵੇਂ ਅੱਜ ਕਲ੍ਹ ਹਰੇਕ ਵਿਗਸਤ ਦੇਸ਼ ਦੇ ਵੱਡੇ ਵੱਡੇ ਸ਼ਹਿਰਾਂ ਦੇ ਚੌਂਕਾਂ-ਚੌਰਾਹਿਆਂ ਤੇ ਇਹ ਬੱਤੀਆਂ ਲੱਗੀਆਂ ਹੁੰਦੀਆਂ ਹਨ। ਹਰੀ ਬੱਤੀ ਜਾਣ ਦੀ, ਪੀਲੀ ਰੁਕਣ ਦੇ ਅਗਾਊਂ ਇਸ਼ਾਰੇ ਲਈ ਅਤੇ ਲਾਲ ਬੱਤੀ ਬਿਲਕੁਲ ਰੁਕ ਜਾਣ ਦਾ ਸੰਕੇਤ ਦਿੰਦੀ ਹੈ। ਇਹ ਟ੍ਰੈਫਕ ਦੇ ਰੂਲ ਹਨ ਜੇ ਡ੍ਰਾਈਵਰ ਇਨ੍ਹਾਂ ਦੀ ਪਾਲਣਾ ਕਰਦੇ ਹਨ ਉਹ ਸੇਫ ਰਹਿੰਦੇ ਹਨ ਅਤੇ ਇਨ੍ਹਾਂ ਰੂਲਾਂ ਦੀ ਅਵੱਗਿਆ ਕਰਨ



ਵਾਲੇ ਐਕਸੀਡੈਂਟ ਆਦਿਕ ਰਾਹੀਂ ਆਪਣਾ ਅਤੇ ਦੂਜਿਆਂ ਦਾ ਨੁਕਸਾਨ ਵੀ ਕਰ ਕਰਵਾ ਲੈਂਦੇ ਹਨ। ਉਨ੍ਹਾਂ ਨੂੰ ਕੋਟ ਕਚਹਿਰੀਆਂ ਦੇ ਚੱਕਰ ਕੱਟਣੇ ਪੈਂਦੇ ਅਤੇ ਟਿਕਟਾਂ ਆਦਿਕ ਦਾ ਖਰਚਾ ਵੀ ਭਰਨਾ ਪੈਂਦਾ ਹੈ। ਲਾਲ ਬੱਤੀ ਦੀ ਪ੍ਰਵਾਹ ਨਾਂ ਕਰਕੇ ਜਿੱਥੇ ਡਰੀਵਿੰਗ ਰੈਕਟ ਖਰਾਬ ਹੋ ਜਾਂਦਾ ਹੈ ਓਥੇ ਅਜਿਹਾ ਬਾਰ ਬਾਰ ਕਰਨ ਤੇ ਡਰਾਈਵਿੰਗ ਲਾਇਸੰਸ ਤੋਂ ਵੀ ਹੱਥ ਧੋਣੇ ਪੈਂਦੇ ਹਨ।

ਗੁਰਮਤਿ ਅਨੁਸਾਰ ਗੁਰਬਾਣੀ ਰਹਿਤ ਮਰਯਾਦਾ ਅਤੇ ਚੰਗੇ ਗੁਣ ਧਾਰਨੇ ਹਰੀ ਬੱਤੀ ਅਤੇ ਗੁਰਬਾਣੀ ਮਰਯਾਦਾ ਦੀ ਪ੍ਰਵਾਹ ਨਾਂ ਕਰਦੇ ਹੋਏ ਅਉਗੁਣਾਂ ਅਤੇ ਥੋਥੇ ਕਰਮਕਾਂਡਾਂ ਵਿੱਚ ਗਲਤਾਨ ਹੋਣਾ ਲਾਲ ਬੱਤੀ ਦਾ ਪ੍ਰਤੀਕ ਹੈ। ਜਿਵੇਂ ਅਸੀਂ ਟ੍ਰੈਫਕ (ਆਵਾਜਾਈ) ਦੇ ਨਿਯਮਾਂ ਦੀ ਪਾਲਣਾ ਕਰਕੇ ਐਕਸੀਡੈਂਟ ਆਦਿਕ ਖਤਰਿਆਂ ਤੋਂ ਬਚ ਸਕਦੇ ਹਾਂ ਇਵੇਂ ਹੀ ਜੇ ਅਸੀਂ ਗੁਰਬਾਣੀ ਦੀ ਸਿਖਿਆ, ਮਰਯਾਦਾ ਦੀ ਪਾਲਣਾ ਅਤੇ ਚੰਗੇ ਗੁਣ ਧਾਰਨ ਕਰਾਂਗੇ ਤਾਂ ਥੋਥੇ ਕਰਮਕਾਂਡਾਂ (ਉਹ ਕਰਮ ਜਿਨ੍ਹਾਂ ਦਾ ਆਪ ਅਤੇ ਦੂਜਿਆਂ ਨੂੰ ਕੋਈ ਫਾਇਦਾ ਨਾਂ ਹੋਵੇ ਸਗੋਂ ਧੰਨ ਤੇ ਸਮਾਂ ਬਰਬਾਦ ਹੋਵੇ ਅਤੇ ਭੇਖੀਆਂ ਦਾ ਤੋਰੀ ਫੁਲਕਾ ਚੱਲੇ ਆਦਿਕ) ਪਾਖੰਡੀ ਸਾਧਾਂ ਸੰਤਾਂ ਬਾਬਿਆਂ ਦੇ ਭਰਮਜਾਲ ਤੋਂ ਬਚਾਂਗੇ, ਚੰਗੇ ਕਰਮ ਅਤੇ ਗੁਣ ਧਾਰਨ ਕਰਕੇ ਆਪਣਾ, ਪ੍ਰਵਾਰ ਅਤੇ ਸਮਾਜ ਦਾ ਵੀ ਭਲਾ ਕਰਾਂਗੇ। ਕਿਰਤ ਕਰਨੀ, ਵੰਡ ਛੱਕਣਾ, ਨਾਮ ਜਪਣਾ ਹਰੀ ਬੱਤੀ, ਵਿਹਲੜ ਰਹਿ ਕੇ, ਦੂਜਿਆਂ ਤੇ ਬੋਝ ਬਣਨਾ ਅਤੇ ਕਰਤਾਰ ਨੂੰ ਭੁੱਲਣਾ ਹੀ ਲਾਲ ਬੱਤੀ ਦੇ ਪ੍ਰਤੀਕ ਹਨ। ਗੁਰਬਾਣੀ ਆਪ ਪੜ੍ਹਨੀ, ਵਿਚਾਰਨੀ ਅਤੇ ਧਾਰਨੀ ਹਰੀ ਬੱਤੀ ਅਤੇ ਇਸ ਦੇ ਉਲਟ ਭਾੜੇ ਦੇ ਪਾਠ, ਕੀਰਤਨ ਤੇ ਵਖਿਆਣ ਠੇਕੇ ਤੇ ਕਰਾਉਣੇ ਅਤੇ ਗੁਰਬਾਣੀ ਨੂੰ ਫਾਲੋ ਨਾਂ ਕਰਨਾ ਲਾਲ ਬੱਤੀ ਪਾਰ ਕਰਨਾ ਹੈ। ਜਿਵੇਂ ਲਾਲ ਤੋਂ ਪਹਿਲੇ ਪੀਲੀ ਬੱਤੀ ਜਗਦੀ ਹੈ ਜੋ ਰੁਕਣ ਲਈ ਇਸ਼ਾਰਾ ਕਰਦੀ ਹੈ ਇਸੇ ਤਰ੍ਹਾਂ ਜ਼ਮੀਰ ਦੀ ਅਵਾਜ਼ ਵੀ ਸਾਨੂੰ ਸੁਚੇਤ ਕਰਦੀ ਹੈ ਕਿ ਕੀ ਮਾੜਾ ਤੇ ਕੀ ਚੰਗਾ ਹੈ। ਜੇ ਅਸੀਂ ਸੁਣ ਕੇ ਰੁਕੀਏ ਅਤੇ ਵਿਚਾਰ ਕਰੀਏ ਤਾਂ ਸੁਖ ਨਹੀਂ ਤਾਂ ਲਾਲ ਬੱਤੀ ਪਾਰ ਕਰਦੇ ਭਾਵ ਗੁਰਬਾਣੀ ਸਿਧਾਤਾਂ ਨੂੰ ਵਿਸਾਰਦੇ ਦੁਖ ਪਾਵਾਂਗੇ। ਲਾਲ ਬੱਤੀ ਪਾਰ ਕਰਦੇ ਜੇ ਕੈਮਰੇ ਨੇ ਕੈਚ ਕਰ ਲਿਆ ਤਾਂ ਟਿਕਟ ਜੇ ਪੁਲਿਸ ਨੇ ਰੋਕ ਲਿਆ ਤਾਂ ਵੀ ਟਿਕਟ ਮਿਲੇਗੀ ਅਤੇ ਕੋਟ ਕਚਹਿਰੀਆਂ ਦਾ ਚੱਕਰ ਸ਼ੁਰੂ ਹੋ ਜਾਵੇਗਾ।

ਮਨੁੱਖਤਾ ਦੇ ਦਾਇਰੇ ਵਿੱਚ ਰਹਿਣਾ ਹਰੀ ਬੱਤੀ ਤੇ ਇਸ ਤੋਂ ਬਾਹਰ ਜਾਣਾ ਲਾਲ ਬੱਤੀ ਪਾਰ ਕਰਨਾ ਹੈ। ਸ਼ਬਦ ਗੁਰੂ ਨੂੰ ਛੱਡ ਕੇ ਪਾਖੰਡੀ ਦੇਹਧਾਰੀ ਗੁਰੂਆਂ ਦੇ ਮੱਗਰ ਲੱਗ ਕੇ ਧੰਨ, ਸਮਾਂ ਅਤੇ ਇਜ਼ਤ-ਆਬਰੂ ਬਰਬਾਦ ਕਰਨੀ ਲਾਲ ਬੱਤੀ ਪਾਰ ਕਰਨਾ ਹੈ। ਸਿੱਖ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਹਰੀ ਬੱਤੀ ਅਤੇ ਕੱਚੀ ਬਾਣੀ ਲਾਲ ਬੱਤੀ ਦੀ ਪ੍ਰਤੀਕ ਹੈ। ਬਾਕੀ ਗ੍ਰੰਥਾਂ ਦਾ ਅਧਿਐਨ ਅਤੇ ਕੰਮਪੈਰੇਟਿਵ ਸਟੱਡੀ ਕਰਨਾ ਪੀਲੀ ਬੱਤੀ ਦਾ ਪ੍ਰਤੀਕ ਹੈ ਪਰ ਬੁਰਬਾਣੀ ਨੂੰ ਛੱਡ ਕੇ ਉਨ੍ਹਾਂ ਦੇ ਹੀ ਮੱਗਰ ਲੱਗ ਜਾਣਾ ਲਾਲ ਬੱਤੀ ਲੰਘ ਜਾਣਾ ਹੈ। ਸਿੱਖ ਰਹਿਤ ਮਰਯਾਦਾ ਸਿੱਖ ਲਈ ਹਰੀ ਬੱਤੀ ਅਤੇ ਡੇਰਾਵਾਦੀ ਸਾਧਾਂ ਸੰਪ੍ਰਦਾਈਆਂ ਦੀ ਮਰਯਾਦਾ ਲਾਲ ਬੱਤੀ ਪਾਰ ਕਰਨਾ ਹੈ। ਸਿੱਖ ਲਈ ਰਹਿਤਾਂ ਰੱਖਣੀਆਂ ਹਰੀ ਬੱਤੀ ਅਤੇ ਕੁਰਹਿਤਾਂ ਕਰਨੀਆਂ ਲਾਲ ਬੱਤੀ ਦੀਆਂ ਪ੍ਰਤੀਕ ਹਨ। ਪਤੀ ਪਤਨੀ ਦਾ ਪਰਸਪਰ ਪਿਆਰ ਹਰੀ ਅਤੇ ਇਸ ਦੇ ਉਲਟ ਆਪ ਹੁਦਰੇ ਹੋ ਕੇ ਪਰਇਸਤ੍ਰੀ ਤੇ ਪਰ ਮਰਦ ਨਾਲ ਜਿਸਮਾਨੀ ਪਿਆਰ ਕਰਨਾਂ ਲਾਲ ਬੱਤੀ ਹੈ। ਜਾਤ-ਪਾਤ, ਛੂਆ-ਛਾਤ, ਉਚ-ਨੀਚ, ਚੁਗਲੀ ਨਿੰਦਿਆ, ਈਰਖਾ, ਸਾੜਾ, ਦਵੈਤ ਭਾਵਨਾ ਅਤੇ ਦੂਜਿਆਂ ਨਾਲ ਨਫਰਤ ਕਰਨੀ ਲਾਲ ਬੱਤੀ ਪਾਰ ਕਰਨਾ ਹੈ। ਸਤਿ, ਸੰਤੋਖ, ਦਇਆ, ਧਰਮ, ਹਲੀਮੀ, ਪ੍ਰੇਮ ਪਿਆਰ, ਸਤਿਕਾਰ, ਸਾਂਝੀਵਾਲਤਾ, ਸੇਵਾ, ਸਿਮਰਨ ਅਤੇ ਪਰਉਪਕਾਰ ਵਰਰਗੇ ਸਦ ਗੁਣ ਧਾਰਨ ਕਰਨੇ ਹਰੀ ਬੱਤੀ ਦੇ ਪ੍ਰਤੀਕ ਹਨ। ਧੜੇਬੰਦੀਆਂ ਅਤੇ ਵੱਖਵਾਦ ਪੈਦਾ ਕਰਕੇ ਪੰਥ ਨੂੰ ਖੇਰੂੰ-ਖੇਰੂੰ ਕਰਨਾ ਲਾਲ ਬੱਤੀ ਅਤੇ ਦੂਜੇ ਪਾਸੇ ਵੱਖ-ਵੱਖ ਜਥੇਬੰਦੀਆਂ ਹੁੰਦੇ ਹੋਏ ਪੰਥਕ ਏਕਤਾ ਦੀ ਮਾਲਾ ਦੇ ਮਣਕੇ ਬਣ ਕੇ ਰਹਿਣਾ ਹਰੀ ਬੱਤੀ ਵਿੱਚ ਚਲਣ ਦਾ ਪ੍ਰਤੀਕ ਹੈ।

ਜੇ ਕੋਈ ਪਹਿਲੀ ਵਾਰ ਲਾਲ ਬੱਤੀਆਂ ਟੱਪਣ ਦੀ ਉਲੰਘਣਾ ਕਰਦਾ ਹੈ ਤਾਂ ਟਿਕਟ ਮਿਲਦੀ ਹੈ, ਜਦ ਕੋਰਟ ਵਿਖੇ ਜੱਜ ਦੇ ਪੇਸ਼ ਹੁੰਦਾ ਹੈ ਤਾਂ ਬੇਨਤੀ ਕਰਨ ਤੇ ਜਾਂ ਜੱਜ ਦੇ ਮਨ ਮਿਹਰ ਪੈ ਜਾਵੇ ਤਾਂ ਉਹ ਕਮਿਊਨਟੀ ਸੇਵਾ ਲਾ ਕੇ ਸਜਾ ਮੁਆਫ ਕਰ ਦਿੰਦਾ ਹੈ ਪਰ ਦੂਜੀ ਵਾਰ ਜਾਂ ਬਾਰ ਬਾਰ ਅਜਿਹੀ ਗਲਤੀ ਦਾ ਜੁਰਮਾਨਾ ਭਰਨਾ ਹੀ ਪੈਂਦਾ ਹੈ। ਨਾਂ ਭਰਨ ਤੇ ਡ੍ਰਾਈਵੰਗ ਲਾਈਸੈਂਸ ਵੀ ਕੈਂਸਲ ਕੀਤਾ ਜਾ ਸਕਦਾ ਹੈ। ਇਵੇਂ ਹੀ ਗੁਰਮਤਿ ਵਿੱਚ ਗਲਤੀ ਮੰਨ ਲੈਣ ਤੇ ਮੁਆਫ ਕਰ ਦਿੱਤਾ ਜਾਂਦਾ ਹੈ ਪਰ ਬਾਰ ਬਾਰ ਵੱਡੀ ਗਲਤੀ (ਕੁਰਹਿਤ) ਕਰਨ ਤੇ ਹੱਥੀਂ ਸੇਵਾ ਕਰਨ ਦੀ ਸਜਾ ਲਾਈ ਜਾਂਦੀ ਹੈ ਤਾਂ ਕਿ ਉਸ ਵਿਆਕਤੀ ਦਾ ਮਨ ਸਾਫ ਹੋ ਜਾਵੇ। ਵਿਤ ਮੁਤਾਬਕ ਧੰਨ ਦੀ ਸਜਾ (ਡੰਨ) ਵੀ ਲਗਾਇਆ ਜਾ ਸਕਦਾ ਹੈ। ਗੁਰੂ ਪ੍ਰਮੇਸ਼ਰ ਸਦਾ ਬਖਸ਼ੰਦ ਹੈ-ਜੈਸਾ ਬਾਲਕੁ ਭਾਇ ਸੁਭਾਇ ਲਖ ਅਪਰਾਧ ਕਮਾਵੈ॥ ਕਰਿ ਉਪਦੇਸੁ ਝਿੜਕੇ ਬਹੁ ਭਾਂਤੀ ਬਹੁੜਿ ਪਿਤਾ ਗਲਿ ਲਾਵੈ॥ ਪਿਛਲੇ ਅਉਗੁਣ ਬਖਸ਼ਿ ਲੈ ਪ੍ਰਭੁ ਆਗੈ ਮਾਰਗਿ ਪਾਵੈ॥ (੬੨੪) ਪਰ ਪ੍ਰਮਾਤਮਾਂ ਪਾਪੀਆਂ ਨੂੰ ਡੰਡ ਵੀ ਦਿੰਦਾ ਹੈ-ਪਾਪੀ ਕਉ ਡੰਡੁ ਦੀਓਇ॥ (੮੯) ਸੋ ਸਿੱਖ ਨੇ ਜਾਣ ਬੁੱਝ ਕੇ ਲਾਲ ਬੱਤੀਆਂ ਪਾਰ ਨਹੀਂ ਕਰਨੀਆਂ ਹਾਂ ਅਣਜਾਣੇ ਜਾਂ ਐਮਰਜੰਸੀ ਅਜਿਹਾ ਹੋ ਜਾਵੇ ਤਾਂ ਵੱਖਰੀ ਗੱਲ ਹੈ। ਸਿੱਖ ਵਾਸਤੇ ਸਭ ਤੋਂ ਵੱਡੀ ਭੁੱਲ ਗੁਰੂ ਪ੍ਰਮੇਸ਼ਰ ਨੂੰ ਭੁੱਲ ਜਾਣਾ ਜਾਂ ਗੁਰੂ ਦੇ ਬਰਾਬਰ ਕਿਸੇ ਮਨੁੱਖ ਨੂੰ ਮਾਨਤਾ ਦੇਣਾ ਹੈ। ਅਜੋਕੇ ਅਣਜਾਣ, ਮਨਮੁਖ ਅਤੇ ਮਾਇਆਧਾਰੀ ਸਿੱਖ ਮਨਮਤਿ ਕਰਨ ਰੂਪ ਲਾਲ ਬੱਤੀਆਂ ਪਾਰ ਕਰੀ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਿਸੇ ਹੋਰ ਅਖੌਤੀ ਦਸਮ ਗ੍ਰੰਥ ਦਾ ਪ੍ਰਕਾਸ਼ ਕਰਨਾ ਭਾਰੀ ਅਵੱਗਿਆ ਰੂਪੀ ਲਾਲ ਬੱਤੀ ਪਾਰ ਕਰਨਾ ਹੈ। ਇਹ ਸਭ ਕੁਝ ਸੰਪ੍ਰਦਾਈ ਡੇਰੇਦਾਰ ਕਰੀ ਕਰਾਈ ਜਾ ਰਹੇ ਹਨ ਜੋ ਪਾਠੀਆਂ, ਗ੍ਰੰਥੀਆਂ, ਰਾਗੀਆਂ, ਕਥਾਵਾਚਕਾਂ, ਸੰਤ ਬਾਬਿਆਂ, ਪ੍ਰਬੰਧਕਾਂ ਅਤੇ ਅਖੌਤੀ ਸਿੰਘ ਸਹਬਾਨਾਂ ਦੇ ਰੂਪ ਵਿੱਚ ਸੇਵਾ ਕਰਨ ਦੇ ਬਹਾਨੇ ਧਰਮ ਅਸਥਾਨਾਂ ਵਿੱਚ ਕਾਬਜ ਹੋ ਕੇ ਕਰ ਰਹੇ ਹਨ। ਗੁਰਬਾਣੀ ਦੇ ਪ੍ਰਚਾਰ ਨਾਲੋਂ ਕੱਚੀ ਬਾਣੀ, ਧੜੇਬੰਧੀ, ਬੇਲੋੜੀਆਂ ਸੰਗਮਰੀ ਬਿਲਡਿੰਗਾਂ ਉਸਾਰਨ ਅਤੇ ਸੋਨੇ ਦੇ ਕਲਸ ਚੜ੍ਹਾਉਣ ਦਾ ਵੱਧ ਪ੍ਰਚਾਰ ਹੋ ਰਿਹਾ ਹੈ। ਅਨਮਤੀ ਮਰਯਾਦਾ, ਕਰਮਕਾਂਡ ਅਤੇ ਤਿਉਹਾਰ ਜਿਵੇਂ ਮਸਿਆ, ਪੁੰਨਿਆਂ, ਸੰਗਰਾਂਦ, ਦਸਵੀਂ, ਪੰਚਕਾਂ ਆਦਿਕ ਗੁਰਦੁਆਰਿਆਂ ਵਿੱਚ ਮਨਾ ਕੇ ਲਾਲ ਬੱਤੀਆਂ ਪਾਰ ਕੀਤੀਆਂ ਜਾ ਰਹੀਆਂ ਹਨ। ਰਾਜਨੀਕ ਤੇ ਧਾਰਮਿਕ ਸਿੱਖ ਵੋਟਾਂ ਖਾਤਰ ਗੁਰਮਤਿ ਵਿਰੋਧੀ ਡੇਰਿਆਂ ਤੇ ਜਾਣ ਰੂਪ ਲਾਲ ਬੱਤੀਆਂ ਪਾਰ ਕਰੀ ਜਾ ਰਹੇ ਹਨ। ਪੈਸਾ, ਚੌਧਰ ਤੇ ਵੋਟਾਂ ਹੀ ਲੀਡਰਾਂ ਦਾ ਨਿਸ਼ਾਨਾ ਬਣਦਾ ਜਾ ਰਿਹਾ ਹੈ। ਕੌਮ ਦੇ ਵੱਡੇ ਧਾਰਮਿਕ ਆਗੂ ਰਾਜਨੀਤਕਾਂ ਦੇ ਪਿੱਛੇ ਲੱਗ ਕੇ ਉਨ੍ਹਾਂ ਦੇ ਦਬਾਅ ਹੇਠ ਗਲਤ ਫੈਸਲੇ ਕਰਕੇ ਆਏ ਦਿਨ ਲਾਲ ਬੱਤੀਆਂ ਪਾਰ ਕਰੀ ਜਾ ਰਹੇ ਹਨ। ਸੋ ਗੁਰਸਿੱਖੋ! ਸਿੱਖ ਅਸੀਂ ਸ਼ਬਦ ਗੁਰੂ ਗ੍ਰੰਥ ਜੀ ਦੇ ਹਾਂ ਇਸ ਕਰਕੇ ਗੁਰੂ ਦੀ ਸਿਖਿਆ ਤੇ ਚੱਲਣ ਰੂਪ ਹਰੀ ਬੱਤੀ ਹੀ ਪਾਰ ਕਰੀਏ ਨਾਂ ਕਿ ਅਖੌਤੀ ਸਾਧਾਂ ਦੀ ਬ੍ਰਾਹਮਣਵਾਦੀ ਸਿਖਿਆ ਲੈ ਕੇ ਲਾਲ ਬੱਤੀਆਂ ਪਾਰ ਕਰੀ ਜਾਈਏ। ਲਾਲ ਬੱਤੀਆਂ ਖਤਰੇ ਦੀ ਘੰਟੀ ਹਨ ਇਸ ਕਰਕੇ ਸਾਨੂੰ ਖਤਰੇ ਦੀ ਘੰਟੀ ਸੁਣ ਕੇ ਜਾਂ ਖਤਰੇ ਦਾ ਨਿਸ਼ਾਨ ਦੇਖ ਕੇ ਰੁਕਣਾ ਚਾਹੀਦਾ ਹੈ। ਜਿਵੇਂ ਡ੍ਰਾਈਵਰ ਟ੍ਰੈਫਕ ਦੇ ਨਿਯਮਾਂ ਦੀ ਪਾਲਣਾ ਕਰਦਾ ਹੈ ਤਾਂ ਖਤਰਿਆਂ ਤੋਂ ਬਚਿਆ ਰਹਿੰਦਾ ਹੈ ਨਹੀਂ ਤਾਂ ਨੁਕਸਾਨ ਕਰਵਾਂਦਾ ਰਹਿੰਦਾ ਹੈ। ਇਵੇਂ ਹੀ ਜੋ ਸਿੱਖ ਗੁਰੂ ਪ੍ਰਮੇਸ਼ਰ ਦੀ ਸਿਖਿਆ ਤੇ ਚਲਦਾ ਹੈ ਲਾਲ ਬੱਤੀਆਂ ਟੱਪਣ ਰੂਪੀ ਅਨਮਤੀ ਅਤੇ ਮਨਮੱਤੀ ਆਦਿਕ ਸਭ ਖਤਰਿਆਂ ਤੋਂ ਬਚਿਆ ਰਹਿ ਕੇ ਜ਼ਿੰਦਗੀ ਰੂਪੀ ਕਾਰ ਨੂੰ ਇੱਕ ਚੰਗੇ ਡ੍ਰਾਈਵਰ ਵਾਂਗ ਚਲਾ ਕੇ, ਗੁਰੂ ਦੀ ਸਿਖਿਆ ਰੂਪ ਹਰੀਆਂ ਬੱਤੀਆਂ ਹੀ ਪਾਰ ਕਰਦਾ ਹੈ, ਪੀਲੀਆਂ ਦੇਖ ਭਾਵ ਖਤਰੇ ਦਾ ਇਸ਼ਾਰਾ ਦੇਖ ਕੇ ਗੁਰਮਤਿ ਦੇ ਉਲਟ ਜਾਣ ਰੂਪ ਲਾਲ ਬੱਤੀਆਂ ਪਾਰ ਨਹੀਂ ਕਰਦਾ।ਗੁਰਮਤਿ ਦੀ ਲਾਲ ਬੱਤੀ ਸਾਨੂੰ ਡੇਰੇਦਾਰ ਸਾਧਾਂ ਕੋਲ ਜਾਣ ਤੋਂ ਰੋਕਦੀ ਹੈ ਪਰ ਅਸੀਂ ਬਹੁਤ ਸਾਰੇ ਇਸ ਨੂੰ ਵਿਸਾਰ ਕੇ ਲੰਘੀ ਜਾ ਰਹੇ ਹਾਂ ਭਾਵ ਡੇਰੇਦਾਰ ਸਾਧਾਂ ਕੋਲ ਜਾਣ ਤੋਂ ਨਹੀਂ ਰੁਕਦੇ ਅਤੇ ਸਾਧ ਵੀ ਗੁਰਦੁਆਰਿਆਂ ਵਿੱਚ ਧੜਾ ਧੜ ਸਟੇਜਾਂ ਤੇ ਆ ਕੇ ਕੱਚੀ ਬਾਣੀ ਰਾਹੀਂ ਬ੍ਰਾਹਮਣਵਾਦ ਦਾ ਪ੍ਰਚਾਰ ਕਰੀ ਜਾ ਰਹੇ ਹਨ। ਇਨ੍ਹਾਂ ਸਾਧਾਂ ਨੂੰ ਰੋਕਣ ਲਈ ਵੀ ਲਾਲ ਬੱਤੀਆਂ, ਸਟਾਪ ਸਾਈਨਾਂ ਰੂਪ ਜਾਗਰੂਕ ਪਹਿਰੇਦਾਰ ਗੁਰਸਿੱਖ ਪਲੀਸ ਵੀ ਹੋਣੀ ਚਾਹੀਦੀ ਹੈ ਜੋ ਇਨ੍ਹਾਂ ਬੂਬਣੇ ਸਾਧਾਂ ਅਤੇ ਇਨ੍ਹਾਂ ਦੇ ਪਿਛਲੱਗ ਢੌਂਗੀ ਲੀਡਰਾਂ ਦਾ ਚਲਾਣ ਕੱਟ ਕੇ ਮਨਮਤਿ ਰੋਕਣ ਰੂਪ ਸਜਾ ਦੇ ਸੱਕੇ।

ਗੁਰਸ਼ਬਦ ਦੀ ਖੋਜੀ ਬਿਰਤੀ ਨਾਲ ਵਿਚਾਰ ਕਰਕੇ ਅਮਲ ਕਰਨਾ ਹੀ ਸਿੱਖ ਲਈ ਹਰੀ ਬੱਤੀ ਹੈ-ਸਭ ਸੈ ਊਪਰਿ ਗੁਰ ਸ਼ਬਦੁ ਵੀਚਾਰੁ॥ (੯੦੪) ਸਿੱਖ ਦੁਨੀਆਂ ਦੀ ਹਰੇਕ ਚੰਗੀ ਚੀਜ਼ ਤੋਂ ਸਿੱਖਿਆ ਲੈਂਦਾ ਹੈ ਇਵੇਂ ਹੀ ਇਸ ਲੇਖ ਵਿੱਚ ਹਰੀਆਂ, ਪੀਲੀਆਂ ਅਤੇ ਲਾਲ ਬੱਤੀਆਂ ਨੂੰ ਪ੍ਰਤੀਕ ਬਣਾ ਕੇ ਗੁਰਮਤਿ ਸਿਖਿਆ ਦੀ ਵੀਚਾਰ ਕੀਤੀ ਗਈ ਹੈ। ਸੋ ਸਾਨੂੰ ਗੁਰਸਿਖਿਆ ਰੂਪੀ ਹਰੀਆਂ, ਪੀਲੀਆਂ ਅਤੇ ਲਾਲ ਬੱਤੀਆਂ ਨੂੰ ਫਾਲੋ ਕਰਕੇ ਮਨੁੱਖਾ ਜੀਵਨ ਦੀ ਗੱਡੀ ਬੜੇ ਧਿਆਨ ਨਾਲ ਚਲਾਉਣੀ ਚਾਹੀਦੀ ਹੈ ਤਾਂ ਕਿ ਭੇਖੀ ਸਾਧਾਂ, ਨਕਲੀ ਗੁਰੂਆਂ, ਫਜ਼ੂਲ ਦੇ ਕਰਮਕਾਂਡਾਂ, ਵਹਿਮਾਂ-ਭਰਮਾਂ, ਜਾਤਾਂ-ਪਾਤਾਂ, ਛੂਆ-ਛਾਤਾਂ, ਧਰਮ ਦੇ ਨਾਂ ਤੇ ਧੰਦਿਆਂ, ਧੜੇਬੰਦੀਆਂ ਦੀ ਫੁੱਟ, ਭਰਾ ਮਾਰੂ ਜੰਗ, ਡੇਰਿਆਂ ਤੇ ਧੀਆਂ ਭੈਣਾ ਨੂੰ ਘੱਲਣ ਰੂਪ ਆਦਿਕ ਕੁਕਰਮਾਂ ਤੋਂ ਬਚਿਆ ਜਾ ਸੱਕੇ।

# ਉੱਤਰੀ ਕੈਰੋਲੀਨਾ ਵਿਚ ਖਾਦ ਪਲਾਂਟ ਨੂੰ ਲੱਗੀ ਭਿਆਨਕ ਅੱਗ ਨਾਲ ਭਾਰੀ ਨੁਕਸਾਨ

**ਸੈਕਾਰਮੈਂਟੋ 2 ਫਰਵਰੀ (ਹੁਸਨ ਲੜੋਆ ਬੰਗਾ)**- ਉੱਤਰੀ ਕੈਰੋਲੀਨਾ ਦੇ ਵਿੰਸਟਨ-ਸਾਲੇਮ ਵਿਚ ਵਿੰਸਟਨ ਵੀਵਰ ਫਰਟੀਲਾਈਜ਼ਰ ਪਲਾਂਟ ਨੂੰ ਲੱਗੀ ਭਿਆਨਕ ਅੱਗ ਕਾਰਨ ਆਸ ਪਾਸ ਦੇ ਖੇਤਰ ਵਿਚ ਰਹਿੰਦੇ ਲੋਕਾਂ ਨੂੰ ਉਥੋਂ ਹਟਾ ਦਿੱਤਾ ਗਿਆ। ਅੱਗ ਨਾਲ ਪਲਾਂਟ ਦਾ ਕਾਫੀ ਨੁਕਸਾਨ ਹੋਣ ਦੀ ਰਿਪੋਰਟ ਹੈ। ਵਿੰਸਟਨ ਸਾਲੇਮ ਦੇ ਅੱਗ ਬੁਝਾਊ ਵਿਭਾਗ ਦੇ ਮੁੱਖੀ ਟਰੇ ਮਾਯੋ ਨੇ ਦਸਿਆ ਕਿ ਅੱਗ ਨੂੰ ਅੱਗੇ ਫੈਲਣ ਤੋਂ ਰੋਕ ਲਿਆ ਗਿਆ ਹੈ। 6000 ਦੇ ਆਸ ਪਾਸ ਸਥਾਨਕ ਵਾਸੀਆਂ ਨੂੰ ਉਥੋਂ ਕੱਢਿਆ



ਗਿਆ ਹੈ ਜਿਨਾਂ ਵਿਚ ਵੇਕ ਫਾਰੈਸਟ ਯੁਨੀ-ਵਰਸਿਟੀ ਦੇ ਵਿਦਿਆਰਥੀ ਤੇ ਨਾਲ ਲੱਗਦੀ ਜੇਲ ਦੇ 200 ਤੋਂ ਵਧ ਕੈਦੀ ਸ਼ਾਮਿਲ ਹਨ। ਉਨਾਂ ਦੱਸਿਆ ਕਿ ਪਲਾਂਟ ਵਿਚ 600 ਟਨ ਅਮੋਨੀਅਮ ਨਾਈਟਰੇਟ ਤੇ 5000 ਟਨ ਤਿਆਰ ਖਾਦ ਮੌਜੂਦ ਸੀ। ਅੱਗ ਲੱਗਣ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਅੱਗ ਨਾਲ ਹੋਏ ਨੁਕਸਾਨ ਦਾ ਅਨੁਮਾਨ ਲਾਇਆ ਜਾ ਰਿਹਾ ਹੈ। ਪਲਾਂਟ ਦੇ ਇਕ ਕਿਲੋਮੀਟਰ ਘੇਰੇ ਵਿਚ ਰਹਿੰਦੇ ਲੋਕਾਂ ਨੂੰ ਚੌਕਸ ਰਹਿਣ ਲਈ ਕਿਹਾ ਗਿਆ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਵਿਦਿਆਰਥੀਆਂ ਦਾ ਕਰਜਾ ਮੁਆਫ ਕਰਨ ਦੇ ਪ੍ਰੋਗਰਾਮ ਨੂੰ ਲਾਗੂ ਨਹੀਂ ਕਰ ਸਕਿਆ ਬਾਈਡਨ ਪ੍ਰਸ਼ਾਸਨ

## 70000 ਵਿਅਕਤੀ 5 ਅਰਬ ਡਾਲਰ ਦੀ ਰਾਹਤ ਦੀ ਉਡੀਕ ਵਿੱਚ

**ਸੈਕਰਾਮੈਂਟੋ 21 ਜਨਵਰੀ (ਹੁਸਨ ਲੜੋਆ ਬੰਗਾ)–** ਵਿਵਾਦਤ ਕਰਜਾ ਮੁਆਫੀ ਪ੍ਰੋਗਰਾਮ ਜਿਸ ਤਹਿਤ 22000 ਵਿਦਿਆਰਥੀਆਂ ਦਾ ਕਰਜਾ ਖਤਮ ਕਰ ਦੇਣ ਦਾ ਅਨੁਮਾਨ ਲਾਇਆ ਗਿਆ ਸੀ, ਉਪਰ ਅਮਲ ਨਾ ਹੋਣ ਕਾਰਨ ਕਰਜਾ ਮੁਆਫੀ ਦੀ ਉਡੀਕ ਕਰਨ ਵਾਲਿਆਂ ਦੀ ਕਤਾਰ ਲੰਬੀ ਹੁੰਦੀ ਜਾ ਰਹੀ ਹੈ। 'ਯੂ ਐਸ ਡਿਪਾਰਟਮੈਂਟ ਆਫ ਐਜੂਕੇਸ਼ਨ' ਨੇ ਰਾਸ਼ਟਰਪਤੀ ਜੋ ਬਾਈਡਨ ਦੇ ਕਾਰਜਕਾਲ ਦਾ ਇਕ ਵਰ੍ਹਾ ਪੂਰਾ ਹੋਣ 'ਤੇ ਕਰਜਾ ਮੁਆਫੀ ਦੇ ਅੰਕੜੇ ਜਾਰੀ ਕੀਤੇ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਕਰਜਾ ਮੁਆਫੀ ਦੇ ਪ੍ਰੋਗਰਾਮ ਉਪਰ ਅਮਲ ਨਹੀਂ ਹੋਇਆ।

ਕਰਜਾ ਮੁਆਫੀ ਦਾ ਪ੍ਰੋਗਰਾਮ 2007 ਵਿਚ ਸ਼ੁਰੂ ਕੀਤਾ ਗਿਆ ਸੀ ਜਿਸ ਤਹਿਤ ਉਨ੍ਹਾਂ ਵਿਦਿਆਰਥੀਆਂ ਦਾ ਕਰਜਾ ਮੁਆਫ ਕੀਤਾ ਜਾਣਾ ਸੀ ਜੋ ਪੜ੍ਹਾਈ ਤੋਂ ਬਾਅਦ ਅਧਿਆਪਕ, ਪੁਲਿਸ ਅਫਸਰ, ਅੱਗ ਬੁਝਾਊ ਵਿਭਾਗ ਜਾਂ ਹੋਰ ਜਨਤਿਕ ਸੇਵਾਵਾਂ ਵਿਚ 10 ਸਾਲ ਨੌਕਰੀ ਕਰਨਗੇ। ਅਸਲ ਵਿਚ ਸੰਘੀ ਸਰਕਾਰ ਨੇ ਅੱਜ ਤੱਕ ਕਿਸੇ ਦੇ ਵੀ ਕਰਜੇ ਉਪਰ ਲਕੀਰ ਨਹੀਂ ਫੇਰੀ।

ਬਾਈਡਨ ਪ੍ਰਸ਼ਾਸਨ ਨੇ ਪਿਛਲੇ ਸਾਲ ਅਕਤੂਬਰ ਵਿਚ ਮਾਪ ਦੰਡਾਂ ਨੂੰ ਨਰਮ ਕੀਤਾ ਸੀ ਤੇ ਅੰਦਾਜਾ ਲਾਇਆ ਸੀ ਕਿ 22000 ਤੋਂ ਵਧ ਵਿਅਕਤੀਆਂ ਦਾ ਫੌਰੀ ਕਰਜਾ ਖਤਮ ਹੋ ਜਾਵੇਗਾ ਤੇ 27000 ਹੋਰ ਵਿਅਕਤੀ ਨੌਕਰੀ ਕਰਨ ਦਾ ਸਬੂਤ ਦੇਣ ਉਪਰੰਤ ਇਸ ਦੇ ਯੋਗ ਹੋ ਜਾਣਗੇ। ਬਾਈਡਨ ਪ੍ਰਸ਼ਾਸਨ ਦਾ ਅਨੁਮਾਨ ਸੀ ਕਿ ਪ੍ਰੋਗਰਾਮ ਵਿਚ ਤਬਦੀਲੀਆਂ ਨਾਲ 5,50,000 ਕਰਜਦਾਰਾਂ ਨੂੰ ਲਾਭ ਹੋ ਸਕਦਾ ਹੈ। ਵਿਭਾਗ ਤੋਂ ਮਿਲੇ ਅੰਕੜਿਆਂ ਅਨੁਸਾਰ ਇਸ ਵੇਲੇ ਮੋਟੇ ਤੌਰ 'ਤੇ 70000 ਵਿਅਕਤੀ 5 ਅਰਬ ਡਾਲਰ ਰਾਹਤ ਦੀ ਉਡੀਕ ਵਿਚ ਹਨ। ਸਿੱਖਿਆ ਵਿਭਾਗ ਦੇ ਅੰਡਰ ਸੈਕਟਰੀ ਜੇਮਜ ਕਵਾਲ ਨੇ ਇਸ ਬਾਰੇ ਪ੍ਰਤੀਕ੍ਰਿਆ ਦਿੰਦਿਆਂ ਕਿਹਾ ਹੈ ਕਿ ਜਿਨ੍ਹਾਂ ਵਿਅਕਤੀਆਂ ਨੇ ਜਨਤਿਕ ਸੇਵਾ ਵਿਚ ਪੂਰਾ ਦਹਾਕਾ ਕੰਮ ਕੀਤਾ ਹੈ, ਉਨ੍ਹਾਂ ਨੂੰ ਰਾਹਤ ਮਿਲਣੀ ਚਾਹੀਦੀ ਹੈ ਪਰੰਤੂ 'ਸਿਸਟਮ' ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ।

ਉਨ੍ਹਾਂ ਕਿਹਾ ਕਿ 'ਅਧਿਆਪਕ, ਨਰਸਾਂ, ਫਸਟ ਰਿਸਪਾਂਡਰਜ ਤੇ ਹਜਾਰਾਂ ਹੋਰ ਵਰਕਰ ਵਿਸ਼ੇਸ਼ ਕਰਕੇ ਇਸ ਮਹਾਂਮਾਰੀ ਦੇ ਦੌਰ ਵਿਚ ਸਾਡੀ ਰੀੜ ਦੀ ਹੱਡੀ ਹਨ ਤੇ ਬਾਈਡਨ ਪ੍ਰਸ਼ਾਸਨ ਵੀ ਆਪਣੇ ਇਕ ਸਾਲ ਦੇ ਕਾਰਜਕਾਲ ਦੌਰਾਨ ਇਹ ਗੱਲ ਦੁਹਰਾਉਂਦਾ ਆਇਆ ਹੈ।'

ਇਸ ਵੇਲੇ ਬਾਈਡਨ ਪ੍ਰਸ਼ਾਸਨ ਕਰਜਾ ਮੁਆਫੀ ਦੇ ਪ੍ਰੋਗਰਾਮ ਨੂੰ ਲੈ ਕੇ ਭਾਰੀ ਦਬਾਅ ਹੇਠ ਹੈ। ਉਂਝ ਸਿੱਖਿਆ ਵਿਭਾਗ ਬਾਈਡਨ ਪ੍ਰਸ਼ਾਸਨ ਵੱਲੋਂ ਕਾਰਜਭਾਰ ਸੰਭਾਲਣ ਉਪਰੰਤ 6,75,000 ਕਰਜਦਾਰਾਂ ਦੇ ਤਕਰੀਬਨ 15 ਅਰਬ ਡਾਲਰ ਦੇ ਕਰਜੇ ਉਪਰ ਲਕੀਰ ਫੇਰ ਚੁੱਕਾ ਹੈ ਪਰੰਤੂ ਇਹ ਕਰਜਾ ਮੁਆਫੀ ਉਨ੍ਹਾਂ ਲੋਕਾਂ ਦੀ ਹੋਈ ਹੈ ਜੋ ਸਥਾਈ ਤੌਰ 'ਤੇ ਅਪਾਹਜ਼ ਹੋ ਗਏ ਹਨ ਜਾਂ ਸਕੂਲਾਂ ਦੁਆਰਾ ਧੋਖੇ ਦਾ ਸ਼ਿਕਾਰ ਹੋਏ ਹਨ।

## ਇੰਟਰਨੈਸ਼ਨਲ ਢਾਡੀ ਜਥਾ ਗਿਆਨੀ ਲਖਬੀਰ ਸਿੰਘ ਜੀ ਕੋਮਲ ਅਮਰੀਕਾ ਫੇਰੀ 'ਤੇ



**ਨਿਊਯਾਰਕ (ਰਾਜ ਗੋਗਨਾ)–** ਛੇਵੇਂ ਪਾਤਿਸਾਹ ਧੰਨ ਗੁਰੂ ਹਰਿਗੋਬਿੰਦ ਮਹਾਰਾਜ ਜੀ ਵੱਲੋਂ ਚਲਾਈ ਢਾਢੀ ਪਰੰਪਰਾ ਨੂੰ ਅੱਗੇ ਵਧਾਉਂਦੇ ਢਾਢੀ ਗਿਆਨੀ ਲਖਵੀਰ ਸਿੰਘ ਕੋਮਲ ਆਪਣੇ ਜਥੇ ਢਾਢੀ ਕਰਮ ਸਿੰਘ ਤਾਲਬ ਅਤੇ ਸਾਰੰਗੀ ਮਾਸਟਰ ਸੀਤਲ ਸਿੰਘ ਨਾਲ ਆਪਣੀ ਅਮਰੀਕਾ ਫੇਰੀ ਦੌਰਾਨ ਨਿਊਯਾਰਕ ਪਹੁੰਚੇ ਹਨ।

ਨਿਊਯਾਰਕ ਵਿੱਚ ਗੁਰਦੁਆਰਾ ਸਿੱਖ ਕਲਚਰ ਸੁਸਾਇਟੀ ਵਿਖੇ ਢਾਢੀ ਵਾਰਾ ਅਤੇ ਗੁਰ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕਰ ਰਹੇ ਹਨ। ਸੰਗਤਾਂ ਗੁਰੂ ਘਰ ਪਹੁੰਚਕੇ ਲਾਹੇ ਪ੍ਰਾਪਤ ਕਰ ਸਕਦੀਆਂ ਹਨ। ਜਥੇ ਨਾਲ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ ਢਾਡੀ ਲਖਵੀਰ ਸਿੰਘ ਕੋਮਲ: 3474217254, ਢਾਡੀ ਭਾਈ ਕਰਮ ਸਿੰਘ ਤਾਲਿਬ 9294351881 ਅਤੇ ਸਰੰਗੀ ਮਾਸਟਰ ਸੀਤਲ ਸਿੰਘ ਦਾ ਨੰ 3474357963 ਹੈ।

## ਉਤਰ ਪੂਰਬ ਅਮਰੀਕਾ ਵਿਚ ਆਏ ਬਰਫ਼ੀਲੇ ਤੂਫਾਨ ਕਾਰਨ ਜਨ-ਜੀਵਨ ਬੁਰੀ ਤਰਾਂ ਪ੍ਰਭਾਵਿਤ, ਬਿਜਲੀ ਗੁੱਲ, ਹਵਾਈ ਉਡਾਣਾਂ ਰੱਦ

**ਸੈਕਰਾਮੈਂਟੋ 30 ਜਨਵਰੀ (ਹੁਸਨ ਲੜੋਆ ਬੰਗਾ)–**ਉਤਰ ਪੂਰਬ ਅਮਰੀਕਾ ਵਿਚ ਚਲ ਰਹੇ ਜਬਰਦਸਤ ਬਰਫ਼ੀਲੇ ਤੂਫਾਨ ਕਾਰਨ ਜਨ-ਜੀਵਨ ਬੁਰੀ ਤਰਾਂ ਪ੍ਰਭਾਵਿਤ ਹੋਇਆ ਹੈ ਤੇ ਲੋਕਾਂ ਦਾ ਘਰਾਂ ਵਿਚੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਗਿਆ ਹੈ। ਕਈ ਖੇਤਰਾਂ ਵਿਚ ਅਧਿਕਾਰੀਆਂ ਨੇ ਗੈਰ ਹੰਗਾਮੀ ਯਾਤਰਾ ਉਪਰ ਰੋਕ ਲਾ ਦਿੱਤੀ ਹੈ ਤੇ ਡਰਾਈਵਰਾਂ ਨੂੰ ਗੱਡੀਆਂ ਨਾ ਚਲਾਉਣ ਲਈ ਕਿਹਾ ਗਿਆ ਹੈ। ਫਲਾਈਟ ਅਵੇਅਰ ਅਨੁਸਾਰ ਹਜਾਰਾਂ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਨਿਊਆਰਕ ਲਿਬਰਟੀ ਇੰਟਰਨੈਸ਼ਨਲ ਏਅਰ ਪੋਰਟ ਨਿਊਜਰਸੀ ਨੇ ਇਕ ਪ੍ਰੈਸ ਰਲੀਜ ਵਿਚ ਕਿਹਾ ਹੈ ਕਿ ਤੂਫਾਨ ਕਾਰਨ 85% ਸੂਚੀਬੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਮੈਸਾਚੂਸੈਟਸ ਵਿਚ ਇਕ ਲੱਖ ਤੋਂ ਵੱਧ ਖਪਤਕਾਰ ਬਿਜਲੀ ਤੋਂ ਬਿਨਾਂ ਰਹਿ ਰਹੇ ਹਨ। ਇਹ ਹੀ ਹਾਲ ਕੁਝ ਹੋਰ ਖੇਤਰਾਂ ਦਾ ਹੈ। ਐਕੂਵੈਦਰ ਅਨੁਸਾਰ ਦੱਖਣੀ ਤੇ ਪੂਰਬੀ ਨਿਊ



ਇੰਗਲੈਂਡ ਸਮੇਤ ਮੱਧ ਐਟਲਾਂਟਿਕ ਤੱਟੀ ਖੇਤਰ ਵਿਚ ਅਜੇ ਹੋਰ ਬਿਜਲੀ ਸੇਵਾ ਪ੍ਰਭਾਵਤ ਹੋਣ ਦੀ ਸੰਭਾਵਨਾ ਹੈ। ਲੋਕਾਂ ਨੂੰ ਹਾਲਾਤ ਦਾ ਸਾਹਮਣਾ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਕੌਮੀ ਮੌਸਮ ਸੇਵਾ ਅਨੁਸਾਰ ਬਰਫੀਲਾ ਤੂਫਾਨ ਮੱਧ ਐਟਲਾਂਟਿਕ ਤੱਟ ਤੋਂ ਉਤਰ ਪੂਰਬ ਤੱਟੀ ਖੇਤਰ ਤੱਕ ਫੈਲੇਗਾ। ਆਉਣ ਵਾਲੇ ਕੁਝ ਘੰਟਿਆਂ ਤੋਂ ਬਾਅਦ ਤੂਫਾਨ ਕੈਨੇਡਾ ਵਿਚ ਦਾਖਲ ਹੋ ਜਾਵੇਗਾ ਜਿਸ ਤੋਂ ਬਾਅਦ ਹਾਲਾਤ ਸੁਖਾਵੇਂ ਹੋ ਸਕਦੇ ਹਨ। ਫਿਲਹਾਲ 10 ਰਾਜਾਂ ਨੂੰ ਤੂਫਾਨ ਦੀ ਭਿਆਨਕਤਾ ਨੂੰ ਲੈ ਕੇ ਚਿਤਾਵਨੀ ਦਿੱਤੀ ਗਈ ਹੈ। ਇਨ੍ਹਾਂ ਰਾਜਾਂ ਵਿਚ ਮੈਨੀ, ਨਿਊ ਹੈਂਪਸ਼ਾਇਰ, ਮੈਸਾਚੂਸੈਟਸ, ਰੋਡ ਆਈਲੈਂਡ, ਕੈਨੈਕਟੀਕਟ, ਨਿਊਯਾਰਕ, ਨਿਊਜਰਸੀ, ਡੈਲਾਵੇਅਰ, ਮੈਰੀਲੈਂਡ ਤੇ ਵਿਰਜੀਨੀਆ ਸ਼ਾਮਿਲ ਹਨ। ਫਿਲਾਡੈਲਫੀਆ, ਨਿਊਯਾਰਕ ਤੇ ਬੋਸਟਨ ਸਮੇਤ ਪ੍ਰਮੁੱਖ ਸ਼ਹਿਰਾਂ ਨੂੰ ਵੱਖਰੀ ਚਿਤਾਵਨੀ ਦਿੱਤੀ ਗਈ ਹੈ। ਇਥੇ ਜਿਕਰਯੋਗ ਹੈ ਕਿ ਮੈਰੀਲੈਂਡ, ਵਿਰਜੀਨੀਆ ਤੇ ਡੈਲਾਵੇਅਰ ਦੇ ਗਵਰਨਰਾਂ ਨੇ ਸ਼ੁੱਕਰਵਾਰ ਰਾਤ ਨੂੰ ਤੂਫਾਨ ਸ਼ੁਰੂ ਹੋਣ ਤੋਂ ਪਹਿਲਾਂ ਹੀ ਹੰਗਾਮੀ ਹਾਲਾਤ ਦਾ ਐਲਾਨ ਕਰ ਦਿੱਤਾ ਸੀ ਤੇ ਨੈਸ਼ਨਲ ਗਾਰਡ ਦੇ ਮੈਂਬਰਾਂ ਨੂੰ ਰਾਹਤ ਕਾਰਜਾਂ ਲਈ ਤਿਆਰ ਰਹਿਣ ਲਈ ਕਿਹਾ ਗਿਆ ਸੀ।






## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਫੈਡਰੇਸ਼ਨ ਆਫ ਇੰਡੀਆ ਐਸੋਸੀਏਸ਼ਨ ਸ਼ਿਕਾਗੋ ਨੇ ਗਣਤੰਤਰ ਦਿਵਸ ਉਤਸ਼ਾਹ ਨਾਲ ਮਨਾਇਆ, ਨਵੇਂ ਅਹੁੱਦੇਦਾਰਾਂ ਨੇ ਸਹੁੰ ਚੁੱਕੀ

**ਸੈਕਰਾਮੈਂਟੋ 28 ਜਨਵਰੀ–** ਫੈਡਰੇਸ਼ਨ ਆਫ ਇੰਡੀਆ ਐਸੋਸੀਏਸ਼ਨ ਸ਼ਿਕਾਗੋ (ਐਫ ਆਈ ਏ ਸ਼ਿਕਾਗੋ) ਨੇ ਇਕ ਸ਼ਾਨਦਾਰ ਸਮਾਗਮ ਅਯੋਜਿਤ ਕਰਕੇ ਭਾਰਤ ਦਾ 73 ਵਾਂ ਗਣਤੰਤਰ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ। ਸਮਾਗਮ ਵਿਚ ਅਮਰੀਕੀ ਕਾਂਗਰਸ ਦੇ ਤਿੰਨ ਮੈਂਬਰ ਤੇ ਹੋਰ ਅਹਿਮ ਸਖਸ਼ੀਅਤਾਂ ਹਾਜਰ ਸਨ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਰਾਕੇਸ਼ ਮਲਹੋਤਰਾ ਦੀ ਅਗਵਾਈ ਵਾਲੀ ਨਵੀਂ ਟੀਮ ਨੇ ਆਪਣੇ ਅਹੁੱਦੇ ਦੀ ਸਹੁੰ ਵੀ ਚੁੱਕੀ। ਕਾਂਗਰਸ ਮੈਂਬਰਾਂ ਡੈਨੀ ਡੇਵਿਸ, ਬਰਾਡ ਸ਼ਨੀਡਰ ਤੇ ਰਾਜਾ ਕ੍ਰਿਸ਼ਨਾਮੂਰਤੀ ਨੇ ਸਮਾਗਮ ਨੂੰ ਸੰਬੋਧਨ ਕੀਤਾ। ਸ਼ਨੀਡਰ ਨੇ ਆਪਣੇ ਸੰਬੋਧਨ ਵਿਚ ਐਫ ਆਈ ਏ ਸ਼ਿਕਾਗੋ ਤੇ ਭਾਰਤੀ ਭਾਈਚਾਰੇ ਦੀ ਪ੍ਰੰਸਸਾ ਕਰਦਿਆਂ ਕਿਹਾ ਕਿ ਭਾਰਤੀਆਂ ਨੇ ਅਮਰੀਕਾ ਦੇ ਹਰੇਕ ਖੇਤਰ ਵਿਚ ਅਹਿਮ ਭੂਮਿਕਾ ਨਿਭਾਈ ਹੈ ਤੇ ਸਖਤ ਮਿਹਨਤ ਨਾਲ ਆਪਣੇ ਆਪ ਨੂੰ ਸਥਾਪਿਤ ਕੀਤਾ ਹੈ। ਇਸ ਸਬੰਧੀ ਉਨ੍ਹਾਂ ਨੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਉਦਾਹਰਣ ਦਿੱਤੀ। ਉਨ੍ਹਾਂ ਨੇ ਮਾਰਟਿਨ ਲੂਥਰ ਕਿੰਗ ਤੇ ਮਹ-ਾਤਮਾ ਗਾਂਧੀ ਵਿਚ ਸਮਾਨਤਾ ਦੀ ਗੱਲ ਕਰਦਿਆਂ ਕਿਹਾ ਕਿ ਗਾਂਧੀ ਨੇ ਅੰਗਰੇਜਾਂ ਕੋਲੋਂ ਦੇਸ਼ ਆਜਾਦ ਕਰਵਾਇਆ ਜਦ ਕਿ ਮਾਰਟਿਨ ਲੂਥਰ ਕਿੰਗ ਨੇ ਅਮਰੀਕਾ ਵਿਚ ਔਰਤਾਂ ਨੂੰ ਵੋਟ ਦਾ ਹੱਕ ਦਵਾਇਆ। ਡੇਵਿਸ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀ ਭਾਈਚਾਰੇ ਨੇ ਆਰਥਕ ਤੌਰ 'ਤੇ ਅਮਰੀਕਾ ਨੂੰ ਮਜਬੂਤ ਬਣਾਇਆ ਹੈ। ਭਾਰਤੀ ਭਾਈਚਾਰੇ ਨੇ ਜੋ ਕੁਝ ਅਮਰੀਕਾ ਲਈ ਕੀਤਾ ਹੈ ਉਸ ਲਈ ਉਹ ਧੰਨਵਾਦ ਦੇ ਪਾਤਰ ਹਨ। ਕ੍ਰਿਸ਼ਨਾਮੂਰਤੀ ਨੇ ਆਪਣੇ ਸੰਬੋਧਨ ਵਿਚ ਅਮਰੀਕੀ ਰਾਜਨੀਤੀ ਵਿਚ ਭਾਰਤੀਆਂ ਦੇ ਵਧ ਰਹੇ ਪ੍ਰਭਾਵ ਦਾ ਜਿਕਰ ਕਰਦਿਆਂ ਕਿਹਾ ਕਿ ਇਸ ਤੋਂ ਭਾਰਤ ਤੇ ਅਮਰੀਕਾ ਦੇ ਸਾਂਝੇ ਕਦਰਾਂ ਕੀਮਤਾਂ ਵਾਲੇ ਸਿਸਟਮ ਦਾ ਪਤਾ ਲੱਗਦਾ ਹੈ। ਸਮਾਗਮ ਦੇ ਮੁੱਖ ਮਹਿਮਾਨ ਭਾਰਤ ਦੇ ਮਿਡਵੈਸਟ ਕੌਂਸਲ ਜਨਰਲ ਅਮਿਤ ਕੁਮਾਰ ਸਨ ਜਿਨ੍ਹਾਂ ਨੇ ਹੋਰ ਗੱਲਾਂ ਤੋਂ ਇਲਾਵਾ ਭਾਰਤ ਵੱਲੋਂ ਕੋਵਿਡ-19 ਮਹਾਮਾਰੀ ਨਾਲ ਨਜਿੱਠਣ ਲਈ ਕੀਤੀਆਂ ਸਫਲ ਕੋਸ਼ਿਸ਼ਾਂ ਦਾ ਜਿਕਰ ਕੀਤਾ ਤੇ ਕਿਹਾ ਕਿ ਭਾਰਤ ਦੀ ਉੱਚ ਵੈਕਸੀਨੇਸ਼ਨ ਦਰ ਹੈ।



# ਸੈਨ ਫਰਾਂਸਿਸਕੋ ਵਿਚ ਗਣਤੰਤਰ ਦਿਵਸ ਵਰਚੂਅਲ ਸਮਾਗਮ ਰਾਹੀਂ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ

## ਕੌਂਸਲ ਜਨਰਲ ਨੇ ਭਾਰਤੀ ਭਾਈਚਾਰੇ ਦੀ ਕੀਤੀ ਸ਼ਲਾਘਾ





**ਸੈਕਰਾਮੈਂਟੋ 27 ਜਨਵਰੀ–** ਐਸੋਸੀਏਸ਼ਨ ਆਫ ਇੰਡੋ ਅਮੈਰੀਕਨ (ਏ ਆਈ ਏ) ਜੋ ਸੈਨ ਫਰਾਂਸਿਸਕੋ ਬੇ ਏਰੀਆ ਵਿਚ 38 ਤੋਂ ਵਧ ਗੈਰ ਮੁਨਾਫਾ ਭਾਰਤੀ ਸੰਸਥਾਵਾਂ ਦਾ ਸੰਗਠਨ ਹੈ, ਨੇ ਗਣਤੰਤਰ ਦਿਵਸ ਨੂੰ ਸਮਰਪਿਤ 'ਆਜ਼ਾਦੀ ਕਾ ਅਮ੍ਰਿਤ ਮਹੋਤਸਵ' ਪੂਰੇ ਉਤਸ਼ਾਹ ਨਾਲ ਮਨਾਇਆ। ਕੋਵਿਡ-19 ਮਹਾਂਮਾਰੀ ਕਾਰਨ ਸਮਾਗਮ ਵਰਚੂਅਲ ਹੋਇਆ ਜਿਸ ਦਾ ਸਿੱਧਾ ਪ੍ਰਸਾਰਣ ਯੂ ਟਿਊਬ ਉਪਰ ਕੀਤਾ ਗਿਆ। ਸਮਾਗਮ ਦੇ ਮੁੱਖ ਮਹਿਮਾਨ ਭਾਰਤ ਦੇ ਕੌਂਸਲ ਜਨਰਲ ਸੈਨਫਰਾਂਸਿਸਕੋ ਡਾ ਟੀ ਵੀ ਨਾਗੇਂਦਰਾ ਪ੍ਰਸਾਦ ਸਨ। ਉਨ੍ਹਾਂ ਨੇ ਆਪਣੇ ਸੰਬੋਧਨ ਵਿਚ ਬੇ ਏਰੀਆ ਵਿਚ ਰਹਿੰਦੇ ਭਾਰਤੀ ਭਾਈਚਾਰੇ ਦੀ ਹੋਂਦ ਤੇ ਤਾਕਤ ਦੀ ਭਰਪੂਰ ਪ੍ਰੰਸਸਾ ਕੀਤੀ। ਉਨ੍ਹਾਂ ਨੇ ਭਾਰਤੀ ਭਾਈਚਾਰੇ ਵੱਲੋਂ ਆਪਣੀਆਂ ਸਮਾਜਿਕ, ਆਰਥਿਕ ਤੇ ਸਭਿਆਚਾਰਕ ਗਤੀਵਿਧੀਆਂ ਰਾਹੀਂ ਭਾਰਤ-ਅਮਰੀਕਾ ਵਿਚਾਲੇ ਮਿੱਤਰਤਾ ਮਜਬੂਤ ਕਰਨ ਲਈ ਨਿਭਾਈ ਵੱਡੀ ਭੂਮਿਕਾ ਦਾ ਵੀ ਜਿਕਰ ਕੀਤਾ।

ਇਸ ਵਰਚੂਅਲ ਸਮਾਗਮ ਨੂੰ ਸੈਨੇਟਰ ਡੇਵ ਕੋਰਟਸ, ਅਸੰਬਲੀ ਮੈਂਬਰ ਬਿੱਲ ਕੁਈਰਿਕ, ਐਸ਼ ਕਾਲਰਾ ਤੇ ਅਲੈਕਸ ਲੀ, ਅਲਾਮੇਡਾ ਕਾਊਂਟੀ ਸੁਪਰਵਾਈਜਰ ਡੇਵਿਡ ਹੌਬਰਟ, ਸਾਂਟਾ ਕਲਾਰਾ ਕਾਊਂਟੀ ਸੁਪਰਵਾਈਜਰ ਓਟੋ ਲੀ, ਓਕਲੈਂਡ ਮੇਅਰ ਲਿਬੀ ਸਕਾਫ, ਸਨੀਵੇਲ ਮੇਅਰ ਲੈਰੀ ਕਲੀਨ, ਫਰੀਮਾਂਟ ਵਾਇਸ ਮੇਅਰ ਰਾਜ ਸਲਵਾਨ, ਸੈਨ ਰਾਮੋਨ ਵਾਇਸ ਮੇਅਰ ਸ੍ਰੀਧਰ ਵਰੋਸ, ਸਾਂਟਾ ਕਲਾਰਾ ਵਾਈਸ ਮੇਅਰ ਸੁਧੰਨਸ਼ੂ ਜੈਨ ਤੇ ਸਾਂਟਾ ਕਲਾਰਾ ਕੌਂਸਲ ਮੈਂਬਰ ਕੈਵਿਨ ਪਾਰਕ ਸਮੇਤ ਅਨੇਕਾਂ ਹੋਰ ਪ੍ਰਮੁੱਖ ਸਖਸ਼ੀਅਤਾਂ ਨੇ ਸੰਬੋਧਨ ਕੀਤਾ। ਏ ਆਈ ਏ ਵਿਚ ਸ਼ਾਮਿਲ ਵੱਖ ਵੱਖ ਸੰਸਥਾਵਾਂ ਦੇ ਪ੍ਰਤੀਨਿੰਧੀਆਂ ਵੱਲੋਂ ਸੰਦੇਸ਼ ਪੜ੍ਹੇ ਗਏ। ਡਾਂਸ ਸਮੇਤ ਰੰਗਾ ਰੰਗ ਪ੍ਰੋਗਰਾਮ ਵੀ ਹੋਇਆ।


# ਬਾਈਡਨ ਪ੍ਰਸ਼ਾਸਨ ਵੱਲੋਂ ਵੱਡੇ ਕਾਰੋਬਾਰੀ ਅਦਾਰਿਆਂ 'ਤੇ ਲਾਗੂ ਲਾਜ਼ਮੀ ਟੀਕਾਕਰਣ ਤੇ ਟੈਸਟਿੰਗ ਨਿਯਮ ਵਾਪਿਸ ਲੈਣ ਦੀ ਤਿਆਰੀ

**ਸੈਕਰਾਮੈਂਟੋ 27 ਜਨਵਰੀ–** ਸੁਪਰੀਮ ਕੋਰਟ ਵੱਲੋਂ ਇਸ ਮਹੀਨੇ ਦੇ ਸ਼ੁਰੂ ਵਿਚ ਵੱਡੇ ਕਾਰੋਬਾਰੀ ਅਦਾਰਿਆਂ ਉਪਰ ਲਾਜ਼ਮੀ ਕੋਵਿਡ-19 ਟੀਕਾਕਰਣ ਜਾਂ ਨਿਰੰਤਰ ਟੈਸਟਿੰਗ ਲਈ ਲਾਗੂ ਕੀਤੇ ਨਿਯਮ ਉਪਰ ਪਾਬੰਦੀ ਲਾ ਦੇਣ ਉਪਰੰਤ ਬਾਈਡਨ ਪ੍ਰਸ਼ਾਸਨ ਇਸ ਆਦੇਸ਼ ਨੂੰ ਵਾਪਿਸ ਲੈ ਰਿਹਾ ਹੈ। ਅਮਰੀਕਾ ਦੇ 'ਲੇਬਰ ਆਕੂਪੇਸ਼ਨਲ ਸੇਫਟੀ ਐਂਡ ਹੈਲਥ ਐਡਮਿਨਿਸਟ੍ਰੇਸ਼ਨ' ( ਓ ਐਸ ਐਚ ਏ) ਨੇ ਕਿਹਾ ਹੈ ਕਿ ਉਸ ਵੱਲੋਂ 100 ਤੋਂ ਵਧ ਮੁਲਾਜ਼ਮਾਂ ਵਾਲੇ ਕਾਰੋਬਾਰੀ ਅਦਾਰਿਆਂ 'ਤੇ ਲਾਗੂ ਲਾਜਮੀ ਵੈਕਸੀਨੇਸ਼ਨ ਤੇ ਟੈਸਟਿੰਗ ਦੀ ਸ਼ਰਤ ਵਾਪਿਸ ਲਈ ਜਾ ਰਹੀ ਹੈ। ਅਮਰੀਕੀ ਕਿਰਤ ਵਿਭਾਗ ਦੇ ਇਕ ਬੁਲਾਰੇ ਨੇ ਸਪੱਸ਼ਟ ਕੀਤਾ ਹੈ ਕਿ ਹਾਲਾਂ ਕਿ ਉਹ ਵੈਕਸੀਨੇਸ਼ਨ ਤੇ ਟੈਸਟਿੰਗ ਵਾਪਿਸ ਲੈ ਰਿਹਾ ਹੈ ਪਰੰਤੂ ਇਸ ਨਾਲ ਹੰਗਾਮੀ ਆਰਜੀ ਮਾਪਦੰਡ ਪ੍ਰਭਾਵਿਤ ਨਹੀਂ ਹੋਣਗੇ ਤੇ ਇਹ ਪ੍ਰਸਤਾਵਿਤ ਨਿਯਮ ਵਜੋਂ ਕਾਇਮ ਰਹਿਣਗੇ। ਬੁਲਾਰੇ ਨੇ ਕਿਹਾ ਹੈ ਕਿ ਵਿਭਾਗ ਕੋਵਿਡ-19 ਤੋਂ ਸਿਹਤ ਮੁਲਾਜ਼ਮਾਂ ਨੂੰ ਬਚਾਉਣ ਲਈ ਤੇਜੀ ਨਾਲ ਕੰਮ ਕਰ ਰਿਹਾ ਹੈ ਤੇ ਇਸ ਸਬੰਧ ਮਾਪਦੰਡਾਂ ਨੂੰ ਛੇਤੀ ਅੰਤਿਮ ਰੂਪ ਦੇ ਦਿੱਤਾ ਜਾਵੇਗਾ। ਦੋ ਹਫਤਿਆਂ ਦੇ ਵੀ ਘੱਟ ਸਮੇ ਤੋਂ ਪਹਿਲਾਂ ਸੁਪਰੀਮ ਕੋਰਟ ਵੱਲੋਂ ਦਿੱਤਾ ਗਿਆ ਨਿਰਨਾ ਰਾਸ਼ਟਰਪਤੀ ਬਾਈਡਨ ਨੂੰ ਵੱਡਾ ਝਟਕਾ ਸਮਝਿਆ ਜਾ ਰਿਹਾ ਹੈ ਜੋ ਸੰਘੀ ਸਰਕਾਰ ਦੀ ਤਾਕਤ ਦੀ ਵਰਤੋਂ ਰਾਹੀਂ ਜਬਰਨ ਕੋਵਿਡ-19 ਨਿਯਮ ਥੋਪਣਾ ਚਹੁੰਦਾ ਸੀ। ਇਸ ਨਿਯਮ ਵਿਚ ਬਾਈਡਨ ਪ੍ਰਸ਼ਾਸਨ ਨੇ 100 ਤੋਂ ਵਧ ਮੁਲਾਜ਼ਮਾਂ ਵਾਲੇ ਕਾਰੋਬਾਰੀ ਅਦਾਰਿਆਂ ਨੂੰ ਆਪਣੇ ਮੁਲਾਜ਼ਮਾਂ ਦਾ ਲਾਜਮੀ ਕੋਵਿਡ ਟੀਕਾਕਰਣ ਕਰਨ ਲਈ ਕਿਹਾ ਸੀ ਤੇ ਜਿਹੜਾ ਮੁਲਾਜ਼ਮ ਟੀਕਾਕਰਣ ਨਹੀਂ ਕਰਵਾਉਂਦਾ ਉਸ ਦਾ ਨਿਰੰਤਰ ਟੈਸਟ ਕਰਨ ਲਈ ਕਿਹਾ ਸੀ। ਇਸ ਨਿਯਮ ਵਿਚ ਮਾਸਕ ਲਾਜ਼ਮੀ ਪਾਉਣ ਦੀ ਵੀ ਹਦਾਇਤ ਦਿੱਤੀ ਗਈ ਸੀ।

## ਮਨੁੱਖੀ ਤਸਕਰੀ ਦਾ ਮਾਮਲਾ

# ਫਲੋਰਿਡਾ ਤੱਟ ਨੇੜੇ ਉਲਟੀ ਕਿਸ਼ਤੀ ਕਾਰਨ ਲਾਪਤਾ ਹੋਏ 40 ਵਿਅਕਤੀਆਂ ਵਿਚੋਂ 5 ਦੀਆਂ ਲਾਸ਼ਾਂ ਮਿਲੀਆਂ

**ਸੈਕਰਾਮੈਂਟੋ 28 ਜਨਵਰੀ–** ਬੀਤੇ ਦਿਨ ਗੈਰ ਕਾਨੂੰਨ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੇ ਯਤਨ ਦੌਰਾਨ ਫਲੋਰਿਡਾ ਤੱਟ ਨੇੜੇ ਉਲਟੀ ਕਿਸ਼ਤੀ ਵਿਚ ਸਵਾਰ 34



ਵਿਅਕਤੀਆਂ ਦੇ ਮਾਰੇ ਜਾਣ ਦਾ ਖਦਸ਼ਾ ਹੈ। ਹੁਣ ਤੱਕ 5 ਲਾਸ਼ਾਂ ਬਰਾਮਦ ਹੋਈਆਂ ਹਨ। ਐਟਲਾਂਟਿਕ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ ਹੈ। ਕੋਸਟ ਗਾਰਡ ਟੀਮ ਨੂੰ ਹੁਣ ਤੱਕ 5 ਲਾਸ਼ਾਂ ਮਿਲ ਚੁੱਕੀਆਂ ਹਨ ਤੇ ਇਕ ਵਿਅਕਤੀ ਜੋ ਕਿਸੇ ਤਰਾਂ ਉਲਟੀ ਕਿਸ਼ਤੀ ਦੇ ਉਪਰ ਚੜ੍ਹ ਗਿਆ ਸੀ, ਨੂੰ ਬਚਾਅ ਲਿਆ ਗਿਆ ਹੈ। ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਕੋਸਟ ਗਾਰਡ ਕੈਪਟਨ ਜੋ -ਐਨ ਬਰਡੀਅਨ ਨੇ ਕਿਹਾ ਕਿ ਸ਼ਾਮ ਹੁੰਦਿਆਂ ਹੀ ਤਲਾਸ਼ੀ ਕਾਰਵਾਈ ਬੰਦ ਕਰਨੀ ਪੈਂਦੀ ਹੈ। ਕਿਸ਼ਤੀ ਵਿਚ ਕੁਲ 40 ਵਿਅਕਤੀ ਸਵਾਰ ਸਨ ਜਿਨ੍ਹਾਂ ਕੋਲ ਜੀਵਨ ਜੈਕਟਾਂ ਵੀ ਨਹੀਂ ਸਨ। ਉਨ੍ਹਾਂ ਕਿਹਾ ਕਿ ਹਾਲਾਂ ਕਿ ਤਲਾਸ਼ੀ ਕਾਰਵਾਈ ਜਾਰੀ ਹੈ ਪਰੰਤੂ ਕਿਸੇ ਦੇ ਵੀ ਜੀਂਦਾ ਮਿਲਣ ਦੀ ਸੰਭਾਵਨਾ ਨਜਰ ਨਹੀਂ ਆ ਰਹੀ।

# ਪਿਟਸਬਰਗ ਵਿਚ ਪੁੱਲ ਹੋਇਆ ਢਹਿਢੇਰੀ,10 ਜ਼ਖਮੀ

## 50 ਸਾਲ ਪੁਰਾਣੇ ਪੁਲ ਦੀ ਮੁਰੰਮਤ ਦੀ ਲੋੜ ਸੀ ਜੋ ਨਹੀਂ ਕੀਤੀ ਗਈ

**ਸੈਕਰਾਮੈਂਟੋ 29 ਜਨਵਰੀ–** ਪਿਟਸਬਰਗ ਵਿਚ ਬਰਫ ਨਾਲ ਢੱਕਿਆ ਇਕ ਪੁਲ ਅਚਾਨਕ ਢਹਿਢੇਰੀ ਹੋ ਗਿਆ ਤੇ ਉਸ ਉਪਰੋਂ ਦੀ ਲੰਘ ਰਹੇ ਵਾਹਣ ਹੇਠਾਂ ਡਿੱਗ ਗਏ ਜਿਨ੍ਹਾਂ ਵਿਚ ਸਵਾਰ 10 ਵਿਅਕਤੀ ਜ਼ਖਮੀ ਹੋ ਗਏ ਜਿਨ੍ਹਾਂ ਵਿਚੋਂ 3 ਜਣਿਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਉਣਾ ਪਿਆ ਹੈ। ਪਿਟਸਬਰਗ ਦੇ ਅੱਗ ਬੁਝਾਊ ਵਿਭਾਗ ਦੇ ਮੁੱਖੀ ਡੈਰਿਲ ਜੋਨਜ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਸਪਤਾਲ ਦਾਖਲ ਕਰਵਾਏ ਲੋਕਾਂ ਦੀ ਹਾਲਤ ਖਤਰੇ ਤੋਂ ਬਾਹਰ ਹੈ। ਉਨ੍ਹਾਂ ਦੱਸਿਆ ਕਿ ਜਦੋਂ ਪੁਲ ਡਿੱਗਾ ਤਾਂ ਉਸ ਸਮੇ ਉਸ ਉਪਰੋਂ 5 ਵਾਹਣ ਤੇ ਇਕ ਬੱਸ ਲੰਘ ਰਹੀ ਸੀ ਕਿ ਅਚਾਨਕ ਪੁਲ ਦਾ ਇਕ ਹਿੱਸਾ ਟੁੱਟ ਕੇ ਹੇਠਾਂ ਡਿਗ ਗਿਆ। ਜੋਨਜ ਅਨੁਸਾਰ ਕੁਝ ਸਾਲ ਪਹਿਲਾਂ ਇਸ ਪੁਲ ਦੀ ਜਾਂਚ ਹੋਈ ਸੀ ਤੇ ਇਹ ਪਾਇਆ ਗਿਆ ਸੀ ਕਿ ਇਸ ਦੀ ਹਾਲਤ ਮਾੜੀ ਹੈ। ਇਸ ਦੀ ਤੁਰੰਤ ਮੁਰੰਮਤ



ਕਰਨ ਦੀ ਲੋੜ ਹੈ ਪਰੰਤੂ ਇਹ ਮੁਰੰਮਤ ਨਹੀਂ ਕੀਤੀ ਗਈ। ਪੁਲ ਡਿੱਗਣ ਨਾਲ ਕੁਝ ਵਾਹਣ ਵੀ ਹੇਠਾਂ ਡਿੱਗ ਗਏ ਜਿਨ੍ਹਾਂ ਨੂੰ ਕਰੇਨ ਦੀ ਮੱਦਦ ਨਾਲ ਚੁੱਕਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਪੁਲ ਦਾ ਮਲਬਾ 150 ਫੁੱਟ ਦੇ ਕਰੀਬ ਹੇਠਾਂ ਖੱਡ ਵਿਚ ਡਿੱਗਾ ਹੈ ਜਿਥੇ ਪਹੁੰਚਣ ਲਈ ਰਾਹਤ ਕਰਮਚਾਰੀਆਂ ਵੱਲੋਂ ਰੱਸਿਆਂ ਦੀ ਵਰਤੋਂ ਕੀਤੀ ਗਈ। ਸਵੇਰ ਵੇਲਾ ਹਾਦਸਾ ਵਾਪਰਨ ਕਾਰਨ ਆਸ ਪਾਸ ਸੈਰ ਕਰ ਰਹੇ ਜਾਂ ਲੰਘ ਰਹੇ ਲੋਕਾਂ ਨੇ ਵੀ ਬਚਾਅ ਕਾਰਵਾਈ ਵਿਚ ਮੱਦਦ ਕੀਤੀ। ਇਹ ਪੁਲ ਤਕਰੀਬਨ 50 ਸਾਲ ਪੁਰਾਣਾ ਹੈ ਜਿਸ ਦਾ ਨਿ-ਰਮਾਣ 1970 ਵਿਚ ਹੋਇਆ ਸੀ। ਪੁਲ ਦੇ ਨਿਰਮਾਣ ਨਾਲ ਜੁੜੀ ਇਕ ਏਜੰਸੀ ਅਨੁਸਾਰ ਪੁਲ ਦੀ ਮੁਰੰਮਤ ਲਈ 115 ਮਿ-ਲੀਅਨ ਡਾਲਰਾਂ ਦੀ ਲੋੜ ਸੀ ਪਰੰਤੂ ਪੁਲ ਦੀ ਮੁਰੰਮਤ ਨਹੀਂ ਹੋਈ ਤੇ ਇਸ ਪੁਲ ਦੀ ਹਰ ਸਾਲ ਜਾਂਚ ਕਰਨ ਲਈ ਕਿਹਾ ਗਿਆ। ਪਿਟਸਬਰਗ ਮੇਅਰ ਐਡ ਗੈਨੀ ਦੇ ਬੁਲਾਰੇ ਸੈਮ ਵੈਸਰਮੈਨ ਨੇ ਕਿਹਾ ਹੈ ਕਿ ਪੁਲ ਦੀ ਆਖਰੀ ਜਾਂਚ ਸਤੰਬਰ 2021 ਵਿਚ ਮੁਕੰਮਲ ਹੋਈ ਸੀ।

# ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਗਠਜੋੜ ਦਾ ਉਮੀਦਵਾਰ ਬੱਸੀ ਪਠਾਣਾਂ ਦਾ ਕਿਲ੍ਹਾ ਫਤਹਿ ਕਰੇਗਾ- ਸੁਲਹਾਣੀ


ਅਕਾਲੀ ਦਲ ਬਸਪਾ ਗਠਜੋੜ ਦੇ ਸਾਂਝੇ ਉਮੀਦਵਾਰ ਐਡਵੋਕੇਟ ਸ਼ਿਵ ਕੁਮਾਰ ਕਲਿਆਣ ਦੀ ਚੋਣ ਮੁਹਿੰਮ ਨੂੰ ਭਖਾਉਣ ਲਈ ਗਠਜੋੜ ਆਗੂਆਂ ਦੀ ਸਾਂਝੀ ਮੀਟਿੰਗ ਮੁਖ ਚੋਣ ਦਫਤਰ ਬੱਸੀ ਪਠਾਣਾਂ ਵਿਖੇ ਕੀਤੀ ਗਈ। ਜਿਸ ਵਿਚ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਨਰਲ ਤੇ ਆਬਜ਼ਰਵਰ ਹਲਕਾ ਬਸੀ ਪਠਾਣਾਂ ਨੇ ਕਾਰਜ ਕਰਤਾਵਾਂ ਤੇ ਆਗੂਆਂ ਨੂੰ ਅਗਲੇ ਵੀਹ ਦਿਨ ਡਟਕੇ ਕਾਰਜਸ਼ੀਲ ਹੋਣ ਲਈ ਅਪੀਲ ਕੀਤੀ। ਇਸ ਮੌਕੇ ਵੱਖ ਵੱਖ ਟੀਮਾਂ ਬਣਾਈਆਂ ਗਈਆਂ ਤੇ ਉਹਨਾਂ ਨੂੰ ਆਪਣੇ ਆਪਣੇ ਮੋਰਚੇ ਤੇ ਮੁਸਤੈਦੀ ਨਾਲ ਤੈਨਾਤ ਹੋਣ ਲਈ ਪ੍ਰੇਰਿਤ ਕੀਤਾ ਗਿਆ।ਸ ਸੁਲਹਾਣੀ ਨੇ ਆਖਿਆ ਕਿ
ਆਪਣਾ ਆਪਣਾ ਬੂਥ ਜਿਤਾਉਣਾ ਹੈ।
ਬਸਪਾ ਅਕਾਲੀ ਗਠਜੋੜ ਲਿਆਉਣਾ ਹੈ।



ਕਾਂਗਰਸ ਪਾਰਟੀ ਤੇ ਹਮਲਾਵਰ ਹੁੰਦਿਆਂ ਉਹਨਾਂ ਨੇ ਆਖਿਆ ਕਿ ਕਾਂਗਰਸ ਦੇ ਪੰਜ ਸਾਲ ਦੇ ਰਾਜ ਦੌਰਾਨ ਗਰੀਬਾਂ ਕਿਸਾਨਾਂ ਮਜ਼ਦੂਰਾਂ ਛੋਟੇ ਦੁਕਾਨਦਾਰਾਂ ਦੀ ਹਾਲਤ ਬਦ ਤੋਂ ਬਦਤਰ ਹੋਈ ਹੈ। ਕਾਂਗਰਸ ਨੇ ਆਪਣੀ ਸਰਕਾਰ ਦੀ ਨਾਕਾਮੀ ਛੁਪਾਉਣ ਲਈ ਮੁਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬਦਲ ਕੇ ਦਲਿਤ ਪਤਾ ਖੇਡਿਆ ਪਰ ਮੁਖ ਮੰਤਰੀ ਚੰਨੀ ਵੀ ਐਲਾਨਜੀਤ ਸਿੰਘ ਬਣ ਕੇ ਰਹਿ ਗਏ। ਉਹ ਸਾਰੇ ਵਰਗਾਂ ਲਈ ਵਿਸ਼ਵਾਸਘਾਤਜੀਤ ਸਾਬਤ ਹੋ ਚੁਕੇ ਹਨ। ਇਸ ਲਈ ਪੰਜਾਬੀ ਚੰਨੀ ਸਰਕਾਰ ਦੇ ਪੈਚ ਵਰਕ ਰਾਹੀਂ ਰੀਝਣ ਵਾਲੇ ਨਹੀਂ। ਕਾਂਗਰਸ ਤਾਂ ਆਪਣੇ ਅੰਦਰੂਨੀ ਕਾਟੋ ਕਲੇਸ਼ ਦੀ ਭੇਟ ਚੜ੍ਹ ਜਾਵੇਗੀ ਅਕਾਲੀ ਬਸਪਾ ਗਠਜੋੜ ਦੀ ਸਰਕਾਰ ਬਣਾਉਣ ਲਈ ਪੰਜਾਬੀ ਵੀਹ ਫਰਵਰੀ ਦੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਕਾਰਜ ਕਰਤਾਵਾਂ ਦਾ ਜੋਸ਼ ਦਸਦਾ ਹੈ ਕਿ ਗਠਜੋੜ ਬੱਸੀ ਪਠਾਣਾਂ ਦਾ ਕਿਲ੍ਹਾ ਫ਼ਤਹਿ ਕਰਨ ਵਿਚ ਕਾਮਯਾਬ ਹੋਵੇਗਾ। ਇਸ ਮੌਕੇ ਜਤਿੰਦਰ ਸਿੰਘ ਬਰਵਾਲੀ ਜ਼ਿਲ੍ਹਾ ਪ੍ਰਧਾਨ ਬਹੁਜਨ ਸਮਾਜ ਪਾਰਟੀ, ਕੁਲਵੰਤ ਸਿੰਘ ਖੁਮਾਣੋਂ ਹਲਕਾ ਪ੍ਰਧਾਨ ਬਸਪਾ ਭੁਪਿੰਦਰ ਸਿੰਘ ਚੀਮਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਕਨੇਡਾ, ਮਲਕੀਤ ਸਿੰਘ ਮਠਾੜੂ ਪ੍ਰਧਾਨ ਬੀ ਸੀ ਵਿੰਗ ਅਕਾਲੀ ਦਲ, ਏ ਐਨ ਸਿੰਘ ਬਸਪਾ ਆਗੂ , ਹਰਨੇਕ ਸਿੰਘ ਬਡਾਲੀ ਪ੍ਰਧਾਨ ਦਲਿਤ ਫਰੰਟ, ਮਨਪ੍ਰੀਤ ਸਿੰਘ ਹੈਪੀ ਐਮ ਸੀ, ਅਜੀਤ ਸਿੰਘ ਸ਼ਹਿਰੀ ਪ੍ਰਧਾਨ, ਜਸਬੀਰ ਸਿੰਘ ਵਾਲੀਆ, ਸੇਵਾ ਸਿੰਘ ਡਾਇਰੈਕਟਰ ਕੋਆਪਰੇਟਿਵ ਸੁਸਾਇਟੀਜ, ਬਲਵਿੰਦਰ ਸਿੰਘ ਸਰਕਲ ਪ੍ਰਧਾਨ , ਜਿੰਦਰ ਸਿੰਘ ਪ੍ਰਧਾਨ ਬੀ। ਸੀ। ਵਿੰਗ ਤੇ ਹੋਰ ਆਗੂ ਹਾਜ਼ਰ ਸਨ।

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 'ਤਪਦੀਆਂ ਰੁੱਤਾਂ ਦੇ ਸ਼ਾਇਰ' ਪੁਸਤਕ ਲੋਕ ਅਰਪਣ

**ਜਲੰਧਰ**–ਤਰੱਕੀਪਸੰਦ ਤਹਿਰੀਕ ਦੇ ਹਸਤਾਖ਼ਰਾਂ ਦੇ ਰੇਖਾ ਚਿੱਤਰ, ਜੀਵਨੀਆਂ, ਸਾਹਿਤਕ ਦੇਣ ਹੱਦਾਂ, ਸਰਹੱਦਾਂ, ਬੋਲੀਆਂ ਦੀਆਂ ਰਵਾਇਤੀ ਬੰਦਸ਼ਾਂ ਪਾਰ ਕਰਕੇ ਸਾਂਝੀ ਪਰਵਾਜ਼ ਦਾ ਸਿਰਨਾਵਾਂ ਦੱਸਦੀ



'ਤਪਦੀਆਂ ਰੁੱਤਾਂ ਦੇ ਸ਼ਾਇਰ' ਪੁਸਤਕ, ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਲੋਕ ਅਰਪਣ ਕੀਤੀ ਗਈ।

ਪੁਸਤਕ ਦੇ ਸੰਗ੍ਰਹਿਕਾਰ, ਅਨੁਵਾਦਕ, ਸੰਪਾਦਕ ਅਤੇ ਲੇਖਕ ਪੰਜਾਬੀ ਸਾਹਿਤ ਜਗਤ ਦੇ ਨਾਮਵਰ ਕਲਮਕਾਰ ਸਰਵਣ ਜ਼ਫ਼ਰ ਦੀ ਪੁਸਤਕ 'ਤਪਦੀਆਂ ਰੁੱਤਾਂ ਦੇ ਸ਼ਾਇਰ', ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਲੋਕ ਅਰਪਣ ਕਰਦਿਆਂ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਸਰਵਣ ਜ਼ਫ਼ਰ ਜਿਹੋ ਜਿਹੀ ਬਹੁਪੱਖੀ, ਕਲਾਵੰਤੀ, ਸੁਹਜ ਅਤੇ ਸਮਰਪਤ ਸਖਸ਼ੀਅਤ ਹੈ, ਉਸ ਤਰ੍ਹਾਂ ਦੀ ਪੁਸਤਕ ਪੰਜਾਬੀ ਸਾਹਿਤ ਦੀ ਝੋਲੀ ਪਾ ਕੇ ਗ਼ਦਰ ਲਹਿਰ ਦੀ ਵਿਰਾਸਤ ਦਾ ਸਿਰ ਉੱਚਾ ਕੀਤਾ ਹੈ।

ਕਮੇਟੀ ਮੈਂਬਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਅੱਜ ਜਦੋਂ ਮੁਲਕ ਅੰਦਰ ਤੇਜ਼ ਫ਼ਿਰਕੂ ਹਨੇਰੀ ਵਗਾਉਣ, ਵੰਡੀਆਂ ਪਾਉਣ ਅਤੇ ਲੋਕਾਂ ਦੇ ਸਿਵਿਆਂ 'ਤੇ ਰੋਟੀਆਂ ਸੇਕਣ ਦੀ ਹੋਛੀ ਰਾਜਨੀਤੀ ਹੰਕਾਰੀ ਫਿਰਦੀ ਹੈ; ਅਜੇਹੇ ਮੌਕੇ ਪੰਜਾਬੀ, ਉਰਦੂ, ਹਿੰਦੀ, ਅੰਗਰੇਜ਼ੀ ਆਦਿ ਭਾਸ਼ਾਵਾਂ ਦੀਆਂ ਵਿਸ਼ਵ ਪ੍ਰਸਿੱਧ ਹਸਤੀਆਂ ਨੂੰ ਇੱਕੋ ਜਿਲਦ ਵਿੱਚ ਇਕੱਠਿਆਂ ਕਰਨਾ ਸਾਡੇ ਮੁਲਕ ਦੀ ਸਾਂਝੀ ਵਿਰਾਸਤ ਨੂੰ ਅੱਗੇ ਤੋਰਨ ਦਾ ਅਮੁੱਲਾ ਨਜ਼ਰਾਨਾ ਹੈ। ਮੇਟੀ ਦੇ ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਅਤੇ ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ ਨੇ ਕਿਹਾ ਕਿ ਜਦੋਂ ਬੁੱਧੀਜੀਵੀ ਜੇਲ੍ਹੀਂ ਡੱਕ ਰੱਖੇ ਹਨ, ਜਦੋਂ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਉਪਰ ਰੋਕਾਂ ਮੜ੍ਹੀਆਂ ਜਾ ਰਹੀਆਂ ਹਨ, ਅਜੇਹੀ ਰੁੱਤੇ ਇਹ ਪੁਸਤਕ ਸਾਂਝਾਂ ਦੀ ਖੁਸ਼ਬੋ ਵੰਡਦੀ ਪੌਣ ਦਾ ਬੁੱਲਾ ਸਿੱਧ ਹੋਏਗੀ। ਕਮੇਟੀ ਨੇ ਸਰਵਣ ਜ਼ਫ਼ਰ ਅਤੇ ਡਾ. ਸੁਖਦੇਵ ਸਿਰਸਾ ਨੂੰ ਇਸ ਮਾਣਮੱਤੇ ਉੱਦਮ ਲਈ ਮੁਬਾਰਕ ਦਿੱਤੀ।

# ਗਣਤੰਤਰ ਦਿਵਸ ਮੌਕੇ ਮਿੰਨੀ ਮੈਰਾਥਨ ਦਾ ਆਯੋਜਨ

**ਪਟਿਆਲਾ (ਚਮਨਦੀਪ ਸ਼ਰਮਾ)** ਇੱਥੋਂ ਦੇ ਲੋਕਪ੍ਰਿਯ ਰਨਿੰਗ ਕਲੱਬ ਬੌਰਨ ਰਨਰਜ਼ ਤਰਫੋਂ ਗਣਤੰਤਰ ਦਿਵਸ ਦੇ ਅਵਸਰ ਉੱਪਰ ਮਿੰਨੀ ਮੈਰਾਥਨ 13 ਤੇਰਾਂ ਕਿਲੋਮੀਟਰ ਦੀ ਦੌੜ ਲਗਾਈ ਗਈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਟੀਮ ਦੇ ਕਪਤਾਨ ਸੁਖਚੈਨ ਸਿੰਘ ਨੇ ਦੱਸਿਆ ਕਿ ਇਹ ਮੈਰਾਥਨ ਸਤੁੰਤਰਤਾ ਸੈਨਾਨੀਆਂ ਨੂੰ ਸਮਰਪਿਤ ਕੀਤੀ ਗਈ ਜਿਹਨਾਂ ਨੇ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਦੇਸ਼ ਭਗਤੀ ਦਾ ਮਾਰਗ ਅਪਣਾਇਆ।ਜਿਸ ਕਰਕੇ ਅਸੀਂ ਗੁਲਾਮੀ ਦੀਆਂ ਜੰ ਵਿੱਚੋਂ ਅਜ਼ਾਦ ਹੋ ਕੇ ਗਣਤੰਤਰ ਦੇਸ਼ ਦੀ ਸਥਾਪਨਾ ਕਰ ਸਕੇ। ਉਹਨਾਂ ਕਿਹਾ ਕਿ ਇਸ ਦੌੜ ਦਾ ਮੰਤਵ ਲੋਕਾਂ ਵਿੱਚ ਰਾਸ਼ਟਰ ਪ੍ਰਤਿ ਪ੍ਰੇਮ ਦੀ ਭਾਵਨਾ ਉਤਪੰਨ ਕਰਨਾ ਵੀ ਰਿਹਾ। ਟੀਮ ਦੇ ਵਿੱਤ ਸਕੱਤਰ ਪੂਰਨ ਸਿੰਘ ਗਰੇਵਾਲ ਨੇ ਗਣਤੰਤਰ ਦਿਵਸ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਉਹਨਾਂ ਲੋਕਾਂ ਨੂੰ ਸੰਵਿਧਾਨ ਤਹਿਤ ਮਿਲੇ ਹੋਏ ਅਧਿਕਾਰਾਂ ਦਾ ਦੁਰਉਪਯੋਗ ਨਾ ਕਰਨ ਸਬੰਧੀ ਪ੍ਰੇਰਿਤ ਕੀਤਾ। ਉਹਨਾਂ ਨੇ ਅਧਿਕਾਰਾਂ ਦੇ ਨਾਲ ਆਪਣੇ ਕਰਤੱਵਾਂ ਦਾ ਪਾਲਣ ਕਰਨ ਜ਼ੋਰ ਦਿੱਤਾ ਤਾਂ ਜੋ ਸੰਵਿਧਾਨ ਦੇ ਉਦੇਸਾਂ ਦੀ ਪੂਰਤੀ ਹੋ ਸਕੇ। ਇਸ ਦੌੜ ਦੀ ਸਫਲਤਾ ਵਿੱਚ ਈਸ਼ਵਰ ਚੌਧਰੀ, ਕਮਲਦੀਪ, ਜਸਵਿੰਦਰ ਸਿੰਘ, ਮੋਹਨਦੀਪ, ਗੁਰੀ, ਹਰਮਨ ਸਿੰਘ, ਕਰਮ ਸਿੰਘ, ਗੁਰਮੀਤ ਸਿੰਘ, ਅਮਿਤ ਸ਼ਰਮਾ, ਅਸ਼ੋਕ ਕੁਮਾਰ, ਜਤਿੰਦਰ, ਰਾਕੇਸ਼ ਕੁਮਾਰ, ਲਕਵਿੰਦਰ ਕੌਰ, ਜਸਵੀਰ ਖਾਨ, ਪਾਇਲ, ਪ੍ਰਭ ਆਦਿ ਨੇ ਅਹਿਮ ਭੂਮਿਕਾ ਨਿਭਾਈ।









# ਮੌਜੂਦਾ ਬਜਟ ਅਗਲੇ 25 ਸਾਲਾਂ ਦਾ ਖਾਕਾ, ਅਰਥਚਾਰੇ 'ਤੇ ਜੋਰ- ਨਿਰਮਲਾ ਸੀਤਾਰਾਮਨ

**ਨਵੀਂ ਦਿੱਲੀ–** ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਪੇਸ਼ ਕੇਂਦਰੀ ਬਜਟ ਨੇ ਮੱਧ ਵਰਗ, ਮੁਲਾਜ਼ਮਾਂ ਤੇ ਆਮ ਲੋਕਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ ਹੈ। ਪੰਜਾਬ ਸਣੇ ਅਗਾਮੀ ਚੋਣਾਂ ਵਾਲੇ ਪੰਜ ਰਾਜ ਕਿਸੇ ਵੱਡੀ ਸੌਗਾਤ ਦੀ ਆਸ ਲਾਈ ਬੈਠੇ ਸਨ, ਪਰ ਉਨ੍ਹਾਂ ਹੱਥ ਵੀ ਨਿਰਾਸ਼ਾ ਹੀ ਲੱਗੀ। ਹਾਲਾਂਕਿ ਵਿੱਤ ਮੰਤਰੀ ਵੱਲੋਂ ਪੇਸ਼ ਕਾਗਜ਼ ਰਹਿਤ ਪਹਿਲੇ ਬਜਟ ਵਿੱਚ ਆਰਥਿਕ ਵਾਧੇ ਨੂੰ ਹੁਲਾਰਾ ਦੇਣ ਲਈ 39।45 ਲੱਖ ਕਰੋੜ ਰੁਪਏ ਦਾ ਬਜਟ ਪੇਸ਼ ਕਰਕੇ ਸਰਕਾਰੀ ਖ਼ਜ਼ਾਨੇ ਦਾ ਮੂੰਹ ਖੋਲ੍ਹਣ ਦਾ ਦਾਅਵਾ ਕੀਤਾ ਜਾ ਰਿਹੈ। ਸਰਕਾਰ ਨੇ ਬਜਟ ਵਿੱਚ ਬੁਨਿਆਦੀ ਢਾਂਚੇ ਨਾਲ ਜੁੜੇ ਥੰਮਾਂ 'ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਇਸ ਨੂੰ ਅਗਲੇ 25 ਸਾਲਾਂ ਦਾ ਬਲੂ ਪ੍ਰਿੰਟ ਦੱਸਿਆ। ਸੀਤਾਰਾਮਨ ਨੇ ਆਪਣੀ ਬਜਟ ਤਕਰੀਰ ਵਿੱਚ ਕਿਹਾ ਕਿ ਕਰੋਨਾ ਮਹਾਮਾਰੀ ਦੇ ਬਾਵਜੂਦ ਭਾਰਤ ਚੁਣੌਤੀਆਂ ਦੇ ਟਾਕਰੇ ਲਈ ਮਜ਼ਬੂਤ ਸਥਿਤੀ ਵਿੱਚ ਹੈ।

ਬਜਟ ਵਿੱਚ ਅਰਥਚਾਰੇ ਨਾਲ ਜੁੜੇ ਪ੍ਰਮੁੱਖ ਖੇਤਰਾਂ ਨੂੰ ਰਫ਼ਤਾਰ ਦੇਣ ਦੇ ਇਰਾਦੇ ਨਾਲ ਕੌਮੀ ਸ਼ਾਹਰਾਹਾਂ ਤੋਂ ਲੈ ਕੇ ਕਿਫਾਇਤੀ ਦਰਾਂ 'ਤੇ ਘਰ ਮੁਹੱਈਆ ਕਰਵਾਉਣ ਲਈ ਰੱਖੀ ਜਾਂਦੀ ਰਾਸ਼ੀ ਨੂੰ ਵਧਾਇਆ ਗਿਆ ਹੈ। ਇਸੇ ਤਰ੍ਹਾਂ ਰੁਜ਼ਗਾਰ ਸਿਰਜਣਾ ਤੇ ਆਰਥਿਕ ਸਰਗਰਮੀਆਂ ਨੂੰ ਹੱਲਾਸ਼ੇਰੀ ਦੇਣ ਲਈ ਬੁਨਿਆਦੀ ਢਾਂਚੇ 'ਤੇ ਖਰਚ ਵਧਾਉਣ ਦੀ ਤਜਵੀਜ਼ ਰੱਖੀ ਹੈ। ਮੁਲਾਜ਼ਮ ਵਰਗ ਨੂੰ ਅਸਮਾਨੀ ਪੁੱਜੀ ਮਹਿੰਗਾਈ ਤੇ ਕਰੋਨਾ ਮਹਾਮਾਰੀ ਦੇ ਅਸਰ ਕਰਕੇ ਆਮਦਨ ਕਰ ਦਰਾਂ 'ਚ ਕੁਝ ਰਾਹਤ ਮਿਲਣ ਦੀ ਆਸ ਸੀ, ਪਰ ਸਰਕਾਰ ਨੇ ਦਰਾਂ ਵਿੱਚ ਫੇਰਬਦਲ ਤੋਂ ਇਨਕਾਰ ਕਰ ਦਿੱਤਾ। ਇਸੇ ਤਰ੍ਹਾਂ ਕਾਰਪੋਰੇਟ ਟੈਕਸ ਨੂੰ ਵੀ ਪਿਛਲੇ ਸਾਲ ਵਾਲੇ ਪੱਧਰ 'ਤੇ ਰੱਖਿਆ ਗਿਆ ਹੈ।

ਹਾਲਾਂਕਿ ਬਜਟ ਵਿੱਚ ਰਾਜ ਸਰਕਾਰਾਂ ਦੇ ਮੁਲਾਜ਼ਮਾਂ ਲਈ ਐੱਨਪੀਐੱਸ 'ਤੇ ਟੈਕਸ ਕਟੌਤੀ 10 ਫੀਸਦ ਤੋਂ ਵਧਾ ਕੇ 14 ਫੀਸਦ ਕਰਨ ਤੇ ਸਰਕਾਰੀ ਵਿਵਸਥਾ 'ਤੇ ਭਰੋਸਾ ਕਾਇਮ ਰੱਖਣ ਦੇ ਮੰਤਵ ਨਾਲ ਸੋਧੀ ਹੋਈ ਆਮਦਨ ਕਰ ਰਿਟਰਨ ਪ੍ਰਣਾਲੀ ਦੀ ਤਜਵੀਜ਼ ਰੱਖੀ ਗਈ ਹੈ। ਇਸ ਤਹਿਤ ਕਰਦਾਤਾ ਸਬੰਧਤ ਵਿੱਤੀ ਸਾਲ ਖ਼ਤਮ ਹੋਣ ਦੇ ਦੋ ਸਾਲਾਂ ਅੰਦਰ ਨਿਰਧਾਰਿਤ ਕਰ ਦੀ ਅਦਾਇਗੀ ਨਾਲ ਰਿਟਰਨ ਦਾਖ਼ਲ ਕਰ ਸਕੇਗਾ। ਬਜਟ ਪੇਸ਼ ਕਰਨ ਮਗਰੋਂ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਵਿੱਤ ਮੰਤਰੀ ਨੇ ਮੱਧ ਵਰਗ ਨੂੰ ਕੋਈ ਰਾਹਤ ਨਾ ਦੇਣ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਬਜਟ ਵਿੱਚ ਨਾ ਤਾਂ ਪਿਛਲੇ ਸਾਲ ਤੇ ਨਾ ਇਸ ਸਾਲ ਟੈਕਸ ਦਰਾਂ ਵਧਾਈਆਂ ਗਈਆਂ ਹਨ। ਸੀਤਾਰਾਮਨ ਨੇ ਕਿਹਾ, ''ਅਸੀਂ ਵੱਧ ਟੈਕਸ ਲਾ ਕੇ ਪੈਸਾ ਜੁਟਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਕਿਉਂਕਿ ਅਸੀਂ ਮਹਾਮਾਰੀ ਦੇ ਝੰਬੇ ਲੋਕਾਂ 'ਤੇ ਹੋਰ ਬੋਝ ਨਹੀਂ ਪਾਉਣਾ ਚਾਹੁੰਦੇ।' ਬਜਟ




ਵਿੱਚ ਕ੍ਰਿਪਟੋਕਰੰਸੀ ਦੇ ਟਾਕਰੇ ਤੇ ਡਿਜੀਟਲ ਕਰੰਸੀ ਬਾਰੇ ਸ਼ੱਕ-ਸ਼ੁਬ੍ਹਿਆਂ ਨੂੰ ਦੂਰ ਕਰਨ ਲਈ ਆਰਬੀਆਈ ਦੇ ਦਿਸ਼ਾ ਨਿਰਦੇਸ਼ਾਂ ਹੇਠ ਡਿਜੀਟਲ ਕਰੰਸੀ ਜਾਰੀ ਕਰਨ ਦਾ ਸੁਝਾਅ ਦਿੱਤਾ ਗਿਆ ਹੈ। ਇਸੇ ਤਰ੍ਹਾਂ ਅਗਲੇ ਵਿੱਤੀ ਸਾਲ ਤੋਂ ਈ-ਪਾਸਪੋਰਟ ਜਾਰੀ ਕੀਤੇ ਜਾਣਗੇ। ਬਜਟ ਵਿੱਚ ਮੌਜੂਦਾ ਵਿੱਤੀ ਸਾਲ 'ਚ ਵਿਕਾਸ ਦਰ 9।2 ਫੀਸਦ ਰਹਿਣ ਜਦੋਂਕਿ ਅਗਲੇ ਵਿੱਤੀ ਸਾਲ 2022-23 'ਚ ਵਿੱਤੀ ਘਾਟਾ ਜੀਡੀਪੀ ਦਾ 6।9 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਜ਼ਮੀਨ ਸੁਧਾਰਾਂ ਵਜੋਂ ਬਜਟ ਵਿੱਚ 'ਇਕ ਦੇਸ਼ ਇਕ ਰਜਿਸਟਰੇਸ਼ਨ' ਦੀ ਤਜਵੀਜ਼ ਰੱਖੀ ਗਈ ਹੈ।ਵਿੱਤ ਮੰਤਰੀ ਨੇ ਆਪਣੀ ਬਜਟ ਤਕਰੀਰ ਵਿੱਚ ਕਿਹਾ, ''ਅਰਥਚਾਰੇ ਦਾ ਤੇਜ਼ੀ ਨਾਲ ਮਜ਼ਬੂਤ ਹੋਣਾ ਤੇ ਮੁੜ ਪੈਰਾਂ ਸਿਰ ਹੋਣਾ ਸਾਡੇ ਦੇਸ਼ ਦੀ ਮਜ਼ਬੂਤੀ ਨੂੰ ਦਰਸਾਉਂਦਾ ਹੈ।'' ਉਨ੍ਹਾਂ ਕਿਹਾ, ''ਬਜਟ ਵਿੱਚ ਸਰਕਾਰੀ ਖ਼ਜ਼ਾਨੇ ਨੂੰ ਮਜ਼ਬੂਤ ਕਰਨ ਦੀ ਥਾਂ ਆਰਥਿਕ ਵਾਧੇ ਨੂੰ ਤਰਜੀਹ ਦਿੱਤੀ ਗਈ ਹੈ। ਬਜਟ ਵਾਧੇ ਲਈ ਲਗਾਤਾਰ ਰਫ਼ਤਾਰ ਦਿੰਦਾ ਰਹੇਗਾ।'' ਉਨ੍ਹਾਂ ਕਿਹਾ ਕਿ ਬਜਟ ਦਾ ਰੁਖ਼ ਵਿਕਾਸ ਦੇ ਸੱਤ ਇੰਜਣਾਂ- ਸੜਕ, ਰੇਲਵੇ, ਹਵਾਈ ਅੱਡਾ, ਬੰਦਰਗਾਹ, ਜਨਤਕ ਆਵਾਜਾਈ, ਜਲਮਾਰਗ ਤੇ ਲੌਜਿਸਟਿਕ ਬੁਨਿਆਦੀ ਢਾਂਚੇ 'ਤੇ ਅਧਾਰਿਤ ਹੈ। ਇਹ ਬੁਨਿਆਦੀ ਢਾਂਚੇ ਦੇ ਪ੍ਰਮੁੱਖ ਖੇਤਰ ਹਨ। ਬਜਟ ਤਜਵੀਜ਼ਾਂ ਵਿੱਚ ਆਵਾਜਾਈ ਤੇ ਲੌਜਿਸਟਿਕ ਖੇਤਰਾਂ (ਗਤੀ ਸ਼ਕਤੀ), ਬੈਂਕਿੰਗ ਤੇ ਵਿੱਤੀ ਤਕਨਾਲੋਜੀ (75 ਡਿਜੀਟਲ ਇਕਾਈਆਂ ਸਥਾਪਤ ਕੀਤੀਆਂ ਜਾਣਗੀਆਂ), ਖੇਤੀ, ਬਿਜਲਈ ਵਾਹਨ ਖੇਤਰ ਸਣੇ ਹੋਰਨਾਂ ਖੇਤਰਾਂ ਨੂੰ ਮਜ਼ਬੂਤ ਬਣਾਉਣ ਲਈ ਆਧਾਰ ਰੱਖਿਆ ਗਿਆ ਹੈ।ਬਜਟ ਵਿੱਚ ਸਟਾਰਟਅੱਪਸ ਨੂੰ ਹੱਲਾਸ਼ੇਰੀ ਦੇਣ ਦੇ ਇਰਾਦੇ ਨਾਲ ਲੰਮੇ ਸਮੇਂ ਤੱਕ ਪੂੰਜੀਗਤ ਲਾਭ 'ਤੇ 15 ਫੀਸਦ ਸਰਚਾਰਜ ਲਾਉਣ ਦੀ ਤਜਵੀਜ਼ ਹੈ। ਬਰਾਮਦਾਂ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਆਰਥਿਕ ਜ਼ੋਨ (ਸੇਜ਼) ਕਾਨੂੰਨ ਦੀ ਥਾਂ ਨਵਾਂ ਕਾਨੂੰਨ ਲਿਆਂਦਾ ਜਾਵੇਗਾ।

ਪਿਛਲੇ ਸਾਲ ਵਾਂਗ ਐਤਕੀਂ ਬਜਟ ਵਿੱਚ ਬੁਨਿਆਦੀ ਢਾਂਚੇ 'ਤੇ ਕੀਤੇ ਜਾਣ ਵਾਲੇ ਖਰਚ ਨੂੰ ਵੱਡਾ ਹੁਲਾਰਾ ਦਿੱਤਾ ਗਿਆ ਹੈ। ਇਸ ਵਿੱਚ 5ਜੀ ਸਪੈਕਟ੍ਰਮ ਦੀ ਨਿਲਾਮੀ, ਕੌਮੀ ਸ਼ਾਹਰਾਹਾਂ ਦਾ 25000 ਕਿਲੋਮੀਟਰ ਤੱਕ ਵਿਸਥਾਰ, ਨਦੀਆਂ ਨੂੰ ਇਕ ਦੂਜੇ ਨਾਲ ਜੋੜਨਾ ਤੇ 400 ਨਵੀਂ ਜਨਰੇਸ਼ਨ ਦੀਆਂ ਵੰਦੇ ਭਾਰਤ ਟਰੇਨਾਂ ਦਾ ਨਿਰਮਾਣ ਸ਼ਾਮਲ ਹੈ। ਵਿੱਤ ਮੰਤਰੀ ਨੇ ਅਗਲੇ ਵਿੱਤੀ ਸਾਲ ਤੋਂ ਆਰਬੀਆਈ ਵੱਲੋਂ ਡਿਜੀਟਲ ਕਰੰਸੀ ਸ਼ੁਰੂ ਕੀਤੇ ਜਾਣ ਦੀਆਂ ਯੋਜਨਾਵਾਂ ਦਾ ਵੀ ਐਲਾਨ ਕੀਤਾ।

ਬਜਟ ਵਿੱਚ ਡਿਜੀਟਲ ਅਸਾਸਿਆਂ ਦੇ ਲੈਣ-ਦੇਣ, ਜਿਨ੍ਹਾਂ ਵਿੱਚ ਕ੍ਰਿਪਟੋਕਰੰਸੀਜ਼ ਤੇ ਐੱਨਐੱਫਟੀ'ਜ਼ ਵੀ ਸ਼ਾਮਲ ਹਨ, ਤੋਂ ਹੋਣ ਵਾਲੇ ਮੁਨਾਫ਼ੇ 'ਤੇ ਪਹਿਲੀ ਅਪਰੈਲ ਤੋਂ 30 ਫੀਸਦ ਟੈਕਸ ਲਾਉਣ ਦੀ ਵੀ ਤਜਵੀਜ਼ ਹੈ। ਬਜਟ ਵਿੱਚ ਹੈ-ੱਡਫੋਨਜ਼, ਲਾਊਡ ਸਪੀਕਰਾਂ, ਸਮਾਰਟ ਮੀਟਰਾਂ ਤੇ ਸੋਲਰ ਪੈਨਲਾਂ ਦੀ ਸਥਾਨਕ ਪੱਧਰ 'ਤੇ ਮੈਨੂਫੈਕਚਰਿੰਗ ਨੂੰ ਵਧਾਉਣ ਲਈ ਇਨ੍ਹਾਂ ਵਸਤਾਂ ਦੀ ਦਰਾਮਦ 'ਤੇ ਲੱਗਦੀ ਚੁੰਗੀ ਵਧਾ ਦਿੱਤੀ ਗਈ ਹੈ।

ਵਿੱਤ ਮੰਤਰੀ ਨੇ ਬਿਜਲਈ ਵਾਹਨਾਂ ਲਈ ਨਵੀਂ ਬੈਟਰੀ ਸਵੈਪਿੰਗ ਪਾਲਿਸੀ ਦਾ ਐਲਾਨ ਕਰਨ ਦੇ ਨਾਲ 3।8 ਕਰੋੜ ਘਰਾਂ ਨੂੰ ਟੂਟੀਆਂ ਰਾਹੀਂ ਪਾਣੀ ਦੇਣ ਲਈ 60 ਹਜ਼ਾਰ ਕਰੋੜ ਰੁਪਏ ਰੱਖੇ ਹਨ। ਸੋਲਰ ਮੌਡਿਊਲਜ਼ ਨੂੰ ਹੁਲਾਰੇ ਤੇ ਸਥਾਨਕ ਪੱਧਰ 'ਤੇ ਮੈਨੂਫੈਕਚਰਿੰਗ ਲਈ 19,500 ਕਰੋੜ ਰੁਪਏ ਦਾ ਵਾਧੂ ਉਤਪਾਦਨ ਨਾਲ ਜੁੜਿਆ ਇਨਸੈਂਟਿਵ ਦਿੱਤਾ ਜਾਵੇਗਾ। ਡੇਢ ਲੱਖ ਡਾਕਖਾਨਿਆਂ ਨੂੰ ਕੋਰ ਬੈਂਕਿੰਗ ਪਲੇਟਫਾਰਮ ਨਾਲ ਜੋੜਿਆ ਜਾਵੇਗਾ।

**ਦੇਸ਼ 'ਚ ਬਣੇਗੀ ਡਿਜੀਟਲ ਯੂਨੀਵਰਸਿਟੀ**

ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਦੇਸ਼ ਵਿੱਚ ਸਿੱਖਿਆ ਪ੍ਰਦਾਨ ਕਰਨ ਲਈ ਡਿਜੀਟਲ ਯੂਨੀਵਰਸਿਟੀ ਦੀ ਸਥਾਪਨਾ ਦਾ ਪ੍ਰਸਤਾਵ ਦਿੱਤਾ ਅਤੇ ਕਿਹਾ ਕਿ ਇਹ ਹੱਬ ਅਤੇ ਸਪੋਕ ਮਾਡਲ ਦੇ ਆਧਾਰ 'ਤੇ ਬਣਾਈ ਜਾਵੇਗੀ। ਸੰਸਦ ਵਿੱਚ ਵਿੱਤੀ ਸਾਲ 2022-23 ਦਾ ਬਜਟ ਪੇਸ਼ ਕਰਦੇ ਹੋਏ ਸੀਤਾਰਮਨ ਨੇ ਕਿਹਾ ਕਿ ਸਰਕਾਰ ਕੋਵਿਡ-19 ਮਹਾਮਾਰੀ ਦੌਰਾਨ ਲਗਾਈਆਂ ਗਈਆਂ ਪਾਬੰਦੀਆਂ ਕਾਰਨ ਰਸਮੀ ਸਿੱਖਿਆ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਸਕੂਲੀ ਬੱਚਿਆਂ ਨੂੰ ਪੂਰਕ ਸਿੱਖਿਆ ਪ੍ਰਦਾਨ ਕਰਨ ਦੀ ਯੋਜਨਾ 'ਤੇ ਕੰਮ ਕਰ ਰਹੀ ਹੈ। ਇਸ ਦੇ ਲਈ 'ਵਨ ਕਲਾਸ-ਵਨ ਟੀਵੀ ਚੈਨਲ' ਦੀ ਪ੍ਰਣਾਲੀ ਲਾਗੂ ਕੀਤੀ ਜਾਵੇਗੀ।

# ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ ਨਾ ਹੋਣ ਕਾਰਨ ਲੱਖਾਂ ਨੌਜਵਾਨ ਰਹਿ ਜਾਣਗੇ ਵੋਟ ਤੋਂ ਵਾਂਝੇ

**ਚੰਡੀਗੜ੍ਹ –** ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ ਦੇ ਮਾਮਲੇ ਵਿੱਚ ਪੰਜਾਬ ਮੁੜ ਪਛੜ ਗਿਆ ਹੈ। ਸਿਰਫ਼ 30 ਫ਼ੀਸਦੀ ਨੌਜਵਾਨ ਹੀ ਚੋਣ ਕਮਿਸ਼ਨ ਕੋਲ ਪਹਿਲੀ ਵਾਰ ਵੋਟ ਬਣਵਾਉਣ ਲਈ ਪੁੱਜੇ ਹਨ। ਮਾਹਰ ਇਸ ਨੂੰ ਲੋਕਤੰਤਰ ਵਿਵਸਥਾ ਲਈ ਖ਼ਤਰੇ ਦੀ ਘੰਟੀ ਸਮਝ ਰਹੇ ਹਨ।

ਚੋਣ ਕਮਿਸ਼ਨ ਨੇ ਪੰਜਾਬ ਤੋਂ ਵਿਦੇਸ਼ ਪੜ੍ਹਾਈ ਲਈ ਗਏ ਵਿਦਿਆਰਥੀਆਂ ਦਾ ਵਿਦੇਸ਼ ਮੰਤਰਾਲੇ ਤੋਂ ਬਿਓਰਾ ਮੰਗਿਆ ਹੈ। ਭਾਵੇਂ ਕਿ ਪੜ੍ਹਾਈ ਜਾਂ ਹੋਰ ਕਿਸੇ ਕਾਰਨ ਨਾਲ ਵੋਟਰ ਸੂਚੀ ਵਿੱਚ ਨਾਂਅ ਰਜਿਸਟਰ ਨਾ ਕਰਵਾਉਣ ਦੇ ਹੋਰ ਵੀ ਕਈ ਕਾਰਨ ਹੋ ਸਕਦੇ ਹਨ।

ਆਬਾਦੀ ਦੇ ਹਿਸਾਬ ਨਾਲ ਚੋਣ ਕਮਿਸ਼ਨ ਵੱਲੋਂ 2022 ਦੀਆਂ ਵਿਧਾਨ ਸਭਾ ਚੋਣਾਂ ਲਈ ਪੰਜਾਬ ਦੇ ਲਗਭਗ 9-30 ਲੱਖ ਨੌਜਵਾਨ ਵੋਟਰਾਂ ਦੀ ਰਜਿਸਟ੍ਰੇਸ਼ਨ ਦਾ ਟੀਚਾ ਸੀ। ਪਰੰਤੂ ਤਾਜ਼ਾ ਅੰਕੜਿਆਂ ਅਨੁਸਾਰ ਸਿਰਫ਼ 2,78,969 ਨੌ-ਜਵਾਨਾਂ ਨੇ ਹੀ ਆਪਣੀ ਵੋਟ ਦਰਜ ਕਰਵਾਈ ਹੈ, ਜਿਨ੍ਹਾਂ ਨੂੰ ਪਹਿਲੀ ਵਾਰ ਵੋਟ ਪਾਉਣ ਦਾ ਅਧਿਕਾਰ ਮਿਲਿਆ ਹੈ। 18 ਤੋਂ 29 ਸਾਲ ਦੀ ਉਮਰ ਦੇ ਇਹ 9,30,406 ਨੌਜਵਾਨ ਆਬਾਦੀ ਦਾ ਸਿਰਫ਼ 30 ਫੀਸਦੀ ਹਨ। ਭਾਵ ਪੰਜਾਬ ਦੇ 70% ਨੌਜਵਾਨ ਅਜਿਹੇ ਹਨ, ਜਿਨ੍ਹਾਂ ਨੇ ਕਿਸੇ ਨਾ ਕਿਸੇ ਕਾਰਨ ਆਪਣੀ ਵੋਟ ਰਜਿਸਟਰਡ ਨਹੀਂ ਕਰਵਾਈ। ਕਿਉਂਕਿ ਉਹ ਜਾਂ ਤਾਂ ਵਿਦੇਸ਼ਾਂ ਵਿੱਚ ਪੜ੍ਹ ਰਹੇ ਹਨ ਜਾਂ ਦੂਜੇ ਰਾਜਾਂ ਵਿੱਚ ਜਾਂ ਫਿਰ ਆਪਣੇ ਆਪ ਨੂੰ ਸੂਬੇ ਤੋਂ ਬਾਹਰ ਸੈਟਲ ਕਰ ਚੁੱਕੇ ਹਨ।

ਸੂਬੇ ਵਿੱਚ ਕੁੱਲ ਰਜਿਸਟਰਡ ਵੋਟਰਾਂ ਦੀ ਗੱਲ ਕਰੀਏ ਤਾਂ ਇਸ ਸਮੇਂ 2,12,75,066 ਵੋਟਰ ਹਨ। ਇਨ੍ਹਾਂ ਵਿੱਚੋਂ 1,11,87,857 ਪੁਰਸ਼, 1,00,86,514 ਔਰਤਾਂ ਅਤੇ 695 ਹੋਰ ਵੋਟਰ ਹਨ। ਕੁੱਲ ਵੋਟਰਾਂ ਵਿੱਚੋਂ 2,78,969 ਪਹਿਲੀ ਵਾਰ ਆਪਣੀ ਵੋਟ ਪਾਉਣਗੇ, ਜੋ ਕੁੱਲ ਵੋਟਰਾਂ ਦਾ ਸਿਰਫ਼ 1-31% ਹੈ।

ਇਸ ਸਾਲ 30 ਤੋਂ 39 ਸਾਲ ਦੇ ਨੌਜਵਾਨ ਉ-ਮੀਦਵਾਰਾਂ ਦਾ ਭਵਿੱਖ ਚੁਣਨ ਲਈ ਸਭ ਤੋਂ ਵੱਧ ਯੋਗਦਾਨ ਪਾਉਣਗੇ। ਵੋਟਰ ਸੂਚੀ ਅਨੁਸਾਰ 20 ਤੋਂ 29 ਸਾਲ ਦੀ ਉਮਰ ਦੇ ਨੌਜਵਾਨ ਵੋਟਰਾਂ ਦੀ ਗਿਣਤੀ 40 ਲੱਖ ਦੇ ਕਰੀਬ ਹੈ। ਜਦਕਿ ਵੋਟਰ ਸੂਚੀ ਵਿੱਚ 30 ਤੋਂ 39 ਸਾਲ ਦੇ ਨੌਜਵਾਨਾਂ ਦੀ ਗਿਣਤੀ 56-9 ਲੱਖ ਦੇ ਕਰੀਬ ਹੈ। ਇਸ ਦੇ ਨਾਲ ਹੀ ਪੰਜਾਬ ਦੇ ਕੁੱਲ ਵੋਟਰਾਂ ਵਿੱਚੋਂ 40 ਸਾਲ ਤੋਂ ਵੱਧ ਉਮਰ ਦੇ 1-13 ਕਰੋੜ ਵੋਟਰ ਹਨ।

ਪੰਜਾਬ ਦੀਆਂ ਪਿਛਲੀਆਂ ਚਾਰ ਵਿਧਾਨ ਸਭਾ ਚੋਣਾਂ 2002, 2007, 2012 ਅਤੇ 2017 ਦੀ ਗੱਲ ਕਰੀਏ, ਜਿਸ ਵਿੱਚ ਜਿਸ ਪਾਰਟੀ ਨੂੰ ਵੱਧ ਵੋਟਾਂ ਮਿਲੀਆਂ ਉਹ ਔਸਤਨ 3।75 ਫੀਸਦੀ ਵੋਟਾਂ ਲੈ ਕੇ ਚੋਣ ਜਿੱਤ ਸਕੀ। ਪਹਿਲੀਆਂ ਤਿੰਨ ਚੋਣਾਂ ਵਿੱਚ ਕਾਂਗਰਸ ਅਤੇ ਅਕਾਲੀ-ਭਾਜਪਾ ਗਠਜੋੜ ਵਿਚਾਲੇ ਸਿੱਧਾ ਮੁਕਾਬਲਾ ਸੀ।

2017 ਦੀਆਂ ਚੋਣਾਂ ਵਿੱਚ ਪਹਿਲੀ ਵਾਰ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਤੀਜਾ ਫਰੰਟ ਵੀ ਵੋਟਰਾਂ ਦੇ ਸਾਹਮਣੇ ਆਇਆ। ਇਸ ਲਈ ਵੋਟ ਸ਼ੇਅਰ ਤਿੰਨ ਮੁੱਖ ਮੋਰਚਿਆਂ ਵਿੱਚ ਵੰਡਿਆ ਗਿਆ ਹੈ।

2002 ਵਿੱਚ, ਕਾਂਗਰਸ ਨੇ 0-94 ਪ੍ਰਤੀਸ਼ਤ ਵੋਟ ਸ਼ੇਅਰ ਨਾਲ ਚੋਣ ਜਿੱਤੀ ਸੀ। 2007 ਵਿੱਚ, ਅਕਾਲੀ-ਭਾਜਪਾ ਗਠਜੋੜ 4।47 ਪ੍ਰਤੀਸ਼ਤ ਵੱਧ ਵੋਟ ਸ਼ੇਅਰ ਨਾਲ ਜਿੱਤਿਆ ਸੀ। ਇਸ ਦੇ ਨਾਲ ਹੀ, 2012 ਵਿੱਚ, ਗਠਜੋੜ ਨੇ 1।82 ਪ੍ਰਤੀਸ਼ਤ ਵੱਧ ਵੋਟ ਸ਼ੇਅਰ ਨਾਲ ਫਿਰ ਤੋਂ ਲਹਿਰਾਇਆ। 2017 'ਚ ਕਾਂਗਰਸ ਨੇ 7।86 ਫੀਸਦੀ ਵੱਧ ਵੋਟ ਸ਼ੇਅਰ ਨਾਲ ਸਰਕਾਰ ਬਣਾਈ ਸੀ।

**ਚੋਣ ਕਮਿਸ਼ਨ ਨੇ ਵਿਦੇਸ਼ ਮੰਤਰਾਲੇ ਤੋਂ ਮੰਗਿਆ ਵਿਦੇਸ਼ ਗਏ ਵਿਦਿਆਰਥੀਆਂ ਦਾ ਵੇਰਵਾ**

ਪੰਜਾਬ ਦੀਆਂ ਸਿਆਸੀ ਪਾਰਟੀਆਂ ਨੌਜਵਾਨਾਂ ਦੀ ਘੱਟ ਰਹੀ ਗਿਣਤੀ ਨੂੰ ਲੈ ਕੇ ਬਹੁਤੀ ਚਿੰਤਤ ਨਹੀਂ ਹਨ। ਹਾਲਾਂਕਿ ਚੋਣ ਕਮਿਸ਼ਨ ਨੌਜਵਾਨਾਂ ਨੂੰ ਵੋਟਰ ਸੂਚੀ ਵਿੱਚ ਸ਼ਾਮਲ ਕਰਵਾਉਣ ਲਈ ਯਤਨਸ਼ੀਲ ਹੈ ਤਾਂ ਜੋ ਇਸ ਦਾ ਅਸਰ ਚੋਣਾਂ ਦੇ ਨਤੀਜਿਆਂ ਵਿੱਚ ਵੀ ਦੇਖਿਆ ਜਾ ਸਕੇ। ਇਸ ਸਬੰਧੀ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਕਰੁਣਾ ਰਾਜੂ ਨੇ ਇਹ ਵੀ ਕਿਹਾ ਹੈ ਕਿ ਇਹ ਗੰਭੀਰ ਚਿੰਤਾ ਦਾ ਵਿਸ਼ਾ ਹੈ ਕਿ ਬਹੁਤ ਘੱਟ ਲੋਕਾਂ ਨੇ ਇਸ ਸ਼੍ਰੇਣੀ ਵਿੱਚ ਰਜਿਸਟਰੇਸ਼ਨ ਕਰਵਾਈ ਹੈ। ਇੱਥੋਂ ਤੱਕ ਕਿ ਵਿਦੇਸ਼ ਮੰਤਰਾਲੇ, ਭਾਰਤ ਸਰਕਾਰ ਨੇ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖ ਕੇ ਸਟੱਡੀ ਵੀਜ਼ੇ 'ਤੇ ਵਿਦੇਸ਼ ਗਏ ਵਿਦਿਆਰਥੀਆਂ ਦੇ ਵੇਰਵੇ ਮੰਗੇ ਹਨ ਤਾਂ ਜੋ ਉਨ੍ਹਾਂ ਨੂੰ ਵੋਟਰ ਵਜੋਂ ਦਰਜ ਕੀਤਾ ਜਾ ਸਕੇ।

# ਕੈਨੇਡਾ ਦੀ ਰਾਜਧਾਨੀ 'ਚ ਜ਼ੋਰਦਾਰ ਪ੍ਰਦਰਸ਼ਨ, ਟਰੂਡੋ ਪਰਿਵਾਰ ਨੇ ਸਰਕਾਰੀ ਘਰ ਛੱਡਿਆ

**ਟੋਰਾਂਟੋ–** ਕੈਨੇਡੀਅਨ ਰਾਜਧਾਨੀ ਓਟਵਾ ਵਿੱਚ ਹਜ਼ਾਰਾਂ ਲੋਕਾਂ ਨੇ ਕੋਵਿਡ-19 ਪਾਬੰਦੀਆਂ ਅਤੇ ਵੈਕਸੀਨ ਦੇ ਆਦੇਸ਼ਾਂ ਦਾ ਵਿਰੋਧ ਕੀਤਾ ਅਤੇ ਜਾਣਬੁੱਝ ਕੇ ਪਾਰਲੀਮੈਂਟ ਹਿੱਲ ਦੇ ਆਲੇ-ਦੁਆਲੇ ਆਵਾਜਾਈ ਨੂੰ ਰੋਕ ਦਿੱਤਾ। ਕੁਝ ਪ੍ਰਦਰਸ਼ਨਕਾਰੀਆਂ ਨੇ 'ਨੈਸ਼ਨਲ ਵਾਰ ਮੈਮੋਰੀਅਲ' 'ਤੇ ਪਿਸ਼ਾਬ ਕਰ ਕੇ ਗੱਡੀਆਂ ਖੜ੍ਹੀਆਂ ਕਰ ਦਿੱਤੀਆਂ। ਮਹਾਮਾਰੀ ਨਾਲ ਨਜਿੱਠਣ ਦੇ ਆਦੇਸ਼ਾਂ ਖ਼ਿਲਾਫ਼ ਕੈਨੇਡਾ ਦੇ ਸਭ ਤੋਂ ਵੱਡੇ ਪ੍ਰਦਰਸ਼ਨਾਂ ਤੋਂ ਬਾਅਦ ਦੇਸ਼ ਵਿੱਚ ਪ੍ਰਦਰਸ਼ਨਕਾਰੀਆਂ ਨੂੰ ਦੂਜਿਆਂ ਦੀ ਹਮਦਰਦੀ ਨਹੀਂ ਮਿਲੀ ਹੈ। ਕੈਨੇਡਾ ਵਿੱਚ 80 ਫੀਸਦੀ ਆਬਾਦੀ ਦਾ ਟੀਕਾਕਰਨ ਹੋ ਚੁੱਕਾ ਹੈ। ਪ੍ਰਦਰਸ਼ਨਕਾਰੀਆਂ ਦੇ ਅਸ਼ਲੀਲ ਵਿਵਹਾਰ ਤੋਂ ਕਈ ਲੋਕ ਨਾਰਾਜ਼ ਸਨ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਓਟਵਾ ਵਿੱਚ ਪ੍ਰਦਰਸ਼ਨਕਾਰੀ ਘੱਟਗਿਣਤੀ ਹਨ। ਪ੍ਰਦਰਸ਼ਨ ਦੌਰਾਨ ਟਰੂਡੋ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਕਿਸੇ ਅਣਦੱਸੀ ਥਾਂ 'ਤੇ ਲਿਜਾਇਆ ਗਿਆ। ਉਨ੍ਹਾਂ ਦੇ ਦੋ ਬੱਚੇ ਕਰੋਨਾ ਪੀੜਤ ਹਨ ਤੇ ਮੰਗਲਵਾਰ ਨੂੰ ਜਾਂਚ ਰਿਪੋਰਟ ਵਿਚ ਉਨ੍ਹਾਂ ਦੇ ਵੀ ਪਾਜ਼ੇਟਿਵ ਹੋਣ ਦੀ ਪੁਸ਼ਟੀ ਹੋਈ ਹੈ। ਟਰੂਡੋ ਨੇ ਕਿਹਾ ਕਿ ਉਹ ਠੀਕ ਹਨ। ਕੁਝ ਪ੍ਰਦਰਸ਼ਨਕਾਰੀਆਂ ਨੇ ਅੱਜ ਵੀ ਪ੍ਰਦਰਸ਼ਨ ਜਾਰੀ ਰੱਖਿਆ। ਉਨ੍ਹਾਂ ਕਿਹਾ ਕਿ ਜਦੋਂ ਤੱਕ ਵੈਕਸੀਨ ਸਬੰਧੀ ਸਾਰੇ ਹੁਕਮ ਅਤੇ ਹੋਰ ਪਾਬੰਦੀਆਂ ਵਾਪਸ ਨਹੀਂ ਲਈਆਂ ਜਾਂਦੀਆਂ, ਉਦੋਂ ਤੱਕ ਇਹ ਨਹੀਂ ਹਟਣਗੇ।

**ਮੁਜ਼ਾਹਰਾਕਾਰੀਆਂ ਵੱਲੋਂ ਹੁੱਲੜਬਾਜ਼ੀ**



ਕਰੋਨਾ ਵਾਇਰਸ ਸਬੰਧੀ ਪਾਬੰਦੀਆਂ ਤੇ ਲਾਜ਼ਮੀ ਟੀਕਾਕਰਨ ਸ਼ਰਤਾਂ ਵਿਰੁੱਧ ਟਰੱਕਾਂ ਵਾਲਿਆਂ ਵੱਲੋਂ ਕੈਨੇਡਾ ਦੀ ਰਾਜਧਾਨੀ ਓਟਵਾ ਵਿਚ ਸ਼ੁਰੂ ਕੀਤੇ ਗਏ ਰੋਸ ਮੁਜ਼ਾਹਰੇ ਦੇ ਤੀਜੇ ਦਿਨ ਸੰਸਦੀ ਖੇਤਰ ਘੇਰੀ ਬੈਠੇ ਮੁਜ਼ਾਹਰਾਕਾਰੀਆਂ 'ਚ ਘੁਸਪੈਠ ਕਰਨ ਵਾਲੇ ਸ਼ਰਾਰਤੀ ਲੋਕ ਹੁੱਲੜਬਾਜ਼ੀ ਅਤੇ ਤੋੜ-ਭੰਨ੍ਹ 'ਤੇ ਉਤਰ ਆਏ ਹਨ। ਦਿਨ-ਬ-ਦਿਨ ਸਥਿਤੀ ਗੰਭੀਰ ਹੁੰਦੀ ਜਾ ਰਹੀ ਹੈ। ਕਰੋਨਾ ਪਾਜ਼ੇਟਿਵ ਹੋਣ ਕਾਰਨ ਇਕਾਂਤਵਾਸ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਣਦੱਸੀ ਥਾਂ ਤੋਂ ਸੰਬੋਧਨ ਕਰਦਿਆਂ ਮੁਜ਼ਾਹਰਾਕਾਰੀਆਂ ਨੂੰ ਤਾੜਨਾ ਕੀਤੀ ਹੈ ਕਿ ਉਹ ਸਰਕਾਰ ਨੂੰ ਸਖ਼ਤੀ ਕਰਨ ਲਈ ਮਜਬੂਰ ਨਾ ਕਰਨ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਭਾਈਚਾਰਕ ਨਫ਼ਰਤ ਫੈਲਾਉਣ ਦੀ ਛੋਟ ਨਹੀਂ ਦਿੱਤੀ ਜਾ ਸਕਦੀ ਤੇ ਇਸ ਸੋਚ ਵਾਲੇ ਅਨਸਰਾਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਪ੍ਰਧਾਨ ਮੰਤਰੀ ਨੇ ਟਰੱਕਾਂ ਵਾਲਿਆਂ ਨੂੰ ਮਾੜੇ ਅਨਸਰਾਂ ਦੀ ਉਨ੍ਹਾਂ ਵਿਚ ਘੁਸਪੈਠ ਅਤੇ ਚਾਲਾਂ ਤੋਂ ਸੁਚੇਤ ਕੀਤਾ ਹੈ। ਉਨ੍ਹਾਂ ਕਿਹਾ ਕਿ ਟੀਕਾਕਰਨ ਤੋਂ ਨਾਂਹ ਕਰਨਾ ਤਾਂ ਸਿੱਧਾ ਵਿਗਿਆਨ ਨੂੰ ਨਕਾਰਨਾ ਅਤੇ ਚੁਣੌਤੀ ਹੈ। ਓਟਵਾ ਸ਼ਹਿਰ ਵਿਚ ਲੋਕਾਂ ਦਾ ਜਿਊਣਾ ਔਖਾ ਹੋਇਆ ਪਿਆ ਹੈ। ਟਰੱਕ ਖੜ੍ਹੇ ਹੋਣ ਕਾਰਨ ਸੜਕਾਂ ਉਤੇ ਆਵਾਜਾਈ ਬੰਦ ਹੈ। ਕਾਫ਼ੀ ਕੂੜਾ ਖ਼ਿਲਰਿਆ ਪਿਆ ਹੈ ਤੇ ਟਰੱਕਾਂ ਦੇ ਹਾਰਨ ਵੱਜਣ ਨਾਲ ਸ਼ਹਿਰ ਦਾ ਵਾਤਾਵਰਨ ਵੀ ਦੂਸ਼ਿਤ ਹੋ ਰਿਹਾ ਹੈ। ਭੜਕਾਹਟ ਤੋਂ ਬਚਦਿਆਂ ਪੁਲੀਸ ਸਖ਼ਤੀ ਤੋਂ ਕਤਰਾ ਰਹੀ ਹੈ। ਅੱਜ ਸ਼ਹਿਰ ਵਿਚ ਲੱਗੇ ਕੁਝ ਬੁੱਤਾਂ ਤੇ ਹੋਰ ਯਾਦਗਾਰੀ ਥਾਵਾਂ ਨਾਲ ਛੇੜਛਾੜ ਕਰ ਕੇ ਨੁਕਸਾਨ ਕੀਤਾ ਗਿਆ ਹੈ। ਕਈ ਲੋਕ ਹੱਥਾਂ ਵਿਚ ਨਾਜ਼ੀ ਝੰਡੇ ਲੈ ਕੇ ਅਤੇ ਨਸਲੀ ਨਫ਼ਰਤ ਫੈਲਾਉਂਦੀਆਂ ਤਖ਼ਤੀਆਂ ਲੈ ਕੇ ਰੋਸ ਪ੍ਰਦਰਸ਼ਨ ਵਿਚ ਸ਼ਾਮਲ ਹੋ ਰਹੇ ਹਨ। ਓਟਵਾ ਦੇ ਬੇਘਰੇ ਲੋਕਾਂ ਨੇ ਦੋਸ਼ ਲਾਇਆ ਕਿ ਬਾਹਰਲੇ ਲੋਕ ਉਨ੍ਹਾਂ ਨੂੰ ਵੀ ਨਹੀਂ ਬਖ਼ਸ਼ ਰਹੇ ਤੇ ਉਨ੍ਹਾਂ ਹੱਥੋਂ ਖਾਣਾ ਖੋਹ ਕੇ ਖਾ ਲੈਂਦੇ ਹਨ। ਕੁਝ ਮੀਡੀਆਂ ਰਿਪੋਰਟਾਂ ਅਨੁਸਾਰ ਘੁਸਪੈਠ ਕਰਨ ਵਾਲਿਆਂ ਵੱਲੋਂ ਇਸਲਾਮ ਵਿਰੁੱਧ ਨਾਅਰੇ ਲਾ ਕੇ ਮੁਸਲਮਾਨ ਭਾਈਚਾਰੇ ਨੂੰ ਟੱਕਰ ਲਈ ਉਕਸਾਇਆ ਜਾ ਰਿਹਾ ਹੈ। ਮੂਲਵਾਸੀ ਲੋਕ ਵੀ ਵੱਡੀ ਗਿਣਤੀ ਵਿਚ ਉੱਥੇ ਪਹੁੰਚ ਗਏ ਹਨ। ਪ੍ਰਧਾਨ ਮੰਤਰੀ ਤੋਂ ਜਸਟਿਨ ਟਰੂਡੋ ਤੋਂ ਅਸਤੀਫਾ ਮੰਗਿਆ ਜਾ ਰਿਹਾ ਹੈ। ਸ਼ਹਿਰ ਵਾਸੀਆਂ ਨੂੰ ਜ਼ਰੂਰੀ ਵਸਤਾਂ ਦੀ ਚਿੰਤਾ ਸਤਾਉਣ ਲੱਗੀ ਹੈ। ਬਹੁਤੇ ਸਟੋਰਾਂ ਵਿਚ ਸਾਮਾਨ ਖ਼ਤਮ ਹੋਣ ਕਾਰਨ ਉਨ੍ਹਾਂ ਦੇ ਦਰਵਾਜ਼ੇ ਬੰਦ ਹਨ। ਮੁਜ਼ਾਹਰਾਕਾਰੀਆਂ ਵੱਲੋਂ ਖੋਲ੍ਹੇ ਗਏ ਫੰਡ ਵਿਚ ਹੁਣ ਤੱਕ 76 ਲੱਖ ਡਾਲਰ ਜਮ੍ਹਾਂ ਹੋ ਚੁੱਕੇ ਹਨ, ਇਸ ਵਿਚ ਵਿਦੇਸ਼ਾਂ ਤੋਂ ਵੱਡੀਆਂ ਰਕਮਾਂ ਆਉਣ ਦੇ ਖ਼ਦਸ਼ੇ ਪ੍ਰਗਟਾਏ ਜਾ ਰਹੇ ਹਨ।

# ਕਾਲ਼ੇ ਕਾਨੂੰਨਾਂ ਖਿਲਾਫ਼ ਸਮਾਗਮ-ਬੁੱਧੀਜੀਵੀਆਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰਨ ਦਾ ਸੱਦਾ








**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਮਨੁੱਖੀ ਅਧਿਕਾਰਾਂ ਉਪਰ ਬੋਲੇ ਕਾਲ਼ੇ ਕਾਨੂੰਨਾਂ ਦੇ ਹੱਲੇ ਖ਼ਿਲਾਫ਼ ਅਤੇ ਬੁੱਧੀਜੀਵੀਆਂ ਦੀ ਰਿਹਾਈ ਲਈ ਅੱਜ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸਮਾਗਮ ਕੀਤਾ ਗਿਆ।

ਸਮਾਗਮ ’ਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ, ਕਮੇਟੀ ਮੈਂਬਰ ਸਭਿਆਚਾਰਕ ਵਿੰਗ ਦੇ ਕਨਵੀਨਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਡੈਮੋਕ੍ਰੈਟਿਕ ਲਾਅਰਜ਼ ਐਸੋਸੀਏਸ਼ਨ ਦੇ ਬੁਲਾਰੇ ਐਡਵੋਕੇਟ ਦਲਜੀਤ ਸਿੰਘ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਪ੍ਰੈਸ ਸਕੱਤਰ ਬੂਟਾ ਸਿੰਘ ਨੇ ਸੰਬੋਧਨ ਕੀਤਾ।

ਬੁਲਾਰਿਆਂ ਨੇ ਗਣਤੰਤਰ ਦਿਵਸ ਦੇ ਪੂਰਵ ਸੰਧਿਆ ’ਤੇ ਹੋਏ ਇਸ ਸਮਾਗਮ ਵਿੱਚ ਬੋਲਦਿਆਂ ਲੋਕਾਂ ਲਈ ਹਕੀਕੀ ਆਜ਼ਾਦੀ, ਜਮਹੂਰੀਅਤ, ਬਰਾਬਰੀ, ਨਿਆਂ ਅਤੇ ਭਾਈਚਾਰਕ ਸਾਂਝ ਦੇ ਅਹਿਮ ਸੁਆਲ ਛੋਹੇ। ਬੁਲਾਰਿਆਂ ਨੇ ਕਿਹਾ ਕਿ ਲੋਕਾਂ ਨੂੰ ਆਪਣੀ ਮੁਕਤੀ ਲਈ ਗ਼ਦਰੀ ਬਾਬਿਆਂ ਦੇ ਦਰਸਾਏ ਲੋਕ ਸੰਘਰਸ਼ ਦੇ ਰਾਹ ’ਤੇ ਟੇਕ ਰੱਖ ਕੇ ਚੱਲਣ ਦੀ ਲੋੜ ਹੈ। ਸਮਾਗਮ ’ਚ ਲੋਕਾਂ ਨੇ ਹੱਥ ਖੜ੍ਹੇ ਕਰਕੇ ਪਾਸ ਕੀਤੇ ਮਤਿਆਂ ਰਾਹੀਂ ਮੰਗ ਕੀਤੀ ਕਿ ਕਾਲ਼ੇ ਕਾਨੂੰਨ ਵਾਪਸ ਲਏ ਜਾਣ, ਬੁੱਧੀਜੀਵੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਏ, ਯੂ.ਏ.ਪੀ.ਏ. ਅਸਫ਼ਸਪਾ ਵਰਗੇ ਕਾਲ਼ੇ ਕਾਨੂੰਨ ਰੱਦ ਕੀਤੇ ਜਾਣ, ਜੱਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਕੀਤਾ ਜਾਏ ਅਤੇ ਹਰਦੁਆਰ ਵਿਖੇ ਕੀਤੇ ਧਰਮ ਸੰਸਦ ਸੰਮੇਲਨ ਵਰਗੇ ਫ਼ਿਰਕੂ ਪ੍ਰਚਾਰ ਦੇ ਮੁਜ਼ਰਮਾਂ ’ਤੇ ਕਾਰਵਾਈ ਕੀਤੀ ਜਾਏ।

ਇਸ ਸਮਾਗਮ ਵਿੱਚ ਵਿਚਾਰ-ਚਰਚਾ ਉਪਰੰਤ ਪੀਪਲਜ਼ ਵਾਇਸ ਵੱਲੋਂ ਆਨੰਦ ਪਟਵਰਧਨ ਦੀ ਫ਼ਿਲਮ 'ਹਮਾਰਾ ਸ਼ਹਿਰ:ਬੰਬੇ ਆਵਰ ਸਿਟੀ’ ਤੋਂ ਇਲਾਵਾ ਗੌਹਰ ਰਜ਼ਾ ਦੀ ਕਵਿਤਾ 'ਗਵਾਹੀ ਦੋ’ ਅਤੇ ਪਾਸ਼ ਦੀ ਕਵਿਤਾ 'ਕੰਡੇ ਦਾ ਜ਼ਖ਼ਮ’ ’ਤੇ ਬਣੀਆਂ ਫ਼ਿਲਮਾਂ ਦਿਖਾਈਆਂ ਗਈਆਂ। ਇਨ੍ਹਾਂ ਗੀਤਾਂ ਤੇ ਫ਼ਿਲਮਾਂ ਨੇ ਦਰਸ਼ਕਾਂ ਉਪਰ ਅਮਿੱਟ ਛਾਪ ਛੱਡੀ ਅਤੇ ਉਨ੍ਹਾਂ ਨੂੰ ਆਪਣੇ ਚੌਗਿਰਦੇ ਵਿੱਚ ਵਾਪਰਦੇ ਨਿੱਤ ਭਿਆਨਕ ਹਾਦਸਿਆਂ ਅਤੇ ਜ਼ਬਰ-ਜ਼ੁਲਮ ਬਾਰੇ ਸੋਚਣ ਲਈ ਝੰਜੋੜ ਕੇ ਰੱਖ ਦਿੱਤਾ।

ਡਾ. ਸੁਰਜੀਤ ਜੱਜ, ਸਰਗਮ, ਮਾਨਵਤਾ ਕਲਾ ਮੰਚ ਨਗਰ ਦੀ ਕਲਾਕਾਰ ਨਰਗਿਸ, ਧਰਮਿੰਦਰ ਮਸਾਣੀ ਨੇ ਕਵਿਤਾਵਾਂ ਪੇਸ਼ ਕੀਤੀਆਂ।

ਇਸ ਸਮਾਗਮ ਦੀ ਸਫ਼ਲਤਾ ’ਚ ਪੀਪਲਜ਼ ਵਾਇਸ, ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ, ਫੁਲਵਾੜੀ ਕਲਾ ਕੇਂਦਰ ਲੋਹੀਆਂ, ਪ੍ਰਗਤੀਸ਼ੀਲ ਲੇਖਕ ਸੰਘ ਇਕਾਈ ਪੰਜਾਬ, ਸਾਹਿਤ ਕਲਾ ਕੇਂਦਰ ਜਲੰਧਰ, ਪੰਜਾਬੀ ਲੇਖਕ ਸਭਾ ਰਜਿ ਜਲੰਧਰ, ਸਾਹਿਤਕ/ਸਭਿਆਚਾਰਕ ਮੰਚ ਫੁਲਕਾਰੀ, ਮਾਨਵਵਾਦੀ ਰਚਨਾ ਮੰਚ ਤਰਕਸ਼ੀਲ ਸੁਸਾਇਟੀ ਪੰਜਾਬ ਜਲੰਧਰ, ਜਮਹੂਰੀ ਅਧਿਕਾਰ ਸਭਾ ਪੰਜਾਬ ਜਲੰਧਰ, ਡੈਮੋਕ੍ਰੇਟਿਕ ਲਾਇਰਜ਼ ਐਸੋਸੀਏਸ਼ਨ ਨੇ ਸਹਿਯੋਗ ਲਈ ਮੋਢਾ ਲਾਇਆ। ਇਸ ਮੌਕੇ ’ਤੇ ਕਮੇਟੀ ਦੇ ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ, ਹਰਮੇਸ਼ ਮਾਲੜੀ ਤੋਂ ਇਲਾਵਾ ਪਲਸ ਮੰਚ ਸੂਬਾ ਕਮੇਟੀ ਮੈਂਬਰ ਜਸਵਿੰਦਰ ਪੱਪੀ, ਤਰਕਸ਼ੀਲ ਆਗੂ ਸੁਖਦੇਵ ਫਗਵਾੜਾ, ਸੁਖਵਿੰਦਰ ਬਾਗਪੁਰ, ਕਿਸਾਨ ਆਗੂ ਸ਼ਿੰਗਾਰਾ ਸਿੰਘ, ਗਿਆਨ ਸੈਦਪੁਰੀ, ਕਸ਼ਮੀਰ ਘੁੱਗਸ਼ੋਰ ਹਾਜ਼ਰ ਸਨ। ਕਨਵੈਨਸ਼ਨ ’ਚ ਮੰਚ ਸੰਚਾਲਕ ਦੀ ਭੂਮਿਕਾ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਨਿਭਾਈ।


## Change of Name

I, Simran Jeet Singh Khara
S/O Jujar Singh Khara

Currently Resident of:
730 Weeping Willow Ln
Tracy, CA 95376, U.S.A.

Now I have changed my name

**From:** Simran Jeet Singh Khara
**To:** Simranjeet Singh

All concerned kindly note it

I, Resham Singh Josan
S/O Harbhajan Singh

Currently Resident of:
20280 Dayton St
Riverside, CA 92508, U.S.A.

Now I have changed my name

**From:** Resham Singh Josan
**To:** Resham Singh

All concerned kindly note it.



# ਤਸਵੀਰ ਖਿੱਚਦਿਆਂ ਪੈਰ ਫਿਸਲਣ ਕਾਰਨ ਸੈਲਾਨੀ ਦੀ ਮੌਤ

**ਸੈਕਰਾਮੈਂਟੋ 30 ਜਨਵਰੀ (ਹੁਸਨ ਲੜੋਆ ਬੰਗਾ)–** ਲੌਸਟ ਡੱਚਮੈਨ ਸਟੇਟ ਪਾਰਕ ਵਿਚ ਇਕ ਸੈਲਾਨੀ ਤਸਵੀਰ ਖਿੱਚਣ ਦੀ ਕੋਸ਼ਿਸ਼ ਦੌਰਾਨ ਪੈਰ ਫਿਸਲ ਜਾਣ ਦੇ ਸਿੱਟੇ ਵਜੋਂ ਸੈਂਕੜੇ ਫੁੱਟ ਹੇਠਾਂ ਡਿੱਗ ਗਿਆ ਜਿਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਪੀਨਲ ਕਾਊਂਟੀ ਸ਼ੈਰਿਫ ਦਫਤਰ ਦੇ ਬੁਲਾਰੇ ਲੌਰੇਨ ਰੀਮਰ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਸੈਲਾਨੀ ਦੀ ਸ਼ਨਾਖਤ 21 ਸਾਲਾ ਰਿਚਰਡ ਜੈਕੋਬਰਸਨ ਵਜੋਂ ਹੋਈ ਤੇ ਉਸ ਦੀ ਲਾਸ਼ 700 ਫੁੱਟ ਹੇਠਾਂ ਖੱਡ ਵਿਚੋਂ ਮਿਲੀ ਹੈ। ਜੈਕੋਬਰਸਨ ਦੇ ਦੋਸਤ ਵੱਲੋਂ ਘਟਨਾ ਸਬੰਧੀ ਫੋਨ ਉਪਰ ਸੂਚਿਤ ਕਰਨ ਉਪਰੰਤ ਪੁਲਿਸ ਮੌਕੇ 'ਤੇ ਪੁੱਜੀ ਜਿਸ ਉਪਰੰਤ ਜੈਕੋਬਰਸਨ ਦੀ ਲਾਸ਼ ਲੱਭਣ ਲਈ ਹੈਲੀਕਾਪਟਰ ਦੀਆਂ ਸੇਵਾਵਾਂ ਲਈਆਂ ਗਈਆਂ।




ਸਰਕਾਰੀ ਪ੍ਰਾਇਮਰੀ ਸਕੂਲ ਰਹਿਮਾਨਪੁਰ ਜਲੰਧਰ ਵਿਖੇ ਗਣਤੰਤਰ ਦਿਵਸ ਮੌਕੇ ਟੀਚਰ ਕਾਂਤਾ ਕੁਮਾਰੀ ਅਤੇ ਸਕੂਲ ਪ੍ਰਬੰਧਕ ਕਮੇਟੀ ਦੀ ਚੇਅਰਮੈਨ ਗੀਤਾ ਰਾਣੀ ਅਤੇ ਹੋਰ ਮੈਂਬਰ।

# ਨਹੀਂ ਰਿਹਾ ਸ਼ਬਦ ਘਾੜਾ ਨਿਰਧਨ ਕਰਤਾਰਪੁਰੀ



ਪਾਕਿਸਤਾਨ ਦੇ ਪਿੰਡ ਰਾਵਲਪਿੰਡੀ ਵਿਚ 1934 ਵਿੱਚ ਪੈਦਾ ਹੋਇਆ ਨਿਰਧਨ ਕਰਤਾਰਪੁਰੀ ਭਾਰਤ ਪਾਕਿਸਤਾਨ ਵੰਡ ਤੋਂ ਬਾਅਦ ਕਰਤਾਰਪੁਰ ਮੁਹੱਲਾ ਰਿਸ਼ੀ ਨਗਰ ਆ ਕੇ ਵਸ ਗਏ। ਇੱਥੇ ਹੀ ਰਹਿ ਕੇ ਉਨ੍ਹਾਂ ਜ਼ਿੰਦਗੀ ਵਿੱਚ ਆਈਆਂ ਮੁਸ਼ਕਿਲਾਤ ਦਾ ਸਾਹਮਣਾ ਕਰਦਿਆਂ ਤਾ ਉਮਰ ਮਹਿਨ-ਤਕਸ਼, ਕਿਰਤੀ ਕਾਮਿਆਂ, ਦਬੇ ਕੁਚਲੇ ਅਤੇ ਮਾਨਸਿਕ ਗ਼ੁਲਾਮ ਲੋਕਾਂ ਅੰਦਰ ਆਪਣੀ ਕਵਿਤਾ, ਗੀਤਾਂ, ਸ਼ੇਅਰਾਂ ਰਾਹੀਂ ਚੇਤੰਨਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ।

ਨਿਰਧਨ ਕਰਤਾਰਪੁਰੀ ਅੰਬੇਡਕਰੀ ਵਿਚਾਰਧਾਰਾ ਤੋਂ ਬਹੁਤ ਪ੍ਰਭਾਵਿਤ ਸਨ। ਇਸ ਲਈ ਉਨ੍ਹਾਂ ਦੀਆਂ ਰਚਨਾਵਾਂ ਦਾ ਮਜ਼ਮੂਨ ਹਾਸ਼ੀਏ ਤੇ ਧੱਕੇ ਲੋਕ ਸਨ। ਨਿਰਧਨ ਕਰਤਾਰਪੁਰੀ ਜਿਨ੍ਹਾਂ ਦੇ ਗੀਤਾਂ ਨੂੰ ਪੰਜਾਬ ਦੇ ਮਕਬੂਲ ਫ਼ਨਕਾਰਾਂ ਵੱਲੋਂ ਗਾਇਆ ਗਿਆ ਜਿਨ੍ਹਾਂ ਵਿੱਚ ਪਦਮ ਸ਼੍ਰੀ ਹੰਸ ਰਾਜ ਹੰਸ, ਪਦਮ ਸ਼੍ਰੀ ਵਡਾਲੀ ਭਰਾ, ਉਨ੍ਹਾਂ ਦਾ ਅਜ਼ੀਜ਼ ਸਾਬਰ ਕੋਟੀ , ਸਰਬਜੀਤ ਕੌਰ ਅਤੇ ਹੋਰ ਵੀ ਕਈ ਫ਼ਨਕਾਰ ਹਨ। ਨਿਰਧਨ ਕਰਤਾਰਪੁਰੀ ਜੀ ਨੇ ਜਿੱਥੇ ਗੀਤਕਾਰਾਂ ਨੂੰ ਚੰਗੀ ਲਿਖ਼ਤ ਦੇ ਕੇ ਸਿਹਤ ਦਿੱਤੀ ਉਥੇ ਹੀ ਸਮਾਜ ਹਿਤ ਲਈ ਵੀ ਬਹੁਤ ਕੁੱਝ ਲਿੱਖਿਆ।

ਨਿਰਧਨ ਕਰਤਾਰਪੁਰੀ ਜੀ ਨੇ ਆਪਣੇ ਤਖ਼ੱਲਸ ਵਾਂਗ ਹੀ ਤਾ ਉਮਰ ਗ਼ਰੀਬੀ ਅਤੇ ਮੁਫ਼ਲਿਸੀ ਦੇ ਆਲਮ ਵਿੱਚ ਗੁਜ਼ਰ ਬਸਰ ਕੀਤੀ। ਉਨ੍ਹਾਂ ਦੇ ਸ਼ੇਅਰ ਜਿਹੜੇ ਕਿ ਮੀਲ ਦਾ ਪੱਥਰ ਹਨ।



ਹਿੰਦੂ ਕੋ ਸਿੱਖ ਸੇ, ਸਿੱਖ ਕੋ ਮੁਸਲਮਾਨ ਸੇ ਖ਼ਤਰਾ ਹੈ।
ਧਰਮ ਕੋ ਪੰਥ ਸੇ, ਪੰਥ ਕੋ ਇਮਾਨ ਸੇ ਖ਼ਤਰਾ ਹੈ।
ਨਹੀਂ ਖ਼ਤਰਾ ਕਿਸੀ ਕੋ ਕਿਸੇ ਸੇ "ਨਿਰਧਨ"
ਸੱਚ ਕਹਿਣੇ ਵਾਲ਼ੇ ਕੀ ਜਾਨ ਕੋ ਖ਼ਤਰਾ ਹੈ।

ਨਿਰਧਨ ਜੀ ਰੇਡੀਓ ਦੇ ਓ + ਫ਼ਨਕਾਰ ਸਨ। ਉਨ੍ਹਾਂ ਦੀ ਤਰਜ਼-ਏ- ਬਿਆਨੀ ਬਾ ਕਮਾਲ ਸੀ। ਆਪਣੀ ਗੱਲ ਕਹਿਣ ਦਾ ਤਰੀਕਾ ਇਨ੍ਹਾਂ ਪ੍ਰਭਾਵਸ਼ਾਲੀ ਸੀ ਕਿ ਸਾਹ-ਮਣੇ ਵਾਲ਼ਾ ਕੀਲ ਕੇ ਰੱਖ ਦਿੰਦੇ। ਸ਼ਬਦਾਂ ਨੂੰ ਘੜਨ ਦਾ ਢੰਗ ਲੱਜਵਾਬ ਸੀ।

ਪ੍ਰਕਾਸ਼ ਅਟੱਲ ਹੈ ਸੂਰਜ ਦਾ,
ਗਿਰਦੇ ਤੇ ਧਰਤੀ ਭੌਂ ਜਾਂਦੀ।
ਜੱਦ ਗਿੜਦਾ ਗੇੜ ਨਸੀਬਾਂ ਦਾ,
ਕਾਇਆ ਦੀ ਮਾਇਆ ਧੌ ਜਾਂਦੀ।
ਮੰਨੀ ਹੋਈ ਗੱਲ ਹੈ ਸ਼ਾਇਰ ਫ਼ਿਰ,
ਘੜਦੇ ਨੇ ਕਿਸਮਤ ਕੌਮਾਂ ਦੀ।
ਜਿਸ ਕੌਮ ਦਾ ਸ਼ਾਇਰ ਸੌਂ ਜਾਂਦਾ,
ਉਸ ਕੌਮ ਦੀ ਕਿਸਮਤ ਸੌਂ ਜਾਂਦੀ।

ਆਪਣੇ ਚਾਹੁਣ ਵਾਲਿਆਂ ਲਈ ਨਿਰਧਨ ਕਰਤਾਰਪੁਰੀ ਦੀ ਨਿੱਧੜਕ ਕਲਮ, ਬੇਬਾਕ ਅੰਦਾਜ਼ ਹਮੇਸ਼ਾ ਹੀ ਚਾਨਣ ਮੁਨਾਰੇ ਦਾ ਕੰਮ ਕਰਦਾ ਰਹੇਗਾ। ਉਨ੍ਹਾਂ ਦੀ ਕਿਤਾਬ ਜਿਹੜੀ ਕਿ 2020 ਵਿੱਚ ਉਨ੍ਹਾਂ ਦੀ ਜ਼ਿੰਦਗੀ ਦੇ ਆਖ਼ਿਰੀ ਸਾਲਾਂ ਵਿੱਚ ਛੱਪੀ ਸੀ। ਜਿਸ ਦਾ ਸਿਰਲੇਖ "ਪੁਰਤਖਈਉਲ ਕਲਾਮ" ਭਾਵ ਕਲਪਨਾਵਾਂ/ ਵਿਚਾਰਾਂ ਨਾਲ ਭਰੀ ਹੋਈ ਲਿਖ਼ਤ । ਇਹ ਉਨ੍ਹਾਂ ਦਾ ਲਿੱਖਿਆ ਇੱਕੋ ਇੱਕ ਕਾਵਿ ਸੰਗ੍ਰਿਹ ਹੈ। ਜਿਸ ਦਾ ਮਜ਼ਮੂਨ ਸਾਮਾਜਿਕ, ਆਰਥਿਕ, ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਕ ਹੈ। 88 ਸਾਲਾਂ ਦੇ ਹੋ ਕੇ 22 ਜਨਵਰੀ ਦਿਨ ਸ਼ਨੀਵਾਰ ਰਾਤ 8 ਕੁ ਵਜੇ ਉਨ੍ਹਾਂ ਆਖ਼ਿਰੀ ਸਾਹ ਲਏ। ਮਜ਼ਦੂਰਾਂ, ਕਾਮਿਆਂ, ਕਿਰਤੀਆਂ, ਮਿਹਨਤਕਸ਼ਾਂ, ਸਫ਼ਾਈ ਕਾਮਿਆਂ ਅਤੇ ਕਿਸਾਨਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਨਿਰਧਨ ਕਰਤਾਰਪੁਰੀ ਹਮੇਸ਼ਾਂ ਆਪਣੀਆਂ ਲਿਖਤਾਂ ਰਾਹੀਂ ਯਾਦ ਕੀਤੇ ਜਾਂਦੇ ਰਹਿਣਗੇ। **-ਕੁਸ਼ਲ ਕੁਮਾਰ 91-97807-78062**








## 5 ਫਰਵਰੀ ਬਸੰਤ ਪੰਚਮੀ ਤੇ ਵਿਸ਼ੇਸ਼

# ਨੌਵੇਂ ਪਾਤਸ਼ਾਹ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ, ਪਟਿਆਲਾ



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257

ਗੁਰਦੁਆਰਾ ਸ੍ਰੀ ਦੁੱਖ ਨਿਵਾਰਨ ਸਾਹਿਬ ਪਾਤਸ਼ਾਹੀ ਨੌਵੀਂ ਪਟਿਆਲਾ ਦਾ ਸਿੱਖ ਇਤਿਹਾਸ ਵਿੱਚ ਇੱਕ ਵੱਡਮੁੱਲਾ,ਅਹਿਮ ਅਤੇ ਵਿਸ਼ੇਸ਼ ਸਥਾਨ ਹੈ।ਸਿੱਖ ਤਵਾਰੀਖ਼ ਮੁਤਾਬਿਕ ਇਸ ਅਸਥਾਨ ਨੂੰ ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਪਵਿੱਤਰ ਚਰਨਾਂ ਛੋਹ ਦਾ ਸੁਭਾਗ ਪ੍ਰਾਪਤ ਹੈ। ਧਾਰਮਿਕ ਅਹਿਮੀਅਤ ਦੇ ਨਾਲ ਨਾਲ ਪਟਿਆਲਾ ਸ਼ਹਿਰ ਦੀ ਖ਼ੂਬਸੂਰਤੀ ਵਿੱਚ ਵੀ ਇਸ ਅਸਥਾਨ ਨੂੰ ਵਿਸ਼ੇਸ਼ ਦਰਜਾ ਪ੍ਰਾਪਤ ਹੈ।ਇੱਥੇ ਆਲੀਸ਼ਾਨ, ਰਣਮੀਕ ਅਤੇ ਅਤਿ ਸੁੰਦਰ ਗੁਰਦੁਆਰਾ ਸਾਹਿਬ ਗੁਰੂ ਸਾਹਿਬ ਦੀ ਯਾਦ ਵਿੱਚ ਬਣਾਇਆ ਗਿਆ ਹੈ, ਜਿੱਥੇ ਸਿੱਖ ਸੰਗਤਾਂ ਅਤੇ ਗੁਰੂ ਨਾਨਕ ਨਾਂਵ ਲੇਵਾ ਸ਼ਰਧਾਲੂ ਆਪਣੀ ਰੂਹ ਦੀ ਖ਼ੁਰਾਕ ਗੁਰਬਾਣੀ ਸਰਵਣ ਕਰਨ ਅਤੇ ਮਨ ਦੀ ਆਤਮਿਕ ਸ਼ਾਂਤੀ ਲਈ ਨਤਮਸਤਕ ਹੁੰਦੀਆਂ ਹਨ ਅਤੇ ਇੱਥੇ ਗੁਰਬਾਣੀ ਅਤੇ ਕੀਰਤਨ ਦਾ ਪ੍ਰਵਾਹ ਹਰ ਸਮੇਂ ਚੱਲਦਾ ਰਹਿੰਦਾ ਹੈ।ਗੁਰਦੁਆਰਾ ਸਾਹਿਬ ਦੇ ਸਰੋਵਰ ਦੇ ਸ਼ੀਤਲ ਅਤੇ ਸਵੱਛ ਜਲ ਵਿੱਚ ਇਸ਼ਨਾਨ ਕਰਕੇ ਸੰਗਤਾਂ ਆਪਣੇ ਆਪ ਨੂੰ ਭਾਗੀਸ਼ਾਲੀ ਮੰਨਦੀਆਂ ਹਨ। ਇਹ ਗੁਰਦੁਆਰਾ ਸਾਹਿਬ ਪਟਿਆਲਾ ਬਸ ਸਟੈਂਡ ਤੋਂ ਉੱਤਰ ਵੱਲ ਇੱਕ ਕਿਲੋਮੀਟਰ ਦੂਰ ਪਟਿਆਲਾ-ਸਰਹਿੰਦ ਸੜਕ ਤੇ ਸਥਿਤ ਹੈ।

ਸਿੱਖ ਇਤਿਹਾਸ ਅਨੁਸਾਰ ਜਦੋਂ ਗੁਰੂ ਤੇਗ ਬਹਾਦਰ ਜੀ ਧਰਮ ਪ੍ਰਚਾਰ ਕਰਦੇ ਹੋਏ ਅਤੇ ਸ਼ਰਧਾਲੂਆਂ ਨੂੰ ਨਾਮ ਬਾਣੀ ਨਾਲ ਜੋੜਦੇ ਹੋਏ ਸੈਫਾਬਾਦ (ਬਹਾਦਰਗੜ੍ਹ) ਵਿਖੇ ਠਹਿਰੇ ਹੋਏ ਸਨ।ਤਾਂ ਗੁਰੂ ਸਾਹਿਬ ਨੇ ਆਪਣੇ ਇੱਕ ਅਨਿਨ ਸੇਵਕ ਭਾਗ ਰਾਮ ਝਿਉਰ ਦੀ ਬੇਨਤੀ ਤੇ ਇਸ ਅਸਥਾਨ ਤੇ ਆਪਣੇ ਪਵਿੱਤਰ ਚਰਨ ਪਾਏ ਸਨ। ਸਿੱਖ ਇਤਿਹਾਸ ਅਤੇ ਇੱਥੇ ਮੌਜੂਦ ਗੁਰੂ ਜੀ ਦੇ ਹੱਥ ਹੁਕਮਨਾਮਾ ਸਾਹਿਬ ਮੁਤਾਬਿਕ ਗੁਰੂ ਜੀ ਨੂੰ ਉਹਨਾਂ ਦੇ ਪਿਆਰੇ ਅਤੇ ਪੱਕੇ ਸੇਵਕ ਭਾਈ ਭਾਗ ਰਾਮ ਨੇ ਸੈਫਾਬਾਦ ਜਾਕੇ ਬੇਨਤੀ ਕੀਤੀ ਸੀ ਕਿ ਉਹ ਪਿੰਡ ਲਹਿਲ ਵਿਖੇ ਆਪਣੇ ਪਵਿੱਤਰ ਚਰਨ ਪਾਉਣ ਤਾਂ ਕਿ ਪਿੰਡ ਦੇ ਬੱਚਿਆਂ ਵਿੱਚ ਫੈਲੀ ਭਿਆਨਕ ਅਤੇ ਨਾਮੁਰਾਦ ਸੋਕੇ ਦੀ ਬਿਮਾਰੀ ਤੋਂ ਛੁਟਕਾਰਾ ਪਾਇਆ ਜਾ ਸਕੇ।ਭਾਈ ਭਾਗ ਰਾਮ ਸੇਵਕ ਦੀ ਬੇਨਤੀ ਮੰਨ ਕੇ ਪਿੰਡ ਵਾਸੀਆਂ ਨੂੰ ਸੰਕਟ ਤੋਂ ਛੁਟਕਾਰਾ ਦਿਵਾਉਣ ਲਈ ਗੁਰੂ ਸਾਹਿਬ 5 ਮਾਘ ਸੁਦੀ ਬਿਕਰਮੀ ਸੰਮਤ 1728 ਨੂੰ ਇਸ ਅਸਥਾਨ 'ਤੇ ਇੱਕ ਛੱਪੜ ਦੇ ਕੰਢੇ ਬੋਹੜ੍ਹ ਦੇ ਦਰੱਖਤ ਥੱਲੇ ਆਕੇ ਬਿਰ-



'ਜਮਾਨ ਹੋਏ ਸਨ।ਗੁਰੂ ਸਾਹਿਬ ਦੀ ਮਿਹਰ ਅਤੇ ਦਿੱਬਿਆ ਦ੍ਰਿਸ਼ਟੀ ਨਾਲ ਪਿੰਡ ਵਾਸੀਆਂ ਦੀ ਬਿਮਾਰੀ ਠੀਕ ਹੋ ਗਈ ਅਤੇ ਹੁਕਮ ਕੀਤਾ ਸੀ ਕਿ ਜੋ ਪ੍ਰਾਣੀ ਸ਼ਰਧਾ ਨਾਲ ਇੱਥੇ ਇਸ਼ਨਾਨ ਕਰੇਗਾ ਉਸਦੇ ਸਾਰੇ ਰੋਗ ਦੂਰ ਹੋ ਜਾਣਗੇ।ਉਹਨਾਂ ਇਹ ਵੀ ਬਚਨ ਕੀਤਾ ਕਿ ਜੋ ਪ੍ਰਾਣੀ ਇੱਥੇ ਬਸੰਤ ਪੰਚਵੀਂ ਨੂੰ ਇਸ਼ਨਾਨ ਕਰਨਗੇ, ਉਹਨਾਂ ਨੂੰ ਸਾਰੇ ਤੀਰਥਾਂ ਦਾ ਫਲ ਪ੍ਰਾਪਤ ਹੋਵੇਗਾ।

ਗੁਰੂ ਜੀ ਆਮਦ ਬਾਰੇ ਸੁਣ ਕੇ ਇੱਕ ਦੁਖਿਆਰੀ ਕਰਮਾ ਦੇਵੀ ਖਤਰਾਣੀ ਨੇ ਆ ਗੁਰੂ ਜੀ ਨਿਮਰਤਾ ਸਹਿਤ ਬੇਨਤੀ ਕੀਤੀ," ਮਹਾਰਾਜ ,ਅਠਰਾਏ ਨਾਲ ਮੇਰੇ ਬੱਚੇ ਸ਼ਾਂਤ ਹੋ ਜਾਂਦੇ ਹਨ ਅਤੇ ਮੇਰੀ ਗੋਦ ਖਾਲੀ ਹੈ। ਮੇਰੇ ਤੇ ਮਿਹਰ ਦੀ ਨਜ਼ਰ ਕਰੋ।"ਗੁਰੂ ਜੀ ਨੇ ਹੁਕਮ ਕੀਤਾ ਕਿ ਇਸ ਅਸਥਾਨ ਤੇ ਇਸ਼ਨਾਨ ਕਰੋ ,ਸਾਰੇ ਦੁੱਖ ਦੂਰ ਹੋ ਜਾਣਗੇ।ਇਸ ਤਰ੍ਹਾਂ ਗੁਰੂ ਜੀ ਨੇ ਆਪਣੇ ਸੇਵਕਾਂ ਦੇ ਦੁੱਖ ਹਰਣ ਕੀਤੇ ਅਤੇ ਇਸ ਧਰਤੀ ਨੂੰ ਭਾਗ ਲਗਾ ਕੇ ਅਮਰ ਦਿੱਤਾ।ਗੁਰੂ ਸਾਹਿਬ 6ਮਾਘ ਸ਼ੁਕਲ ਪੰਚਮੀ 1728 ਬਿਕਰਮੀ ਸੰਮਤ ਨੂੰ ਇੱਥੋਂ ਅਗਲੇ ਪੜਾਅ ਲਈ ਚਲੇ ਗਏ ।ਗੁਰੂ ਜੀ ਆਮਦ ਦੀ ਯਾਦ ਵਿੱਚ ਰਾਜਾ ਅਮਰ ਸਿੰਘ ਨੇ ਇੱਥੇ ਸੁੰਦਰ ਬਾਗ ਲਗਵਾਇਆ ਸੀ।ਸੰਨ 1930 ਵਿੱਚ ਮਹਾਰਾਜਾ ਭੁਪਿੰਦਰ ਸਿੰਘ ਨੇ ਇੱਥੇ ਗੁਰਦੁਆਰਾ ਸਾਹਿਬ ਬਣਵਾਇਆ ਸੀ।ਜਿਸ ਸਥਾਨ ਤੇ ਗੁਰੂ ਜੀ ਨੇ ਆਕੇ ਬਿਰਾਜਮਾਨ ਹੋਏ ਸਨ, ਉਸ ਅਸਥਾਨ ਤੇ ਗੁਰੂ ਜੀ ਦੀ ਯਾਦ ਚ ਸੁੰਦਰ ਅਤੇ ਅਲੌਕਿਕ ਗੁਰਦੁਆਰਾ ਸ੍ਰੀ ਦੁੱਖ ਨਿਵਾਰਣ ਸਾਹਿਬ ਸੁਸ਼ੋਭਿਤ ਹੈ ਅਤੇ ਨਾਲ ਹੀ ਸੀਤਲ ਜਲ ਨਾਲ ਭਰਪੂਰ ਪਵਿੱਤਰ ਸਰੋਵਰ ਬਣਿਆ ਹੋਇਆ ਹੈ,ਜਿਸ ਵਿੱਚ ਸੰਗਤਾਂ ਇਸ਼ਨਾਨ ਕਰਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਦੀਆਂ ਹਨ।ਇੱਥੇ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ੁਭ ਹੱਥ ਨਾਲ ਲਿਖਿਆ ਪਵਿੱਤਰ ਹੁਕਮਨਾਮਾ ਸਾਹਿਬ ਵੀ ਸ਼ੁਸ਼ੋਭਿਤ ਹੈ।ਗੁਰੂ ਜੀ ਆਪਾਰ ਕਿਰਪਾ ਨਾਲ ਛੱਪੜ ਪਵਿੱਤਰ ਸਰੋਵਰ ਵਿੱਚ ਬਦਲ ਗਿਆ।

ਪਹਿਲਾਂ ਇੱਥੇ ਬੋਹੜ੍ਹ ਦੇ ਦਰੱਖਤ ਕੋਲ ਹਰ ਵੇਲੇ ਜੋਤ ਜਗਦੀ ਸੀ, ਪਰ ਹੁਣ ਬੋਹੜ ਦਾ ਦਰੱਖਤ ਕੱਟ ਕੇ ਹੁਣ ਜੋਤ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਸੁਭਾਇਮਾਨ ਹੈ।ਹੁਣ ਹਰ ਮਹੀਨੇ ਚਾਨਣੀ ਪੱਖ ਦੀ ਪੰਚਵੀਂ ਨੂੰ ਦੂਰ ਨੇੜਿਓਂ ਸੰਗਤਾਂ ਆਕੇ ਇੱਥੇ ਸੀਸ ਨਿਵਾਉਂਦੀਆਂ ਅਤੇ ਸਰੋਵਰ 'ਚ ਇਸ਼ਨਾਨ ਕਰਕੇ ਮਾਨਸਿਕ ਸਾਂਤੀ ਅਤੇ ਗੁਰੂ ਘਰ ਦੀਆਂ ਦਾਤਾਂ ਪ੍ਰਾਪਤ ਕਰਦੀਆਂ ਹਨ।

ਗੁਰੂ ਜੀ ਦੇ ਪ੍ਰਵਚਨ ਅਨੁਸਾਰ ਇੱਥੇ ਹਰ ਸਾਲ ਬਸੰਤ ਪੰਚਵੀਂ ਨੂੰ ਭਾਰੀ ਮੇਲਾ ਲੱਗਦਾ ਹੈ।ਇਸ ਦਿਨ ਢਾਡੀ ਵਾਰਾਂ ਦਾ ਇੱਕ ਮਹਾਨ ਕੁੰਭ ਵੀ ਹੁੰਦਾ ਹੈ।

ਇੱਥੇ ਦੇਸ਼ ਵਿਦੇਸ਼ ਤੋਂ ਆਕੇ ਸੰਗਤਾਂ ਇੱਥੇ ਨਤਮਸਤਕ ਹੋਕੇ ਸਜਦਾ ਕਰਦੀਆਂ ਹਨ ਅਤੇ ਗੁਰੂ ਘਰ ਦੀ ਖ਼ੁਸ਼ੀ ਦੀ ਪ੍ਰਾਪਤੀ ਲਈ ਆਸ਼ੀਰਵਾਦ ਲੈਂਦੀਆਂ ਹਨ। ਇੱਥੇ ਹਰ ਵੇਲੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਂਦਾ ਹੈ।

ਇਹ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਅਧੀਨ ਹੈ। ਸਿੱਖ ਅਜਾਇਬ ਘਰ ਵਿੱਚ ਸਿੱਖ ਧਰਮ ਅਤੇ ਮਾਣਮੱਤੇ ਇਤਿਹਾਸ ਨੂੰ ਦਰਸਾਉਂਦੀਆਂ ਤਸਵੀਰਾਂ ਹਨ। ਸੰਗਤਾਂ ਦੇ ਰਾਤ ਠਹਿਰਨ ਲਈ ਸਰਾਂ ਅਤੇ ਕਮਰਿਆਂ ਦਾ ਵਿਸ਼ਾਲ ਪ੍ਰਬੰਧ ਹੈ। ਇਸ ਵਾਰ ਵੀ 5 ਫਰਵਰੀ ਨੂੰ ਬਸੰਤ ਪੰਚਮੀ ਦਾ ਤਿਉਹਾਰ ਇਸ ਗੁਰਦੁਆਰਾ ਸਾਹਿਬ ਵਿਖੇ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ।

# ਨਿਰਧਨ ਕਰਤਾਰਪੁਰੀ ਜੀ ਦੇ ਸ਼ਰਧਾਂਜਲੀ ਸਮਾਗਮ









ਬੀਤੇ ਦਿਨੀਂ ਅਵਾਮੀ ਸ਼ਾਇਰ ਨਿਰਧਨ ਕਰਤਾਰਪੁਰੀ ਜੀ ਦੇ ਨਮਿਤ ਕਰਤਾਰਪੁਰ ਦੇ ਰਿਸ਼ੀ ਨਗਰ ਮੁਹੱਲੇ ਵਿੱਚ ਸ਼ਰਧਾਂਜਲੀ ਸਮਾਗਮ ਰੱਖਿਆ ਗਿਆ। ਜਿਸ ਵਿੱਚ ਪੰਜਾਬ ਦੇ ਵੱਖ ਵੱਖ ਸ਼ਹਿਰਾਂ, ਪਿੰਡਾਂ, ਵਿਚੋਂ ਸ਼ਖ਼ਸੀਅਤਾਂ ਵੱਲੋ ਨਿਰਧਨ ਕਰਤਾਰਪੁਰੀ ਜੀ ਨੂੰ ਅਕੀਦਤ ਭੇਟ ਕੀਤੀ ਗਈ। ਜਿਸ ਵਿੱਚ ਮਾਸਟਰ ਸ਼ਾਮ ਸਿੰਘ ਵੱਲੋ ਇੱਕ ਕਵਿਤਾ ਪੜ ਕੇ ਆਪਣੇ ਮਨ ਦੇ ਵਲਵਲੇ ਸਾਂਝੇ ਕਰਕੇ ਨਿਰਧਨ ਸਾਹਿਬ ਨੂੰ ਅਕੀਦਤ ਪੇਸ਼ ਕੀਤੀ। ਇਸ ਤੋਂ ਇਲਾਵਾ ਜ਼ਿਲ੍ਹਾ ਕਪੂਰਥਲਾ ਦੇ ਕੁਸ਼ਲ ਕੁਮਾਰ ਵਲੋਂ ਨਿਰਧਨ ਕਰਤਾਰਪੁਰੀ ਜੀ ਦੇ ਜੀਵਨ ਤੇ ਚਾਨਣ ਪਾਇਆ। ਉਨ੍ਹਾਂ ਦੀ ਕਿਤਾਬ ਪੁਰਤਖ਼ਿਉਲ ਕਲਾਮ ਵਿਚੋਂ ਕੁਝ ਸ਼ੇਅਰ, ਰੁਬਾਈਆਂ, ਗ਼ਜ਼ਲਾਂ ਅਤੇ ਚੋਵਰਗਿਆ ਨੂੰ ਪੜ੍ਹ ਕੇ ਅਕੀਦਤ ਪੇਸ਼ ਕੀਤਾ।

ਇਸ ਤੋਂ ਇਲਾਵਾ ਪੇਂਡੂ ਮਜ਼ਦੂਰ ਯੂਨੀਅਨ ਦੇ ਗੁਰਪ੍ਰੀਤ ਸਿੰਘ ਚੀਦਾ, ਮੇਲਿਆ ਦੇ ਬਾਦਸ਼ਾਹ ਦਵਿੰਦਰ ਦਿਆਲਪੁਰੀ , ਲੱਕੀ ਅਟਵਾਲ, ਵੱਖ ਵੱਖ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਜਿਨ੍ਹਾਂ ਵਿੱਚ ਕਾਂਗਰਸ ਤੋਂ ਚੌਧਰੀ ਸੁਰਿੰਦਰ ਸਿੰਘ, ਆਮ ਆਦਮੀ ਪਾਰਟੀ ਦੇ ਬਲਕਾਰ ਸਿੰਘ ਬਸਪਾ ਅਕਾਲੀ ਦਲ ਦੇ ਸਾਂਝੇ ਉਮੀਦਵਾਰ ਬਲਵਿੰਦਰ ਕੁਮਾਰ , ਸਾਬਰ ਕੋਟੀ ਦੇ ਪਰਿਵਾਰ ਰੀਟਾ ਸਾਬਰ, ਮਨਜੀਤ ਕੁਮਾਰ ਗਾਇਕ , ਰਘੂ ਕੁਮਾਰ , ਸੰਤੋਖ਼ ਜੱਸੀ ਪ੍ਰਧਾਨ ਬੇਗ਼ਮਪੁਰਾ ਫਾਉਡੇਸ਼ਨ ਪੰਜਾਬ, ਪੁਰਸ਼ੋਤਮ ਸੋਂਧੀ ਵਾਲਮੀਕਿ ਆਗੂ ਜਲੰਧਰ, ਕਰਮਜੀਤ ਸਿੰਘ ਸਾਬਰ, ਵਿਕਰਮਜੀਤ ਸਿੰਘ ਤਬਲਾ ਵਾਦਕ, ਦੇਵਰਾਜ ਖੋਸਲਾ, ਨਵਦੀਪ ਸਿੰਘ ਚੰਡੀਗੜ੍ਹ ਤੋਂ ਆਦਿ ਸ਼ਖ਼ਸੀਅਤਾਂ ਵੱਲੋ ਨਿਰਧਨ ਕਰਤਾਰਪੁਰੀ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ।







### ਆਓ ਪੰਜਾਬ ਦੀ ਰਾਜਨੀਤੀ ਦੀ ਗੱਲ ਕਰੀਏ

# 20 ਫਰਵਰੀ 2022 ਨੂੰ ਹਰ ਬੂਥ ’ਤੇ ਲੱਗੇਗਾ ਮੇਲਾ

ਪੰਜਾਬ ਚ ਬਹੁਥਾਵੀ ਹੋਣਗੇ 5 ਕੋਨਾ ਮੁਕਾਬਲਿਆ ਦੀਆਂ ਸੰਭਾਵਾਨਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਬੰਗਾ (ਰਿਜਰਵ) ਹਲਕੇ ਚ ਤਿੰਨ ਸਾਬਕਾ ਵਿਧਾਇਕ ਅਤੇ ਇੱਕ ਸਾਬਕਾ ਵਿਧਾਇਕ ਦੇ ਪੁੱਤਰ ਵਿੱਚਕਾਰ ਗਹਿਗਚ ਮੁਕਾਬਲਾ ਹੋਣ ਦੇ ਆਸਾਰ:

**ਰਾਜਨੀਤੀ ਕੀ ਹੁੰਦੀ ਹੈ ਅਤੇ ਸਿਆਸਤਦਾਨ ਲੋਕ ਕੌਣ ਹੁੰਦੇ ਹਨ?**

ਇੱਕ ਰਾਜ ਨੇਤਾ ਇੱਕ ਵਿਅਕਤੀ ਹੁੰਦਾ ਹੈ ਜੋ ਪਾਰਟੀ ਰਾਜਨੀਤੀ ਵਿੱਚ ਸਰਗਰਮ ਹੁੰਦਾ ਹੈ, ਜਾਂ ਇੱਕ ਵਿਅਕਤੀ ਹੁੰਦਾ ਹੈ ਜਾਂ ਸਰਕਾਰ ਵਿੱਚ ਇੱਕ ਚੁਣੀ ਹੋਈ ਸੀਟ ਦੀ ਮੰਗ ਕਰਦਾ ਹੈ।ਸਿਆਸਤਦਾਨ ਪ੍ਰਸਤਾਵਿਤ ਕਰਦੇ ਹਨ, ਸਮਰਥਨ ਕਰਦੇ ਹਨ, ਅਸਵਿਕਾਰ ਕਰਦੇ ਹਨ ਅਤੇ ਕਾਨੂੰਨ ਬਣਾਉਂਦੇ ਹਨ, ਜੋ ਜਮੀਨ ਅਤੇ ਇਸਦੇ ਲੋਕਾਂ ਨੂੰ ਵਿਸਤਾਰ ਨਾਲ ਨਿਯੰਤਰਿਤ ਕਰਦੇ ਹਨ। ਮੋਟੇ ਤੌਰ ’ਤੇ ਇੱਕ ਰਾਜ ਨੇਤਾ ਉਹ ਕੋਈ ਵੀ ਹੋ ਸਕਦਾ ਹੈ, ਜੋ ਸਰਕਾਰ ਵਿੱਚ ਰਾਜਨੀਤਿਕ ਸ਼ਕਤੀ ਪ੍ਰਾਪਤ ਕਰਨਾ ਚਾਹੁੰਦਾ ਹੈ।ਸਿਆਸਤਦਾਨ ਉਹ ਲੋਕ ਹੁੰਦੇ ਹਨ ਜੋ ਸਿਆਸੀ ਤੌਰ ਤੇ ਸਰਗਰਮ ਹੁੰਦੇ ਹਨ, ਖਾਸ ਕਰਕੇ ਪਾਰਟੀ ਰਾਜਨੀਤੀ ਵਿੱਚ।ਰਾਜਨੀਤਿਕ ਅਹੁਦੇ ਸਥਾਨਕ ਸਰਕਾਰਾਂ ਤੋਂ ਲੈ ਕੇ ਰਾਜ ਸਰਕਾਰਾਂ ਤੋਂ ਲੈ ਕੇ ਸੰਘੀ ਸਰਕਾਰਾਂ ਤੋਂ ਅੰਤਰਰਾਸ਼ਟਰੀ ਸਰਕਾਰਾਂ ਤੱਕ ਹੁੰਦੇ ਹਨ। ਸਾਰੇ ਚੁਣੇ ਹੋਏ ਨੁਮਾਇੰਦਿਆ ਨੂੰ ਸਿਆਸਦਾਨ ਮੰਨਿਆ ਜਾਂਦਾ ਹੈ।

ਦੁਨੀਆ ਵਿੱਚ ਲੋਕਤੰਤਰੀ ਅਤੇ ਤਾਨਾਸ਼ਾਹੀ ਦੋ ਹੀ ਪ੍ਰਮੁੱਖ ਵਿਵਸਥਾ ਹੀ ਮੰਨੀਆਂ ਗਈਆ ਹਨ। ਬਹੁਤੇ ਦੇਸ਼ ਮਿਸ਼ਰਤ (ਸਾਂਝਾ) ਵਿਚਾਰਧਾਰਾਂ ਦੇ ਸਹਾਰੇ ਚੱਲ ਰਹੇ ਹਨ।

ਭਾਰਤ ਦੇ ਕਾਨੂੰਨ ਮੁਤਾਬਕ ਅਤੇ ਪੁਰ-ਾਤਨ ਸੱਭਿਆਚਾਰਕ ਖੋਜਾ ਨੂੰ ਸਾਹਮਣੇ ਰੱਖਦੇ ਹੋਏ ਲੋਕਤੰਤਰੀ ਕਦਰਾਂ ਕੀਮਤੋਂ ਨੂੰ ਪਹਿਲ ਦਿੱਤੀ ਗਈ ਹੈ।ਇਸੇ ਕਾਰਨ ਭਾਰਤ ਦਾ ਸੰਵਿਧਾਨ ਭਾਰਤ ਦੇ ਲੋਕੋਂ ਨੂੰ ਸਮਰਪਤ ਹੈ।

ਅਸਲ ਵਿੱਚ ਸੰਵਿਧਾਨ ਕਿਸੇ ਵੀ ਦੇਸ਼ ਦਾ ਬਹੁਤ ਅਹਿਮ ਕਾਨੂੰਨੀ ਦਸਤਾਵੇਜ਼ ਹੁੰਦਾ ਹੈ।ਭਾਰਤੀ ਸੰਵਿਧਾਨ ਦੀ ਵਿਲੱਖਣਤਾ ਨਾਗਰਿਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਅਤੇ ਤਰਕਸ਼ੀਲ ਤੇ ਸੋਚ ਦੇ ਧਾਰਨੀ ਬਣਾਉਣ ਵਿੱਚ ਹੈ।

ਬਾਬਾ ਸਾਹਿਬ (ਮਹਾਂਰਾਸ਼ਟਰ ਚ ਉਸ ਵਿਅਕਤੀ ਨੂੰ ਇਸ ਸ਼ਬਦ ਰਾਹੀਂ ਇਹ ਕਹਿਣ ਦੀ ਸਨਮਾਨਯੋਗ ਕੋਸ਼ਿਸ਼ ਹੈ ਕਿ ਉਹ ਬਹੁਤ ਵੱਡੇ, ਉੱਚੇ ਤੇ ਸਨਮਾਨਯੋਗ ਅਤੇ ਮਹਾਨ ਵਿਅਕਤੀ/ਇਨਸਾਨ ਸਨ।) ਡਾ। ਅੰਬੇਦਕਰ ਦੀ ਪ੍ਰਮੁੱਖ ਰਹਿਮਾਈ ਹੇਠ ਲਿਖੇ ਭਾਰਤੀ ਸੰਵਿਧਾਨ ਦੇ ਨਿਯਮਾਂ ਮੁਤਾਬਕ 5 ਸਾਲਾਂ ਬਾਅਦ ਹਰ ਨਾਗਰਿਕ ਜੋ ਬਾਲਗ ਹੈ, ਨੂੰ ਬਿਨਾ ਕਿਸੇ ਜਾਤ-ਧਰਮ-ਲਿੰਗ-ਜਨਮ ਸਥਾਨ ਦੇ ਭੇਦਭਾਵ ਤੋਂ ਮੁਕਤ ਹੋ ਕੇ ਵੋਟ ਪਾਉਣ ਦਾ ਅਧਿਕਾਰ ਦਿੰਦਾ ਹੈ।

ਇਸ ਲਈ ਚੋਣ ਕਮਿਸ਼ਨ ਰਾਹੀਂ ਹੁਣ ਵੋਟਾਂ ਪੰਜ ਰਾਜਾਂ ਵਿੱਚ ਪੈਣ ਜਾ ਰਹੀਆ ਹਨ।ਪੰਜਾਬ ਵਿੱਚ 20 ਫਰਵਰੀ 2022 ਨੂੰ ਵੋਟਾਂ ਪੈਣ ਜਾ ਰਹੀਆ ਹਨ।

ਜਿਵੇ ਕਿ ਪੰਜਾਬ ਦੇ ਸਾਰੇ ਵੋਟਰ ਹੀ ਨਹੀਂ ਸਗੋਂ ਬੱਚਾ-ਬੱਚਾ ਜਾਣਦਾ ਹੈ ਕਿ ਪੰਜਾਬ ਦੇ 117 ਵਿਧਾਨ ਸਭਾ ਹਲਕੇ ਹਨ।ਇਹਨਾਂ ਵਿੱਚੋਂ 34 ਹਲਕੇ ਇਸ ਕਰਕੇ ਰਿਜਰਵ ਰੱਖੇ ਗਏ ਹਨ (ਤਾਂ ਜੋ ਪਿਛਲੀਆ ਸਦੀਆਂ ਵਿੱਚ ਦਲਿਤ, ਸੋਸ਼ਿਤ-ਪੀੜਤ ਸਮਾਜ ਬਰਾਬਰ ਲਿਆਂਦਾ ਜਾ ਸਕੇ।

ਪੰਜਾਬ ਦੀ ਅਜੋਕੀ ਸਿਆਸੀ/ਰਾਜਸੀ/ਰਾਜਨੀਤੀ ਤੇ ਸਿਆਸਤ ਦੀ ਗੱਲ ਕਰੀਏ ਤਾਂ ਇੰਡੀਅਨ ਨੈਸ਼ਨਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ.ਲਬਹੁਜਨ ਸਮਾਜ ਪਾਰਟੀ ਗਠਜੋੜ, ਆਮ ਆਦਮੀ ਪਾਰਟੀ, ਭਾਰਤੀ ਜਨਤਾ ਪਾਰਟੀ.ਲਪੰਜਾਬ ਲੋਕ ਕਾਂਗਰਸ ਤੇ ਅਕਾਲੀ-ਦਲ ਸੰਯੁਕਤ ਗਠਜੋੜ ਅਤੇ ਸੰਯੁਕਤ ਸਮਾਜ ਮੋਰਚਾ ਤੇ ਕੁਝ ਥਾਂਵਾ ਤੇ ਅਜਾਦ/ਬਾਗੀ ਉਮੀਦਵਾਰਾ ਦਰਮਿਆਨ ਚੋਣਾ ਹੋਣ ਜਾ ਰਹੀਆਂ ਹਨ।ਪੰਜਾਬ ਵਿੱਚ ਅਜਿਹਾ ਗੁੰਝਲਦਾਰ ਸਿਆਸੀ ਦ੍ਰਿਸ਼ ਸਿਆਸਤ ਦਾ ਲੇਖਾ ਜੋਖਾ ਕਰਨ ਵਾਲੇ ਸਮੀਖਕ ਤੇ ਸਿਆਸਤਦਾਨ ਬਾਹਰੀ/ਅੰਦਰੂਨੀ ਆਪਸੀ/ਚੈਨਲਾਂ ਦੇ ਦ੍ਰਿਸ਼ ਹੁਣ ਤੱਕ ਦੇ ਸਰਵੇ ਅਤੇ ਸਪੱਸ਼ਟ ਨਹੀ ਹਨ। ਸੱਚੀ ਗੱਲ ਜਾਂ ਤੱਥ ਤਾਂ ਇਹ ਹੈ ਕਿ ਵੋਟਰ ਪਹਿਲਾ ਨਾਲੋ ਵੱਧ ਪੜ੍ਹਿਆ-ਸੁਚੇਤ ਹੋਇਆ ਹੈ।ਹੱਕ ਲੈਣ ਦੀ ਉਦਾਹਰਣ ਦਿੱਲੀ ਕਿਸਾਨ ਮੋਰਚੇ ਦੀ ਹਜੇ ਕੱਲ ਦੀ ਹੀ ਗੱਲ ਹੈ। ਇਸ ਬਾਰੇ ਸਾਰੀ ਦੁਨੀਆ ਜਾਣੂ ਹੈ। ਪੰਜਾਬ ਦੀ ਸਿਆਸਤ ਚ ਹਰ ਸੀਟ ਹੀ ਹੋਟ (ਪੰਜਾਬੀ ਚ ਭਾਵ ਅਰਥ ਉਹ ਵਿਧਾਨ ਸਭਾ ਜੋ ਪੰਜਾਬ ਦੀ ਸਿਆਸਤ ਜਾਂ ਚੋਣ ਦ੍ਰਿਸ਼ ਨੂੰ ਜਿਆਦਾ ਪ੍ਰਭਾਵਤ ਕਰਦੀ ਹੋਵੇ ਜਾਂ ਜਿੱਥੇ ਕੋਈ ਪੰਜਾਬ ਦੀ ਅਹਿਮ ਸਿਅਸੀ ਸ਼ਖਸ਼ੀਅਤ ਚੋਣ ਲੜਦੀ ਹੋਵੇ) ਹੋ ਗਈ ਲੱਗਦੀ ਹੈ।ਹਰ ਸੀਟ ਪੰਜਾਬ ਦੇ ਆਉਣ ਵਾਲੀ ਵਿਧਾਨ ਸਭਾ ਲਈ ਅਹਿਮ ਮੰਨੀ ਜਾਂਦੀ ਹੈ ਤੇ ਮੰਨੀ ਜਾਣੀ ਚਾਹੀਦੀ ਹੈ।

ਗੱਲ ਜੇ ਸ਼ਹੀਦ ਭਗਤ ਸਿੰਘ ਦੇ (ਜੱਦੀ ਪਿੰਡ ਖਟਕੜ ਕਲਾਂ) ਜਿਲ੍ਹੇ ਦੀ ਕਰੀਏ ਤਾਂ ਜਿਲ੍ਹੇ ਵਿੱਚ 3 ਵਿਧਾਨ ਸਭਾ ਸੀਟਾਂ ਹਨ 2 ਜਨਰਲ ਅਤੇ 1 ਰਿਜਰਵ ਹਨ। ਮੌਜੂਦਾ ਸਮੇਂ ਚ 2 ਕਾਂਗਰਸ ਅਤੇ ਇੱਕ ਅਕਾਲੀ ਦਲ ਦੇ ਹਿੱਸੇ ਚ ਸੀਟਾਂ ਹਨ।ਪੰਜਾਬ ਵਾਂਗ ਇਹਨਾ ਹਲਕਿਆਂ ਵਿੱਚ ਵੀ, ਕਾਫੀ ਰਾਜਸੀ ਦਲ ਬਦਲੀ ਹੋਈ ਹੈ।ਜੋ ਰਾਜਨੀਤੀ ਦਾ ਇੱਕ ਹਿੱਸਾ ਬਣ ਚੁੱਕੀ ਹੈ।

ਬੰਗਾ (ਰਿਜਰਵ) ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਬਹੁਜਨ ਸਮਾਜ ਪਾਰਟੀ ਗਠਜੋੜ ਦੇ ਉਮੀਦਵਾਰ ਡਾ ਸੁਖਵਿੰਦਰ ਕੁਮਾਰ ਸੁੱਖੀ ਜੋ ਹੁਣ ਵੀ 2017 ਤੋਂ 2022 ਤੱਕ ਵਿਧਾਇਕ ਰਹੇ ਹਨ।ਦੂਜੇ ਪਾਸੇ ਕਾਂਗਰਸ ਪਾਰਟੀ ਨੇ ਚੌਧਰੀ ਤਰਲਚੋਨ ਸਿੰਘ ਸੂੰਢ, ਭਾਰਤੀ ਜਨਤਾ ਪਾਰਟੀ.ਲਲੋਕ ਪੰਜਾਬ ਕਾਂਗਰਸ.ਲ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਗਠਜੋੜ ਦੇ ਚੌਧਰੀ ਮੋਹਣ ਲਾਲ ਬੰਗਾ



**ਸੰਤੋਖ ਸਿੰਘ ਜੱਸੀ**
**91-70876-19800**

(ਇਹ ਦੋਵੇ ਆਗੂ 2-2 ਵਾਰ ਬੰਗਾ ਹਲਕੇ ਦੇ ਵਿਧਾਇਕ ਰਹਿ ਚੁੱਕੇ ਹਨ।), ਆਮ ਆਦਮੀ ਪਾਰਟੀ ਦੇ ਸ਼੍ਰੀ ਕੁਲਜੀਤ ਸਿੰਘ ਸਰਹਾਲ, ਸੰਯੁਕਤ ਮੋਰਚਾ ਅਤੇ ਪੰਜਾਬ ਬਹੁਜਨ ਸਮਾਜ ਪਾਰਟੀ ਦੇ ਰਾਜ ਕੁਮਾਰ ਮਾਹਲ ਖੁਰਦ, ਸ਼੍ਰੋਮਣੀ ਅਕਾਲੀ ਦਲ (ਅਮ੍ਰਿਤਸਰ) ਦੇ ਸ। ਮੱਖਣ ਸਿੰਘ ਤਾਹਰਪੁਰੀ, ਮਨਜੀਤ ਸਿੰਘ ਭੰਗਲ ਅਜਾਦ ਉਮੀਦਵਾਰ, ਕਮਲਜੀਤ ਬੰਗਾ (ਆਜ਼ਾਦ), ਪਾਲ ਰਾਮ ਸੀ। ਪੀ। ਆਈ।, ਹਰਮੇਲ ਰਟੈਂਡਾ ਅਤੇ ਭੀਮ ਆਰਮੀ ਦੇ ਕ੍ਰਿਸ਼ਨ ਕੁਮਾਰ ਬੇਗੋਵਾਲ ਤੈਅਸ਼ੁਦਾ ਸਮਾਂ 3 ਵਜੇ ਤੱਕ ਚੋਣ ਮੈਦਾਨ ਵਿੱਚ ਹਨ।

ਪਿਛਲੀਆਂ ਚੋਣਾ ਵਿੱਚ ਪਹਿਲੀ ਵਾਰ ਆਮ ਆਦਮੀ ਪਾਰਟੀ ਪੰਜਾਬ ਵਿੱਚ ਉਮੀਦਵਾਰ ਉਤਾਰ ਕੇ 20 ਸੀਟਾਂ ਤੇ ਜਿੱਤ ਪ੍ਰਾਪਤ ਕਰ ਚੁੱਕੀ ਹੈ।ਇਸ ਬਾਰੇ ਸੰਯੁਕਤ ਸਮਾਜ ਮੋਰਚੇ ਦੀ ਆਮਦ ਹੋਈ ਹੈ ਹੁਣ ਦੇਖਣਾ ਇਹ ਹੋਵੇਗਾ ਕਿ 10 ਮਾਰਚ 2022 ਨੂੰ ਨਤੀਜੇ ਕਿਸ ਦੇ ਹੱਕ ਵਿੱਚ ਆਉਂਦੇ ਹਨ।

20 ਫਰਵਰੀ 2022 ਨੂੰ ਵੋਟਾਂ ਪੈਣਗੀਆਂ। ਸਾਨੂੰ ਸਭ ਨੂੰ ਸਮੇਂ ਸਿਰ ਜਾ ਕੇ ਬਿਨਾ ਡਰ/ਭੈਅ ਲਾਲਚ ਦੇ ਵੋਟ ਪਾਉਣੀ ਚਾਹੀਦੀ ਹੈ ਅਤੇ ਇਸ ਨਿਵੇਕਲੇ ਕਿਸਮ ਦੇ ਮੇਲੇ ਵਾਲੇ ਦਿਨ ਸਾਨੂੰ ਜਿਹਨਾ ਮਹਾਨ ਪੁਰਸ਼ਾਂ ਨੇ ਕਿੰਨੀਆਂ ਕੁਰਬਾਨੀਆ ਉਪਰੰਤ ਸਭ ਨੂੰ ਬਰਾਬਰ ਵੋਟ ਪਾਉਣ ਦਾ ਹੱਕ ਲੈ ਕੇ ਦਿੱਤਾ ਹੈ।ਇਹ ਵੀ ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਆਪਣੇ ਵੋਟ ਰਾਹੀਂ ਮਿਲੇ ਅਧਿਕਾਰ ਦੀ ਵਰਤੋਂ ਕਰਨੀ ਚਾਹੀਦੀ ਹੈ।

ਕਿਉਂਕਿ ਇਹ ਸਾਡੀ ਮਦਦਾਨ (ਅਕਲੀ ਬੁੱਧੀ) ਦੀ ਵੀ ਇੱਕ ਲੋਕਤੰਤਰੀ ਢਾਂਚੇ ਚ ਪ੍ਰੀਖਿਆ ਵਾਂਗ ਹੁੰਦੀ ਹੈ।
















ਵਿਧਾਨ ਸਭਾ ਚੋਣਾਂ 2022 ਲਈ ਬੰਗਾ ਦੇ ‘ਚੋਂ ਅਫਸਰ ਮੈਡਮ ਰਵਨੀਤ ਕੌਰ ਬੱਲ ਨੂੰ ਉਮੀਦਵਾਰ ਵਜੋਂ ਡਾ ਸੁਖਵਿੰਦਰ ਕੁਮਾਰ ਸੁੱਖੀ, ਚੌਧਰੀ ਮੋਹਣ ਲਾਲ, ਚੌਧਰੀ ਤਰਲੋਚਨ ਸਿੰਘ ਸੂੰਢ, ਕੁਲਜੀਤ ਸਿੰਘ ਸਰਹਾਲ, ਮੱਖਣ ਸਿੰਘ ਤਾਹਰਪੁਰੀ, ਰਾਜ ਕੁਮਾਰ ਮਾਹਲ ਖੁਰਦ, ਕਮਲਜੀਤ ਬੰਗਾ ਪੇਪਰ ਜਮ੍ਹਾਂ ਕਰਾਉਂਦੇ ਹੋਏ। **ਤਸਵੀਰਾਂ- ਸੰਤੋਖ ਸਿੰਘ ਜੱਸੀ**

## ਬਸਪਾ ਸੁਪਰੀਮੋ ਮਾਇਆਵਤੀ 8 ਫਰਵਰੀ ਨੂੰ ਨਵਾਂਸ਼ਹਿਰ ‘ਚ

ਬਸਪਾ ਸੁਪਰੀਮੋ ਭੈਣ ਮਾਇਆਵਤੀ 8 ਫਰਵਰੀ ਨੂੰ ਨਵਾਂਸ਼ਹਿਰ ਵਿਖੇ ਚੋਣ ਰੈਲੀ ਨੂੰ ਸੰਬੋਧਨ ਕਰਨ ਆ ਰਹੇ ਹਨ। ਡਾ ਬਹੁਜਨ ਸਮਾਜ ਪਾਰਟੀ ਦੇ ਪੰਜਾਬ ਦੇ ਜਨਰਲ ਸਕੱਤਰ ਅਤੇ ਨਵਾਂਸ਼ਹਿਰ ਹਲਕੇ ਤੋਂ ਉਮੀਦਵਾਰ ਡਾ। ਨਛੱਤਰ ਪਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵਾਂਸ਼ਹਿਰ ਦੇ ਕਰਿਆਮ ਰੋਡ ਸਥਿੱਤ ਦਾਣਾ ਮੰਡੀ ਵਿਖੇ ਉੱਤਰ ਪੰਦੇਸ਼ ਦੀ ਚਾਰ ਬਾਰ ਰਹਿ ਚੁੱਕੀ ਮੁੱਖ ਮੰਤਰੀ, ਲੋਕ ਸਭਾ ਅਤੇ ਰਾਜ ਸਭਾ ਦੀ ਸਾਂਸਦ ਭੈਣ ਕੁਮਾਰੀ ਮਾਇਆਵਤੀ 8 ਫਰਵਰੀ ਨੂੰ ਸੰਬੋਧਨ ਕਰਨ ਪਹੁੰਚ ਰਹੇ ਹਨ। ਵਰਨਣਯੋਗ ਹੈ ਕਿ ਵਿਧਾਨ ਸਭਾ ਚੋਣਾਂ 2022 ‘ਚ ਮਾਇਆਵਤੀ ਦੀ ਇਹ ਪਹਿਲੀ ਚੋਣ ਰੈਲੀ ਹੈ, ਜਿਸ ਕਾਰਨ ਬਹੁਜਨ ਸਮਾਜ ਪਾਰਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵਿੱਚ ਭਾਰੀ ਉੱਤਸ਼ਾਹ ਹੈ। ਇਸ਼ ਚੋਣ ਰੈਲੀ ਵਿੱਚ ਬਸਪਾ ਸੁਪਰੀਮੋ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੀ ਕੌਮੀ ਲੀਡਰਸ਼ਿਪ ਅਤੇ ਦੋਂਵੇਂ ਪਾਰਟੀਆਂ ਦੇ ਵਰਕਰ ਤੇ ਸਮ-ਰਥੱਕ ਚੋਣ ਜ਼ਾਬਤੇ ਮੁਤਾਬਕ ਪਹੁੰਚ ਰਹੇ ਹਨ। ਵਰਨਣਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦਾ ਇਹ ਚੋਣ ਗੱਠਜੋੜ ਕਰੀਬ 25 ਸਾਲਾਂ ਬਾਅਦ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ 97 ਸੀਟਾਂ ਤੇ ਅਤੇ ਬਹੁਜਨ ਸਮਾਜ ਪਾਰਟੀ 20 ਸੀਟਾਂ ਤੇ ਚੋਣ ਲੜ ਰਹੀ ਹੈ। ਨਵਾਂਸ਼ਹਿਰ ਸੀਟ ਵੀ ਡਾ। ਨਛੱਤਰ ਪਾਲ ਨੂੰ ਦਿੱਤੀ ਗਈ ਹੈ।



**- ਸੰਤੋਖ ਸਿੰਘ ਜੱਸੀ**

# ਕਿੰਨੇ ਕੁ ਪੜ੍ਹੇ ਲਿਖੇ ਸਨ ਪੰਜਾਬ ਦੇ ਹੁਣ ਤੱਕ ਰਹੇ ਮੁੱਖ-ਮੰਤਰੀ ?

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਵਿਚ ਇਸ ਵਾਰ ਮੁਕਾਬਲਾ ਕਾਂਗਰਸ, ਆਮ ਆਦਮੀ ਪਾਰਟੀ, ਅਕਾਲੀ ਦਲ ਵਿਚਾਲੇ ਹੈ। ਦੂਜੇ ਪਾਸੇ ਭਾਜਪਾ ਸੂਬੇ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮਿਲ ਕੇ ਕਾਂਗਰਸ ਦੀ ਖੇਡ ਨੂੰ ਵਿਗਾੜਨ ਦੀ ਕੋਸ਼ਿਸ਼ ਕਰ ਰਹੀ ਹੈ। ਪੰਜਾਬ ਦੇ ਲੋਕ 20 ਫਰਵਰੀ ਨੂੰ ਵੋਟ ਪਾਉਣਗੇ ਤੇ ਸੂਬੇ ਦਾ 13ਵਾਂ ਮੁੱਖ ਮੰਤਰੀ ਕੌਣ ਹੋਵੇਗਾ, ਇਸ ਦਾ ਫੈਸਲਾ 10 ਮਾਰਚ ਨੂੰ ਹੋਵੇਗਾ ਪਰ ਇਸ ਤੋਂ ਪਹਿਲਾਂ ਸੂਬੇ ਦੇ ਹੁਣ ਤੱਕ ਜਿਹੜੇ 12 ਮੁੱਖ ਮੰਤਰੀ ਰਹਿ ਚੁੱਕੇ ਹਨ, ਉਹ ਕਿੰਨੇ ਪੜ੍ਹੇ ਲਿਖੇ ਹਨ, ਅੱਜ ਅਸੀਂ ਉਸ 'ਤੇ ਰੋਸ਼ਨੀ ਪਾਉਂਦੇ ਹਾਂ।

ਸੂਬੇ ਦੇ 12 ਮੁੱਖ ਮੰਤਰੀਆਂ ਵਿੱਚੋਂ 7 ਸਧਾਰਨ ਗ੍ਰੈਜੂਏਟ ਤੇ 3 ਲਾਅ ਗ੍ਰੈਜੂਏਟ ਹਨ। ਦੋ ਅਜਿਹੇ ਵੀ ਹਨ ਜੋ ਆਪਣੀ ਗ੍ਰੈਜੂਏਸ਼ਨ ਵੀ ਪੂਰੀ ਨਹੀਂ ਕਰ ਸਕੇ। ਪੰਜਾਬ ਦੇ ਪਹਿਲੇ ਮੁੱਖ ਮੰਤਰੀ **ਗੁਰਮੁਖ ਸਿੰਘ ਮੁਸਾਫਿਰ** ਸਨ। ਉਹ ਇੱਕ ਅਧਿਆਪਕ, ਲੇਖਕ ਤੇ ਕਵੀ ਸਨ। ਉਹ 1 ਨਵੰਬਰ 1966 ਤੋਂ 8 ਮਾਰਚ 1967 ਤੱਕ ਮੁੱਖ ਮੰਤਰੀ ਰਹੇ।

### ਜਸਟਿਸ ਗੁਰਨਾਮ ਸਿੰਘ

ਪੰਜਾਬ ਦੇ ਦੂਜੇ ਮੁੱਖ ਮੰਤਰੀ ਸਨ। ਉਨ੍ਹਾਂ ਲਾਹੌਰ ਕਾਲਜ ਤੋਂ ਕਾਨੂੰਨ ਦੀ ਪੜ੍ਹਾਈ ਕਰਨ ਤੋਂ ਬਾਅਦ ਲਾਇਲਪੁਰ ਵਿੱਚ ਪ੍ਰੈਕਟਿਸ ਸ਼ੁਰੂ ਕੀਤੀ। ਉਹ 1950 ਤੋਂ 1959 ਤੱਕ ਪੰਜਾਬ ਹਾਈ ਕੋਰਟ ਦੇ ਜੱਜ ਰਹੇ। ਉਹ ਸ਼੍ਰੋਮਣੀ ਅਕਾਲੀ ਦਲ ਦੇ ਪਹਿਲੇ ਤੇ ਦੋ ਵਾਰ ਮੁੱਖ ਮੰਤਰੀ ਬਣੇ। ਉਨ੍ਹਾਂ ਦਾ ਪਹਿਲਾ ਕਾਰਜਕਾਲ 8 ਮਾਰਚ 1967 ਤੋਂ 25 ਨਵੰਬਰ 1967 ਤੇ ਦੂਜਾ 17 ਫਰਵਰੀ 1969 ਤੋਂ 27 ਮਾਰਚ 1970 ਤੱਕ ਸੀ।

### ਲਕਸ਼ਮਣ ਸਿੰਘ ਗਿੱਲ

ਪੰਜਾਬ ਦੇ ਤੀਜੇ ਮੁੱਖ ਮੰਤਰੀ ਸਨ। ਉਹ ਅੰਡਰ ਗਰੈਜੂਏਟ ਸੀ। ਮੁੱਖ ਮੰਤਰੀ ਬਣਨ ਤੋਂ ਇਲਾਵਾ ਉਹ ਪੰਜਾਬ ਦੇ ਸਿੱਖਿਆ ਤੇ ਮਾਲ ਮੰਤਰੀ ਵੀ ਰਹੇ। ਮੁੱਖ ਮੰਤਰੀ ਵਜੋਂ ਉਨ੍ਹਾਂ ਦਾ ਕਾਰਜਕਾਲ 25 ਨਵੰਬਰ 1967 ਤੋਂ 22 ਅਗਸਤ 1968 ਤੱਕ ਰਿਹਾ।

### ਪ੍ਰਕਾਸ਼ ਸਿੰਘ ਬਾਦਲ

ਪੰਜਾਬ ਦੇ ਚੌਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬਣੇ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਹਨ। ਉਹ 1970-71, 1977-80, 1997-2002, 2007-2012 ਤੇ 2012-2017 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਉਨ੍ਹਾਂ ਕ੍ਰਿਸ਼ਚੀਅਨ ਕਾਲਜ, ਲਾਹੌਰ ਤੋਂ ਗ੍ਰੈਜੂਏਸ਼ਨ ਕੀਤੀ ਹੈ।

### ਗਿਆਨੀ ਜ਼ੈਲ ਸਿੰਘ

ਪੰਜਾਬ ਦੇ 5ਵੇਂ ਮੁੱਖ ਮੰਤਰੀ ਸਨ। ਗਿਆਨੀ ਜ਼ੈਲ ਸਿੰਘ ਨੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਤੋਂ ਗੁਰੂ ਗ੍ਰੰਥ ਸਾਹਿਬ ਦੀ ਪੜ੍ਹਾਈ ਤੇ ਸਿਖਲਾਈ ਲਈ। ਉਹ 1972 ਤੋਂ 1977 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। 1982 ਤੋਂ 1987 ਤੱਕ ਉਹ ਦੇਸ਼ ਦੇ ਪਹਿਲੇ ਸਿੱਖ ਰਾਸ਼ਟਰਪਤੀ ਵੀ ਰਹੇ।

### ਦਰਬਾਰਾ ਸਿੰਘ

ਅੰਮ੍ਰਿਤਸਰ ਦੇ ਖਾਲਸਾ ਕਾਲਜ ਤੋਂ ਪੜ੍ਹੇ ਦਰਬਾਰਾ ਸਿੰਘ 1980 ਤੋਂ 1983 ਤੱਕ ਮੁੱਖ ਮੰਤਰੀ ਰਹੇ।

### ਸੁਰਜੀਤ ਸਿੰਘ ਬਰਨਾਲਾ

ਬਰਨਾਲਾ ਨੇ 1946 ਵਿੱਚ ਲਖਨਊ ਯੂਨੀ-ਵਰਸਿਟੀ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ। ਉਹ 1985 ਤੋਂ 1987 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ।

### ਬੇਅੰਤ ਸਿੰਘ

ਬੇਅੰਤ ਸਿੰਘ 1992 ਤੋਂ 1995 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਉਨ੍ਹਾਂ ਨੇ ਸਰਕਾਰੀ ਕਾਲਜ ਲਾਹੌਰ ਤੋਂ ਬੀਏ ਪਾਸ ਕੀਤੀ ਪਰ ਪਿਤਾ ਦੀ ਮੌਤ ਕਾਰਨ ਉਨ੍ਹਾਂ ਨੂੰ ਕਾਨੂੰਨ ਦੀ ਪੜ੍ਹਾਈ ਅੱਧ ਵਿਚਾਲੇ ਛੱਡਣੀ ਪਈ।

### ਹਰਚਰਨ ਸਿੰਘ ਬਰਾੜ

ਹਰਚਰਨ ਸਿੰਘ ਬਰਾੜ ਨੇ ਆਪਣੀ ਗ੍ਰੈਜੂਏਸ਼ਨ ਸਰਕਾਰੀ ਕਾਲਜ ਲਾਹੌਰ ਤੋਂ ਕੀਤੀ। ਬੇਅੰਤ ਸਿੰਘ ਦੀ ਹੱਤਿਆ ਤੋਂ ਬਾਅਦ ਉਹ 31 ਅਗਸਤ 1995 ਤੋਂ 21 ਨਵੰਬਰ 1996 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਉਹ ਸਿੰਚਾਈ ਤੇ ਬਿਜਲੀ ਮੰਤਰੀ ਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਵੀ ਰਹੇ।

### ਰਜਿੰਦਰ ਕੌਰ ਭੱਠਲ

ਰਜਿੰਦਰ ਕੌਰ ਭੱਠਲ ਨੇ ਆਪਣੀ ਗ੍ਰੈਜੂਏਸ਼ਨ ਸਰਕਾਰੀ ਕਾਲਜ ਸੰਗਰੂਰ ਤੋਂ ਕੀਤੀ। ਉਹ ਹੁਣ ਤੱਕ ਪੰਜਾਬ ਦੀ ਪਹਿਲੀ ਤੇ ਇਕਲੌਤੀ ਮਹਿਲਾ ਮੁੱਖ ਮੰਤਰੀ ਰਹੀ ਹੈ। ਉਨ੍ਹਾਂ ਦਾ ਕਾਰਜਕਾਲ ਨਵੰਬਰ 1996 ਤੋਂ ਫਰਵਰੀ 1997 ਤੱਕ ਰਿਹਾ।

### ਕੈਪਟਨ ਅਮਰਿੰਦਰ ਸਿੰਘ

ਕੈਪਟਨ ਅਮਰਿੰਦਰ ਸਿੰਘ ਨੇ ਗ੍ਰੈਜੂਏਸ਼ਨ ਤੋਂ ਬਾਅਦ 1963 ਤੋਂ 1965 ਤੱਕ ਭਾਰਤੀ ਫੌਜ ਵਿੱਚ ਸੇਵਾ ਕੀਤੀ। ਉਹ ਦੋ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ। ਉਨ੍ਹਾਂ ਦਾ ਪਹਿਲਾ ਕਾਰਜਕਾਲ 26 ਫਰਵਰੀ 2002 ਤੋਂ 1 ਫਰਵਰੀ 2007 ਅਤੇ ਦੂਜਾ 16 ਮਾਰਚ 2017 ਤੋਂ 19 ਸਤੰਬਰ 2021 ਤੱਕ ਸੀ।

### ਚਰਨਜੀਤ ਸਿੰਘ ਚੰਨੀ

ਚਰਨਜੀਤ ਸਿੰਘ ਚੰਨੀ ਪੰਜਾਬ ਦੇ ਮੌਜੂਦਾ ਮੁੱਖ ਮੰਤਰੀ ਹਨ। ਉਹ ਸੂਬੇ ਦੇ ਪਹਿਲੇ ਦਲਿਤ ਮੁੱਖ ਮੰਤਰੀ ਹਨ। ਉਨ੍ਹਾਂ ਪੰਜਾਬ ਯੂਨੀਵਰਸਿਟੀ ਤੋਂ ਕਾਨੂੰਨ ਦੀ ਪੜ੍ਹਾਈ ਕੀਤੀ। ਇਸ ਤੋਂ ਬਾਅਦ ਉਨ੍ਹਾਂ ਪੀਟੀਯੂ ਤੋਂ ਐਮਬੀਏ ਦੀ ਡਿਗਰੀ ਪੂਰੀ ਕੀਤੀ।

ਉਹ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੀ ਐਚ ਡੀ ਕਰ ਰਹੇ ਹਨ। ਉਨ੍ਹਾਂ ਨੂੰ ਸਤੰਬਰ 2021 ਵਿੱਚ ਮੁੱਖ ਮੰਤਰੀ ਬਣਾਇਆ ਗਿਆ ਸੀ।



ਦੇਸ਼ ਦੇ 73ਵੇਂ ਗਣਤੰਤਰ ਦਿਵਸ ਨੂੰ ਮੁੱਖ ਰੱਖਦਿਆਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੀ ਮਹਿਲਾ ਫੈਕਲਟੀ ਅਤੇ ਵਿਦਿਆਰਥਣਾਂ ਨਾਰੀ ਸ਼ਕਤੀ ਦਾ ਪ੍ਰਗਟਾਵਾ ਕਰਦਿਆਂ ਦੇਸ਼ ਦੀ ਏਕਤਾ ਅਤੇ ਅਖੰਡਤਾ ਬਰਕਰਾਰ ਰੱਖਣ ਦਾ ਸੁਨੇਹਾ ਦਿੰਦੀਆਂ ਹੋਈਆਂ।



73ਵੇਂ ਗਣਤੰਤਰ ਦਿਵਸ ਦੀ ਪੂਰਵ ਸੰਧਿਆ 'ਤੇ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੀਆਂ ਵਿਦਿਆਰਥਣਾਂ ਅਤੇ ਯੁਵਾ ਫੈਕਲਟੀ ਦੇਸ਼ ਵਾਸੀਆਂ ਨੂੰ ਗਣਤੰਤਰਤਾ ਦਿਵਸ ਦੀ ਵਧਾਈ ਦਿੰਦੀ ਹੋਈ।



73ਵੇਂ ਗਣਤੰਤਰ ਦਿਵਸ ਨੂੰ ਸਮਰਪਿਤ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਦੀਆਂ ਵਿਦਿਆਰਥਣਾਂ ਦੇਸ਼ ਪ੍ਰੇਮ ਦੇ ਜਜ਼ਬੇ ਨਾਲ ਯੁਵਾ ਸ਼ਕਤੀ ਦਾ ਪ੍ਰਗਟਾਵਾ ਕਰਦੀਆਂ ਹੋਈਆਂ।




# ਏਸ਼ੀਆ ਹਾਕੀ ਕੱਪ ਕੁੜੀਆਂ ਵਿਚ ਜਾਪਾਨ ਨੇ ਤੀਸਰੀ ਵਾਰ ਕਾਇਮ ਕੀਤੀ ਆਪਣੀ ਸਰਦਾਰੀ

## ਫਾਈਨਲ ਮੁਕਾਬਲੇ ਵਿਚ ਦੱਖਣੀ ਕੋਰੀਆ ਨੂੰ 4-2 ਨਾਲ ਹਰਾਇਆ, ਭਾਰਤ ਨੇ ਚੀਨ ਨੂੰ 2-0 ਗੋਲਾਂ ਨਾਲ ਹਰਾ ਕੇ ਜਿੱਤਿਆ ਕਾਂਸੀ ਤਮਗਾ







ਜਗਰੂਪ ਸਿੰਘ ਜਰਖੜ
ਖੇਡ ਲੇਖਕ
91-98143-00722

ਏਸ਼ਿਆਈ ਹਾਕੀ ਵਿੱਚ ਭਾਰਤੀ ਕੁੜੀਆਂ ਤੋਂ ਇਕ ਵਾਰ ਫਿਰ ਚੈਂਪੀਅਨ ਤਾਜ ਖੁੱਸ ਗਿਆ ਹੈ। ਏਸ਼ੀਆ ਕੱਪ ਹਾਕੀ ਵਿਚ ਜਾਪਾਨ ਨੇ ਤੀਸਰੀ ਵਾਰ ਆਪਣੀ ਸਰਦਾਰੀ ਕਾਇਮ ਕਰਦਿਆਂ ਫਾਈਨਲ ਮੁਕਾਬਲੇ ਵਿੱਚ ਆਪਣੇ ਰਵਾਇਤੀ ਵਿਰੋਧੀ ਦੱਖਣੀ ਕੋਰੀਆ ਨੂੰ 4-2 ਗੋਲਾਂ ਨਾਲ ਹਰਾ ਕੇ ਚੈਂਪੀਅਨ ਤਾਜ ਪਹਿਨਿਆ। ਇਸ ਤੋਂ ਪਹਿਲਾਂ ਜਪਾਨ 2007, 2013 ਚੈਂਪੀਅਨ ਬਣਿਆ ਸੀ, ਜਦਕਿ ਫਾਈਨਲ ਤੋਂ ਪਹਿਲਾਂ ਭਾਰਤ ਨੇ ਚੀਨ ਨੂੰ 2-0 ਗੋਲਾਂ ਨਾਲ ਹਰਾ ਕੇ ਕਾਂਸੀ ਦਾ ਤਮਗਾ ਜਿੱਤਿਆ। ਭਾਰਤੀ ਕੁੜੀਆਂ ਏਸ਼ੀਆ ਕੱਪ ਹਾਕੀ ਦੀਆਂ ਵਰਤਮਾਨ ਚੈਂਪੀਅਨ ਸਨ। ਭਾਰਤੀ ਕੁੜੀਆਂ ਆਪਣੇ ਜੇਤੂ ਖ਼ਿਤਾਬ ਦੀ ਲਾਜ ਨੂੰ ਬਚਾ ਨਾ ਸਕੀਆ ਕਿਉਂਕਿ ਭਾਰਤ ਨੂੰ ਪੂਲ ਮੈਚਾਂ ਵਿੱਚ ਜਾਪਾਨ ਹੱਥੋਂ 0-2 ਗੋਲਾਂ ਦੀ ਹੋਈ ਹਾਰ ਦਾ ਖਮਿਆਜ਼ਾ ਵੱਡੇ ਰੂਪ ਵਿੱਚ ਭੁਗਤਣਾ ਪਿਆ। ਜਿਸ ਕਰਕੇ ਭਾਰਤ ਸੈਮੀਫਾਈਨਲ ਵਿੱਚ ਦੱਖਣੀ ਕੋਰੀਆ ਕੋਲੋਂ ਵੀ 2-3 ਗੋਲਾਂ ਨਾਲ ਹਾਰ ਗਿਆ। ਜਾਪਾਨ ਅਤੇ ਦੱਖਣੀ ਕੋਰੀਆ ਨੇ ਆਪੋ ਆਪਣੇ ਪੂਲਾਂ ਵਿੱਚ ਸਰਵੋਤਮ ਸਥਾਨ ਹਾਸਲ ਕੀਤਾ ਜਦ ਕਿ ਭਾਰਤ ਅਤੇ ਚੀਨ ਦੀਆਂ ਟੀਮਾਂ ਆਪੋ ਆਪਣੇ ਪੂਲਾਂ ਵਿੱਚ ਦੂਸਰੇ ਸਥਾਨ ਉੱਤੇ ਰਹੀਆਂ। ਏਸ਼ੀਆ ਕੱਪ ਹਾਕੀ ਦੇ ਇਤਿਹਾਸ ਵਿੱਚ ਹੁਣ ਤਕ ਦੱਖਣੀ ਕੋਰੀਆ ਅਤੇ ਜਾਪਾਨ 3-3 ਵਾਰ ਚੈਂਪੀਅਨ ਬਣੇ ਹਨ ਜਦ ਕਿ ਭਾਰਤ ਅਤੇ ਚੀਨ ਨੇ 2-2 ਵਾਰ ਜੇਤੂ ਖਿਤਾਬ ਆਪਣੇ ਨਾਮ ਕੀਤਾ। ਦੱਖਣੀ ਕੋਰੀਆ ਨੇ ਪਲੇਠਾ ਏਸ਼ੀਆ ਕੱਪ ਸਾਲ1985 ਵਿੱਚ ਜਿੱਤਿਆ ਜਦਕਿ ਉਸ ਤੋਂ ਬਾਅਦ ਦੱਖਣੀ ਕੋਰੀਆ ਦੂਜੀ ਵਾਰ 1993 ਵਿੱਚ ਚੈਂਪੀਅਨ ਬਣਿਆ ਫਿਰ ਦੱਖਣੀ ਕੋਰੀਆ ਨੇ ਤੀਸਰਾ ਖ਼ਿਤਾਬ 1999 ਵਿੱਚ ਜਿੱਤਿਆ । ਭਾਰਤ ਸਾਲ 2004 ਵਿੱਚ ਚੈਂਪੀਅਨ ਬਣਿਆ ਉਸ ਤੋਂ ਬਾਅਦ ਦੂਸਰਾ ਖਿਤਾਬ ਭਾਰਤ ਨੇ ਸਾਲ2017 ਵਿੱਚ ਜਿੱਤਿਆ ਜਦ ਕਿ ਚੀਨ ਨੇ ਪਹਿਲਾ ਖਿਤਾਬ ਸਾਲ 1989 ਵਿੱਚ ਜਿੱਤਿਆ ਅਤੇ ਦੂਜਾ ਇਹ ਖਿਤਾਬ ਸਾਲ 2009 ਵਿੱਚ ਜਿੱਤਿਆ। ਦੱਖਣੀ ਕੋਰੀਆ ਦੀ ਜਿਓਨ ਇਓਂ 7 ਗੋਲ ਕਰਕੇ ਏਸ਼ੀਆ ਕੱਪ ਦੇ ਸਰਵੋਤਮ ਸਕੋਰਰ ਬਣੀ ।ਭਾਰਤ ਦੀ ਗੁਰਜੀਤ ਕੌਰ 4 ਗੋਲ ਕਰਕੇ ਤੀਸਰੇ ਸਥਾਨ ਦੀ ਸਕੋਰਰ ਬਣੀ, ਟੋਕੀਓ ਓਲੰਪਿਕ ਵਿੱਚ ਵੀ ਗੁਰਜੀਤ ਕੌਰ ਨੇ ਅਹਿਮ 4 ਗੋਲ ਕਰਕੇ ਭਾਰਤ ਨੂੰ ਸੈਮੀਫਾਈਨਲ ਤਕ ਪਹੁੰਚਦਾ ਕੀਤਾ ਸੀ। ਏਸ਼ੀਆ ਕੱਪ ਵਿੱਚ ਪਹਿਲੇ ਚਾਰ ਸਥਾਨਾਂ ਤੇ ਰਹਿਣ ਵਾਲੀਆਂ ਟੀਮਾਂ ਇਸ ਵਰ੍ਹੇ 2022 ਵਿੱਚ ਜੁਲਾਈ ਮਹੀਨੇ ਹਾਲੈਂਡ ਅਤੇ ਸਪੇਨ ਵਿਖੇ ਹੋਣ ਵਾਲੇ ਵਿਸ਼ਵ ਕੱਪ ਹਾਕੀ ਨੂੰ ਖੇਡਣਗੀਆਂ, ਜਦ ਕਿ ਬਾਕੀ ਚਾਰ ਟੀਮਾਂ ਮਲੇਸ਼ੀਆ ਇੰ-ਡੋਨੇਸ਼ੀਆ, ਥਾਈਲੈਂਡ, ਸਿੰਘਾਪੁਰ ਵਿਸ਼ਵ ਕੱਪ ਦੇ ਵਿੱਚੋਂ ਬਾਹਰ ਹੋ ਗਈਆਂ ਹਨ। ਏਸ਼ੀਆ ਕੱਪ ਓਮਾਨ ਦੀ ਰਾਜਧਾਨੀ ਮਸਕਟ ਵਿਖੇ ਖੇਡਿਆ ਗਿਆ ਪਰ ਮੇਜ਼ਬਾਨ ਦੇਸ਼ ਦੀ ਦੀਆਂ ਕੁੜੀਆਂ ਇਸ ਏਸ਼ੀਆ ਕੱਪ ਵਿੱਚ ਨਹੀਂ ਖੇਡੀਆ ਕਿਉਂਕਿ ਅਰਬ ਮੁਲਕ ਹੋਣ ਕਰਕੇ ਹੋ ਸਕਦਾ ਉਥੇ ਕੁੜੀਆਂ ਦੇ ਖੇਡਣ ਦੀ ਮਨਾਹੀ ਹੈ। ਜਾਂ ਓਮਾਨ ਦੀ ਕੁੜੀਆਂ ਦੀ ਹਾਕੀ ਟੀਮ ਦਾ ਪੱਧਰ ਉਸ ਲੈਵਲ ਦਾ ਨਾ ਹੋਵੇ ਆਮ ਤੌਰ ਤੇ ਏਸ਼ੀਆ ਹਾਕੀ ਵਿਚ ਉਕਤ ਸੈਮੀਫਾਈਨਲ ਵਿੱਚ ਪਹੁੰਚਣ ਵਾਲੀਆਂ ਚਾਰ ਟੀਮਾਂ ਦੀ ਹੀ ਤੂਤੀ ਬੋਲਦੀ ਹੈ।

ਵਿਸ਼ਵ ਪੱਧਰ ਤੇ ਆਸਟਰੇਲੀਆ, ਹਾਲੈਂਡ, ਇੰਗਲੈਂਡ, ਜਰਮਨੀ, ਸਪੇਨ ਆਇਰਲੈਂਡ, ਅਮਰੀਕਾ ਅਤੇ ਹੋਰ ਦਿੱਗਜ ਟੀਮਾਂ ਦੀ ਸਮੇਂ ਸਮੇਂ ਤੇ ਸਰਦਾਰੀ ਅਤੇ ਮਕਬੂਲੀਅਤ ਰਹੀ ਹੈ।

# ਪੰਜਾਬ ਦੀ ਅੰਮ੍ਰਿਤਸਰ ਪੂਰਬੀ ਸੀਟ 'ਤੇ ਨਵਜੋਤ ਸਿੱਧੂ ਬਨਾਮ ਅਕਾਲੀ ਦਲ ਦੇ ਬਿਕਰਮ ਮਜੀਠੀਆ








ਹਰਦੀਪ ਸਿੰਘ ਚੁੰਬਰ
91-94636-01616

2017 ਦੀਆਂ ਚੋਣਾਂ ਦੇ ਉਲਟ, ਇਹ ਉੱਚ-ਪ੍ਰੋਫਾਈਲ ਮੁਕਾਬਲੇ ਦੀ ਗਵਾਹੀ ਦੇਣ ਵਾਲੀ ਇਕੋ-ਇਕ ਸੀਟ ਹੋਵੇਗੀ।

ਅੰਮ੍ਰਿਤਸਰ 26 ਜਨਵਰੀ: ਨਸ਼ਿਆਂ ਦੇ ਮਾਮਲੇ ਵਿੱਚ ਅਕਾਲੀ ਦਲ ਦੇ ਆਗੂ ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਲਈ ਅਣਥੱਕ ਚੋਣ ਪ੍ਰਚਾਰ ਕਰਨ ਵਾਲੇ ਕਾਂਗਰਸ ਦੇ ਨਵਜੋਤ ਸਿੱਧੂ ਅਗਲੇ ਮਹੀਨੇ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਸ ਵਿੱਚ ਆਹਮੋ-ਸਾਹਮਣੇ ਹੋਣਗੇ। ਅਕਾਲੀ ਦਲ ਨੇ ਅੱਜ ਐਲਾਨ ਕੀਤਾ ਕਿ ਉਹ ਸਾਬਕਾ ਮੰਤਰੀ ਨੂੰ ਅੰਮ੍ਰਿਤਸਰ (ਪੂਰਬੀ) ਵਿਧਾਨ ਸਭਾ ਸੀਟ ਤੋਂ ਉਤਾਰ ਰਿਹਾ ਹੈ, ਜਿੱਥੋਂ ਸੂਬਾ ਕਾਂਗਰਸ ਪ੍ਰਧਾਨ ਚੋਣ ਲੜ ਰਹੇ ਹਨ।

ਸ੍ਰੀ ਸਿੱਧੂ ਅੰਮ੍ਰਿਤਸਰ ਪੂਰਬੀ ਤੋਂ ਮੌਜੂਦਾ ਵਿਧਾਇਕ ਹਨ, ਇਹ ਸੀਟ ਉਨ੍ਹਾਂ ਨੇ 2017 ਵਿੱਚ ਆਰਾਮ ਨਾਲ ਜਿੱਤੀ ਸੀ, ਬਿਨਾਂ ਕਿਸੇ ਵੱਡੇ ਚਿਹਰੇ ਦੇ ਉਨ੍ਹਾਂ ਦੇ ਵਿਰੁੱਧ ਚੋਣ ਲੜੀ ਸੀ। ਇਹ ਦੂਜੀ ਸੀਟ ਤੋਂ ਬਿਕਰਮ ਮਜੀਠੀਆ ਚੋਣ ਲੜਨਗੇ। ਉਸਨੇ 2012 ਅਤੇ 2017 ਦੀਆਂ ਵਿਧਾਨ ਸਭਾ ਚੋਣਾਂ ਅੰਮ੍ਰਿਤਸਰ ਦੇ ਇੱਕ ਵਿਧਾਨ ਸਭਾ ਹਲਕੇ ਤੋਂ ਮਜੀਠੀਆ ਤੋਂ ਜਿੱਤੀਆਂ ਸਨ, ਜਿਸ ਨੂੰ ਉਸਦੀ "ਸੁਰੱਖਿਅਤ ਸੀਟ" ਵਜੋਂ ਦੇਖਿਆ ਜਾਂਦਾ ਸੀ।

ਦਸੰਬਰ ਵਿੱਚ, ਸ੍ਰੀ ਮਜੀਠੀਆ, 46, ਨੂੰ ਨਸ਼ਿਆਂ ਦੇ ਇੱਕ ਕੇਸ ਵਿੱਚ ਦਰਜ ਕੀਤਾ ਗਿਆ ਸੀ ਅਤੇ ਬਾਅਦ ਵਿੱਚ ਉਸਨੂੰ ਹਾਈ ਕੋਰਟ ਤੋਂ ਅਗਾਊਂ ਜ਼ਮਾਨਤ ਮਿਲੀ ਸੀ। ਫਿਲਹਾਲ ਵਿਸ਼ੇਸ਼ ਜਾਂਚ ਟੀਮ ਵੱਲੋਂ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।ਸ੍ਰੀ ਸਿੱਧੂ, ਜਿਸ ਨੇ ਐਲਾਨ ਕੀਤਾ ਸੀ ਕਿ ਜਦੋਂ ਤੱਕ ਸ੍ਰੀ ਮਜੀਠੀਆ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ "ਉਹ ਆਰਾਮ ਨਹੀਂ ਕਰਨਗੇ", ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਦੇ ਐਲਾਨ 'ਤੇ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਦੇ ਰਹੇ ਹਨ।

2017 ਦੀਆਂ ਚੋਣਾਂ ਦੇ ਉਲਟ, ਇਹ ਸੂਬੇ ਦੀ ਇੱਕੋ ਇੱਕ ਸੀਟ ਹੋਵੇਗੀ ਜਿੱਥੇ ਉੱਚ ਪੱਧਰੀ ਮੁਕਾਬਲਾ ਦੇਖਣ ਨੂੰ ਮਿਲੇਗਾ। ਮੈਂ ਸਿੱਧੂ ਦਾ ਇੱਕ ਹੋਰ ਵੱਡਾ ਵਿਰੋਧੀ- ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ, ਜਿਸ ਦੀ ਪੰਜਾਬ ਲੋਕ ਕਾਂਗਰਸ ਭਾਜਪਾ ਨਾਲ ਗੱਠਜੋੜ ਵਿੱਚ ਹੈ, ਪਟਿਆਲਾ ਸ਼ਹਿਰੀ ਤੋਂ ਚੋਣ ਲੜ ਰਿਹਾ ਹੈ।

2017 ਵਿੱਚ, ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਆਪਣੇ ਗੜ੍ਹ ਲੰਬੀ ਹਲਕੇ ਤੋਂ ਆਪਣੇ ਪੂਰਵਜ ਪ੍ਰਕਾਸ਼ ਸਿੰਘ ਬਾਦਲ ਵਿਰੁੱਧ ਚੋਣ ਲੜੀ ਸੀ। ਸੁਖਬੀਰ ਬਾਦਲ ਨੇ ਫਾਜ਼ਿਲਕਾ ਜ਼ਿਲੇ ਦੀ ਜਲਾਲਾਬਾਦ ਸੀਟ ਤੋਂ 'ਆਪ' ਦੇ ਭਗਵੰਤ ਮਾਨ ਅਤੇ ਕਾਂਗਰਸ ਦੇ ਰਵਨੀਤ ਬਿੱਟੂ ਖਿਲਾਫ ਵੀ ਸਫਲਤਾਪੂਰਵਕ ਚੋਣ ਲੜੀ ਸੀ।

# ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਨਵੀਂ ਚੁਣੀ ਗਈ ਟੀਮ



**ਲੁਧਿਆਣਾ–** ਚੰਗੇ ਕਾਰਜ਼ ਦੀ ਉਮੀਦ ਅਤੇ ਸ਼ੁਭਕਾਮਨਾਵਾਂ ਸਾਹਿਤ ਪੰਜਾਬੀ ਸਾਹਿਤ ਅਕਾਡਮੀ ਲੁ-ਧਿਆਣਾ ਦੀ ਨਵੀਂ ਚੁਣੀ ਗਈ ਟੀਮ ਨੂੰ ਸਾਹਿਤ ਸੁਰ ਸੰਗਮ ਸਭਾ ਅਤੇ ਯੂਰੋਪੀ ਪੰਜਾਬੀ ਲੇਖਕ ਭਾਈਚਾਰੇ ਵਲੋਂ ਬਹੁਤ2 ਮੁਬਾਰਕ ।

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ
ਪੰਜਾਬੀ ਭਵਨ, ਲੁਧਿਆਣਾ
ਪ੍ਰਬੰਧਕੀ ਬੋਰਡ: 2022 - 2024

ਪ੍ਰਧਾਨ:
ਡਾ ਲਖਵਿੰਦਰ ਸਿੰਘ ਜੌਹਲ

ਸੀਨੀਅਰ ਮੀਤ-ਪ੍ਰਧਾਨ:
ਡਾ ਸ਼ਿਆਮ ਸੁੰਦਰ ਦੀਪਤੀ

ਮੀਤ-ਪ੍ਰਧਾਨ:
ਸ਼੍ਰੀ ਸਹਿਜਪ੍ਰੀਤ ਸਿੰਘ ਮਾਂਗਟ
ਸ਼੍ਰੀ ਤ੍ਰੈਲੋਚਨ ਲੋਚੀ
ਡਾ ਭਗਵੰਤ ਸਿੰਘ
ਸ਼੍ਰੀ ਭਗਵੰਤ ਰਸੂਲਪੁਰੀ
ਡਾ ਹਰਵਿੰਦਰ ਸਿੰਘ ਸਿਰਸਾ

ਜਨਰਲ ਸਕੱਤਰ:
ਡਾ ਗੁਰਇਕਬਾਲ ਸਿੰਘ

ਮੈਂਬਰ ਪ੍ਰਬੰਧਕੀ ਬੋਰਡ:
ਡਾ ਸੰਤੋਖ ਸਿੰਘ ਸੁੱਖੀ
ਸ਼੍ਰੀ ਹਰਦੀਪ ਢਿੱਲੋਂ
ਸ਼੍ਰੀ ਹਰਬੰਸ ਮਾਲਵਾ
ਸ਼੍ਰੀ ਕਰਮ ਸਿੰਘ ਜ਼ਖ਼ਮੀ
ਸ਼੍ਰੀ ਕੇ ਸਾਧੂ ਸਿੰਘ
ਡਾ ਗੁਰਮੇਲ ਸਿੰਘ
ਸ਼੍ਰੀ ਜਸਵੀਰ ਝੱਜ
ਸ਼੍ਰੀ ਪਰਮਜੀਤ ਸਿੰਘ ਮਾਨ
ਸ਼੍ਰੀ ਬਲਦੇਵ ਸਿੰਘ ਝੱਜ
ਡਾ ਬਲਵਿੰਦਰ ਸਿੰਘ ਚਹਿਲ
ਸ਼੍ਰੀ ਰੋਜ਼ੀ ਸਿੰਘ
ਡਾ ਇੰਦਰਾ ਵਿਰਕ
ਸ਼੍ਰੀਮਤੀ ਪਰਮਜੀਤ ਕੌਰ ਮਹਿਕ
ਸ਼੍ਰੀ ਅਸ਼ੋਕ ਵਸ਼ਿਸ਼ਠ
ਸ਼੍ਰੀ ਬਲਜੀਤ ਸਿੰਘ ਰੈਣਾ।

# ਦੁਨੀਆਂ 'ਚ ਮਹਾਮਾਰੀ ਨਾਲ ਮਰਨ ਵਾਲਿਆਂ ਦਾ ਅੰਕੜਾ 56।6 ਲੱਖ ਤੋਂ ਪਾਰ

**ਨਵੀਂ ਦਿੱਲੀ–** ਕੋਰੋਨਾ ਦੇ ਇਕ ਵਾਰ ਫਿਰ ਨਵੇਂ ਵੇਰੀਐਂਟ ਦੇ ਸਾਹਮਣੇ ਆਉਣ ਨਾਲ ਦੁਨੀਆ ਰਾਹਤ ਦਾ ਸਾਹ ਨਹੀਂ ਲੈ ਪਾ ਰਹੀ ਹੈ। ਦੁਨੀਆ ਭਰ 'ਚ ਕੋਰੋਨਾ ਦੇ ਮਾਮਲੇ ਵਧ ਕੇ 37।43 ਕਰੋੜ ਹੋ ਗਏ ਹਨ। ਹੁਣ ਤਕ ਇਸ ਮਹਾਮਾਰੀ ਨੇ ਦੁਨੀਆ ਭਰ ਵਿੱਚ 56।6 ਲੱਖ ਤੋਂ ਵੱਧ ਲੋਕਾਂ ਦੀ ਜਾਨ ਲੈ ਲਈ ਹੈ। ਯੂਰਪ 'ਚ ਕੋਰੋਨਾ ਦੀ ਲਾਗ ਤੇਜ਼ੀ ਨਾਲ ਫੈਲ ਰਹੀ ਹੈ। ਫਰਾਂਸ ਅਤੇ ਰੂਸ ਕੋਰੋਨਾ ਮਹਾਮਾਰੀ ਦਾ ਨਵਾਂ ਕੇਂਦਰ ਬਣਦਾ ਜਾਪ ਰਿਹੈ।

ਰੂਸ ਵਿਚ ਕੋਰੋਨਾ ਸੰਕਰਮਿਤਾਂ ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਇਸ ਦੌਰਾਨ ਦੁਨੀਆ ਦੇ ਕਈ ਨੇਤਾ ਕੋਰੋਨਾ ਦੀ ਲਪੇਟ 'ਚ ਆ ਗਏ ਹਨ।

ਰੂਸ 'ਚ ਇਕ ਦਿਨ 'ਚ ਕੋਰੋਨਾ ਇਨਫੈਕਸ਼ਨ ਦੇ 124,070 ਨਵੇਂ ਮਾਮਲੇ ਸਾਹਮਣੇ ਆਏ ਹਨ, ਜਦਕਿ ਇਸ ਦੌਰਾਨ 621 ਲੋਕਾਂ ਦੀ ਮੌਤ ਹੋ ਗਈ ਹੈ। ਇੱਕ ਦਿਨ ਪਹਿਲਾਂ, ਰੂਸ ਵਿੱਚ 121,228 ਮਾਮਲੇ ਸਾਹਮਣੇ ਆਏ ਸਨ। ਇਸ ਦੇ ਨਾਲ, ਰੂਸ ਵਿੱਚ ਸੰਕਰਮਿਤਾਂ ਦੀ ਗਿਣਤੀ 11,861,077 ਹੋ ਗਈ ਹੈ, ਜਦੋਂ ਕਿ ਮਹਾਮਾਰੀ ਕਾਰਨ 331,349 ਲੋਕਾਂ ਦੀ ਮੌਤ ਹੋ ਗਈ ਹੈ।

ਫਰਾਂਸ ਵਿੱਚ ਵੀ ਕੋਰੋਨਾ ਸੰਕਰਮਿਤਾਂ ਦੀ ਗਿਣਤੀ ਘੱਟ ਨਹੀਂ ਹੋ ਰਹੀ ਹੈ। ਫਰਾਂਸ ਵਿੱਚ ਪਿਛਲੇ 24 ਘੰਟਿਆਂ ਵਿੱਚ ਕੋਰੋਨਾ ਦੇ 249,448 ਨਵੇਂ ਮਾਮਲੇ ਸਾਹਮਣੇ ਆਏ ਹਨ। ਫਰਾਂਸ ਵਿੱਚ ਸੰਕਰਮਿਤਾਂ ਦੀ ਗਿਣਤੀ ਵੱਧ ਕੇ 19,058,073 ਹੋ ਗਈ ਹੈ ਜਦੋਂ ਕਿ ਮਹਾਂਮਾਰੀ ਕਾਰਨ 130,583 ਲੋਕ ਆਪਣੀ ਜਾਨ ਗੁਆਚੁੱਕੇ ਹਨ।

ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡਰਨ ਕੋਰੋਨਾ ਨਾਲ ਸੰਕਰਮਿਤ ਹੋ ਗਈ ਹੈ। ਇਸ ਦੇ ਨਾਲ ਹੀ ਇਰਾਕ ਦੇ ਵਿਦੇਸ਼ ਮੰਤਰੀ ਫੁਆਦ ਹੁਸੈਨ ਵੀ ਕੋਰੋਨਾ ਪਾਜ਼ੇਟਿਵ ਪਾਏ ਗਏ ਹਨ। ਹਾਲ ਹੀ 'ਚ ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਵੀ ਕੋਰੋਨਾ ਦੀ ਲਪੇਟ 'ਚ ਆ ਗਏ ਹਨ।

# ਬਸੰਤ ਪੰਚਮੀ ਬਨਾਮ ਬਸੰਤ ਰੁੱਤ


ਸਰਵਜੀਤ ਸਿੰਘ ਸੈਕਰਾਮੈਂਟੋ

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ, ਚੰਦ ਦੇ ਮਾਘ ਮਹੀਨੇ ਦੀ ਸੁਦੀ ਪੰਚਮੀ ਨੂੰ ਮਨਾਏ ਜਾਣ ਵਾਲੇ ਤਿਉਹਾਰ ਨੂੰ ਬਸੰਤ ਪੰਚਮੀ ਕਿਹਾ ਜਾਂਦਾ ਹੈ। ਭਾਵੇ ਇਸ ਨੂੰ ਬਸੰਤ ਰੁੱਤ ਦੀ ਆਰੰਭ ਮੰਨਿਆ ਜਾਂਦਾ ਹੈ ਪਰ ਇਸ ਦਾ ਬਸੰਤ ਰੁੱਤ ਨਾਲ ਕੋਈ ਸਬੰਧ ਨਹੀਂ ਹੈ। ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਰੁੱਤ ਸਦਾ ਹੀ ਇਕ ਖਾਸ ਸਮੇਂ ਤੇ ਆਰੰਭ ਹੁੰਦੀ ਹੈ, ਪਰ ਬਸੰਤ ਪੰਚਮੀ ਹਰ ਸਾਲ ਵੱਖ-ਵੱਖ ਸਮੇਂ ਤੇ ਆਉਂਦੀ ਹੈ। ਜਿਵੇ 2020 ਈ: ਵਿੱਚ ਬਸੰਤ ਪੰਚਮੀ 30 ਜਨਵਰੀ ਨੂੰ ਆਈ ਸੀ, 2021 ਈ: ਵਿੱਚ 16 ਫਰਵਰੀ, ਇਸ ਸਾਲ(2022 ਈ:) 5 ਫਰਵਰੀ ਅਤੇ 2023 ਈ: ਵਿਚ 26 ਜਨਵਰੀ ਨੂੰ ਆਵੇਗੀ। ਬਸੰਤ ਪੰਚਮੀ ਆਮ ਤੌਰ ਤੇ 20 ਜਨਵਰੀ ਤੋਂ 17 ਫਰਵਰੀ ਦੇ ਦਰਮਿਆਨ ਆਉਂਦੀ ਹੈ।

ਬਸੰਤ ਪੰਚਮੀ, ਜਿਸ ਨੂੰ 'ਸ੍ਰੀ ਪੰਚਮੀ' ਜਾਂ 'ਸਰਸਵਤੀ ਪੂਜਾ' ਵੀ ਕਿਹਾ ਜਾਂਦਾ ਹੈ, ਦਾ ਸਬੰਧ ਦੇਵੀ ਸਰਸਵਤੀ ਨਾਲ ਮੰਨਿਆ ਜਾਂਦਾ ਹੈ। ਸਰਸਵਤੀ ਹਿੰਦੂ ਮੱਤ ਵਿੱਚ ਗਿਆਨ, ਸੰਗੀਤ ਅਤੇ ਕਲਾ ਦੀ ਦੇਵੀ ਮੰਨੀ ਜਾਂਦੀ ਹੈ। ਬਸੰਤ ਪੰਚਮੀ ਨੂੰ ਦੇਵੀ ਸਰਸਵਤੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। 'ਹਿੰਦੂ ਮਿਥਿਹਾਸ ਕੋਸ਼' ਵਿੱਚ ਦਰਜ ਕਹਾਣੀ ਮੁਤਾਬਕ ਸਰਸਵਤੀ ਨੂੰ ਬ੍ਰਹਮਾ ਦੀ ਪਤਨੀ ਮੰਨਿਆ ਗਿਆ ਹੈ। ਭਾਰਤ ਦੇ ਕਈ ਹਿੱਸਿਆਂ ਵਿੱਚ ਬਹੁਤ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਬਸੰਤ ਪੰਚਮੀ ਦੇ ਦਿਨ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ।ਇਸ ਦਿਨ ਦੇ ਇਸ਼ਨਾਨ ਅਤੇ ਦਾਨ ਦਾ ਹਿੰਦੂ ਧਰਮ ਵਿੱਚ ਬਹੁਤ ਮਹੱਤਵ ਮੰਨਿਆ ਜਾਂਦਾ ਹੈ।ਬਸੰਤ ਪੰਚਮੀ ਵਾਲੇ ਦਿਨ ਕਈ ਥਾਂਵਾਂ ਉੱਤੇ ਸੰਗੀਤ ਸੰਮੇਲਨ ਅਤੇ ਕਵੀ-ਦਰਬਾਰ ਵੀ ਕਰਵਾਏ ਜਾਂਦੇ ਹਨ। ਜਿਥੇ ਇਸ ਦਿਨ ਪਤੰਗ ਬਾਜ਼ੀ ਦੇ ਮੁਕਾਬਲੇ ਹੁੰਦੇ ਹਨ, ਉਥੇ ਹੀ ਅੱਜ-ਕੱਲ ਚੀਨੀ ਡੋਰ ਕਾਰਨ ਦਰਦਨਾਕ ਹਾਦਸੇ ਵੀ ਵਾਪਰਦੇ ਹਨ।

ਬਸੰਤ, ਧਰਤੀ ਦੇ ਸੂਰਜ ਦੁਵਾਲੇ ਇਕ ਚੱਕਰ, ਜਿਸ ਨੂੰ ਸਾਲ ਕਹਿੰਦੇ ਹਨ, ਵਿੱਚ ਚਾਰ ਰੁੱਤਾਂ ਵਿੱਚੋਂ ਸਭ ਤੋਂ ਸੁਹਾਵਣੀ ਰੁੱਤ। ਆਪਣੇ ਦੇਸ਼ ਵਿਚ ਮੰਨੀਆਂ ਜਾਂਦੀਆਂ 6 ਰੁੱਤਾਂ ਵਿੱਚੋਂ ਇਕ ਰੁੱਤ, ਜੋ ਨਵੇ ਸਾਲ ਦੇ ਆਰੰਭ ਵਿਚ ਆਉਂਦੀ ਹੈ। ਬਸੰਤ ਰੁੱਤ ਨੂੰ ਪ੍ਰਕਿਰਤੀ ਵਿੱਚ ਇੱਕ ਨਵੀਂ ਚੇਤਨਾ ਦਾ ਸੂਚਕ ਮੰਨਿਆ ਜਾਂਦਾ ਹੈ, ਕਿਉਂਕਿ ਇਸ ਰੁੱਤ ਦੀ ਦਸਤਕ ਤੋਂ ਪਹਿਲਾਂ ਕੜਾਕੇ ਦੀ ਪੈ ਰਹੀ ਠੰਢ ਦਾ ਪ੍ਰਭਾਵ ਘਟ ਜਾਂਦਾ ਹੈ, ਦਰਖ਼ਤਾਂ ਦੀਆਂ ਨਵੀਆਂ ਕਰੂੰਬਲਾਂ ਫੁਟ ਪੈਂਦੀਆਂ ਹਨ। ਬਸੰਤ ਰੁੱਤ ਦੀ ਆਮਦ ਸਰਦ ਰੁੱਤ ਦੇ ਖਤਮ ਹੋਣ ਦੀ ਸੂਚਕ ਵੀ ਮੰਨੀ ਜਾਂਦੀ ਹੈ। ਪੰਜਾਬੀ ਅਖਾਣ ਵੀ ਇਸ ਦੀ ਤਸਦੀਕ ਕਰਦਾ ਹੈ। "ਆਈ ਬਸੰਤ-ਪਾਲਾ ਉਡੰਤ"।

ਉੱਤਰੀ ਅਰਧ ਗੋਲੇ ਵਿੱਚ, ਜਦੋਂ ਦਿਨ ਅਤੇ ਰਾਤ ਬਰਾਬਰ (March Eqiunox) ਹੁੰਦੇ ਹਨ, ਉਸ ਦਿਨਤੋਂ ਬਸੰਤ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ।ਜੇ ਸਾਲ ਦੀ ਵੰਡ ਚਾਰ ਰੁੱਤਾਂ ਵਿੱਚ ਕੀਤੀ ਜਾਵੇ ਤਾਂ ਇਸ ਤਰ੍ਹਾਂ ਹੁੰਦੀ ਹੈ। ਬਸੰਤ 20 ਮਾਰਚ ਤੋਂ 20 ਜੂਨ, ਗਰਮੀ 21 ਜੂਨ ਤੋਂ 21 ਸਤੰਬਰ, ਪਤਝੜ 22 ਸਤੰਬਰ ਤੋਂ 20 ਦਸੰਬਰ ਅਤੇ ਸਿਆਲ 21 ਦਸੰਬਰ ਤੋਂ 19 ਮਾਰਚ।ਆਪਣੇ ਦੇਸ਼ ਵਿੱਚ ਸਾਲ ਵੀ ਵੰਡ 6 ਰੁੱਤਾਂ ਵਿੱਚ ਕੀਤੀ ਗਈ ਹੈ। ਗੁਰਬਾਣੀ ਵਿੱਚ ਵੀ 6 ਰੁੱਤਾਂ ਦਾ ਹੀ ਜਿਕਰ ਹੈ। ਉਸ ਮੁਤਾਬਕ ਚੇਤ-ਵੈਸਾਖਬਸੰਤ ਰੁੱਤ, ਜੇਠ-ਹਾੜ ਗ੍ਰੀਖਮ ਰੁੱਤ, ਸਾਵਣ-ਭਾਦੋਂ ਬਰਸੁ ਰੁੱਤ, ਅੱਸੂ-ਕੱਤਕ ਸਰਦ ਰੁੱਤ, ਮੱਘਰ-ਪੋਹ ਸਿਸੀਅਰ ਰੁੱਤ ਅਤੇ ਮਾਘ-ਫੱਗਣ ਹਿਮਕਰ ਰੁੱਤ।

ਮੂਲ ਨਾਨਕਸ਼ਾਹੀ ਕੈਲੰਡਰ ਵਿੱਚ ਸਦਾ ਸਥਿਰ
ਗੁਰਬਾਣੀ ਦੀਆਂ ਰੁੱਤਾਂ




ਇਕ ਹੋਰ ਵਸੀਲੇ ਮੁਤਾਬਕ 6 ਰੁੱਤਾਂ ਦੀ ਵੰਡ ਇਉਂ ਕੀਤੀ ਗਈ ਹੈ, ਬਸੰਤ ਰੁੱਤ (Spirng) 18 ਫਰਵਰੀ ਤੋਂ 20 ਅਪ੍ਰੈਲ, ਗਰਮੀ (Summer) 21 ਅਪ੍ਰੈਲ ਤੋਂ 20 ਜੂਨ, ਬਰਸਾਤ (Monsoon) 21 ਜੂਨ ਤੋਂ 22 ਅਗਸਤ, ਪੱਤਝੜ (Autumn) 23 ਅਗਸਤ ਤੋਂ 22 ਅਕਤੂਬਰ, ਸਰਦ ਰੁੱਤ (Preiwnter) 23 ਅਕਤੂਬਰ ਤੋਂ 20 ਦਸੰਬਰ ਅਤੇ ਹਿਮਕਰ ਭਾਵ ਅੱਤ ਦੀ ਸਰਦੀ (iWnter) 21 ਦਸੰਬਰ ਤੋਂ 17 ਫਰਵਰੀ।

ਗਰੈਗੋਰੀਅਨ ਕੈਲੰਡਰ (Troipcal year) ਜਿਸ ਦੇ ਸਾਲ ਦੀ ਲੰਬਾਈ ਧਰਤੀ ਦੇ ਸੂਰਜ ਦੁਵਾਲੇ ਇਕ ਚੱਕਰ ਦੇ ਸਮੇਂ ਬਰਾਬਰ ਹੈ, ਮੁਤਾਬਕ ਕੀਤੀ ਗਈ ਉਪ੍ਰੋਕਤ ਵੰਡ ਜਿਆਦਾ ਢੁੱਕਵੀਂ ਹੈ। ਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ1108) ਵਿੱਚ"ਰਥੁ ਫਿਰੈ" ਦਾ ਭਾਵ ਸੂਰਜ ਦੇ ਰੱਥ ਤੋਂ ਹੈ। ਜਦੋਂ ਸੂਰਜ ਉਤਰਾਇਣ ਨੂੰ ਜਾ ਰਿਹਾ ਹੁੰਦਾ ਹੈ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡਾ ਹੋ ਰਿਹਾ ਹੁੰਦਾ ਹੈ, ਤਾਂ 21 ਜੂਨ ਨੂੰ ਦਿਨ ਵੱਧਣੋ ਰੁਕ ਜਾਂਦਾ ਹੈ ਅਤੇ ਸੂਰਜ ਦਖਰਾਇਣ ਨੂੰ ਮੁੜ ਪੈਂਦਾ ਹੈ। ਉਸ ਦਿਨ ਤੋਂ ਉੱਤਰੀ ਭਾਰਤ ਵਿਚ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਇਹ ਘਟਨਾ 16 ਹਾੜ ਨੂੰ ਵਾਪਰਦੀ ਸੀ। ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ, ਅਸਲ ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ ਹੁਣ ਇਹ ਘਟਨਾ 7 ਹਾੜ ਨੂੰ ਵਾਪਰਦੀ ਹੈ। ਜੇ ਅਜੇ ਵੀ ਸਾਲ ਦੀ ਲੰਬਾਈ ਨੂੰ ਨਾ ਸੋਧਿਆ ਗਿਆ ਤਾਂ ਇਹ ਫਰਕ ਵੱਧਦਾ ਹੀ ਜਾਵੇਗਾ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਤਾਂ ਆਲਮ ਹੀ ਨਿਰਾਲਾ ਹੈ। ਬਾਣੀ ਵਿੱਚ ਦਰਜ ਬਸੰਤ ਰਾਗ ਤੇ ਅਧਾਰਿਤ 'ਬਸੰਤ ਦੀ ਚੌਕੀ' ਦਾ ਆਰੰਭ ਸ਼੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਅਸਥਾਨਾਂ 'ਤੇ ਮਾਘ ਦੀ ਸੰਗਰਾਂਦ ਤੋਂ ਕੀਤਾ ਜਾਂਦਾ ਹੈ, ਅਤੇ ਸਮਾਪਤੀ ਹੋਲੇ ਮਹੱਲੇ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਤੀ ਜਾਂਦੀ ਹੈ। ਇਸ ਮੁਤਾਬਕ ਤਾਂ ਬਸੰਤ ਰੁੱਤ ਦਾ ਆਰੰਭ ਸੂਰਜੀ ਪੋਹ ਦੇ ਆਖਰੀ ਦਿਨ ਜਾਂ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਅਤੇ ਸਮਾਪਤੀ ਚੇਤ ਵਦੀ ਏਕਮ, ਭਾਵ ਹੋਲੇ ਮਹੱਲੇ ਵਾਲੇ ਦਿਨ ਹੁੰਦੀ ਹੈ। ਚੰਦ ਦੀ ਤਾਰੀਖ ਹੋਣ ਕਾਰਨ ਹੋਲੇ ਦੀ ਤਾਰੀਖ ਵੀ ਹਰ ਸਾਲ ਬਦਲ ਜਾਂਦੀ ਹੈ। ਜੋ ਹਰ ਸਾਲ ਤਕਰੀਬਨ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਆਉਂਦੀ ਹੈ। ਜੇ ਇਸ ਨੂੰ ਮੰਨ ਲਿਆ ਜਾਵੇ ਤਾਂ ਗ੍ਰੀਖਮ ਰੁੱਤ ਦਾ ਆਰੰਭ ਵੀ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਹੀ ਹੋਵੇਗਾ। ਜਿਵੇ ਕਿ ਉੱਪਰ ਵੇਖ ਆਏ ਹਾਂ, ਇਹ ਮੰਨਣ ਯੋਗ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ, ਰਾਮਕਲੀ ਰਾਗ ਵਿਚ ਪੰਚਮ ਪਾਤਸ਼ਾਹ ਜੀ ਵੱਲੋਂ ਉਚਾਰੀ ਗਈ ਪਾਵਨ ਪੰਗਤੀ, "ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ" (ਪੰਨਾ927) ਵਿੱਚ ਸਪੱਸ਼ਟ ਤੌਰ ਤੇ ਦਰਜ ਹੈ ਕਿ ਬਸੰਤ ਦੀ ਰੁਤ ਚੇਤ-ਵੈਸਾਖ ਦੇ ਮਹੀਨਿਆਂ ਵਿੱਚ ਹੁੰਦੀ ਹੈ। ਫੇਰ ਪਤਾ ਨਹੀਂ ਕਿਉ ਸ਼੍ਰੋਮਣੀ ਕਮੇਟੀ ਬਸੰਤ ਰਾਗ ਦਾ ਗਾਇਨ 30 ਪੋਹ ਜਾਂ ਇਕ ਮਾਘ ਤੋਂ ਆਰੰਭ ਕਰਦੀ ਹੈ ਅਤੇ ਸਮਾਪਤੀ 18 ਫੱਗਣ ਤੋਂ 15 ਚੇਤ ਦਰਮਿਆਨ ਕਰਦੀ ਹੈ। ਪਰ, ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤਾਂ ਮਾਘ ਅਤੇ ਫੱਗਣ ਦੇ ਮਹੀਨੇ ਵਿੱਚ ਹਿਮਕਰ ਰੁੱਤ ਭਾਵ ਬਰਫ਼ਾਨੀ ਰੁੱਤ ਹੁੰਦੀ ਹੈ। "ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ" (ਪੰਨਾ929)

"ਬਸੰਤ ਦੀ ਚੌਕੀ" ਮਾਘ-ਫੱਗਣ ਦੇ ਮਹੀਨੇ ਲਾਉਣ ਦੀ ਮਰਯਾਦਾ ਕਦੋਂ ਅਤੇ ਕਿਸ ਨੇ ਬਣਾਈ ਹੈ? ਇਹ ਸਵਾਲ, ਸਕੱਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸਕੱਤਰ ਧਰਮ ਪ੍ਰਚਾਰ ਕਮੇਟੀ, ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬਾਨ, ਕਈ ਹਜ਼ੂਰੀ ਰਾਗੀ ਜਥਿਆਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨਾਂ ਨੂੰ ਪੁੱਛ ਚੁੱਕੇ ਹਾਂ। ਕਿਸੇ ਨੇ ਵੀ ਤਸੱਲੀ ਬਖ਼ਸ਼ ਜਵਾਬ ਨਹੀ ਦਿੱਤਾ। ਖੈਰ।।।। ਉਪ੍ਰੋਕਤ ਚਰਚਾ ਤੋਂ ਸਹਿਜੇ ਹੀ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਰੁੱਤਾਂ ਦਾ ਸਬੰਧ ਸੂਰਜ ਦੁਵਾਲੇ ਧਰਤੀ ਦੀ ਚਾਲ ਨਾਲ ਹੈ ਨਾ ਕਿ ਧਰਤੀ ਦੁਵਾਲੇ ਚੰਦ ਦੀ ਚਾਲ ਨਾਲ। ਧਰਤੀ ਤੇ ਰੁੱਤਾਂ ਦੀ ਅਦਲਾ ਬਦਲੀ ਰੁੱਤੀ ਸਾਲ (ਠਰੋਪਿਚਅਲੈ ਇਅਰ)ਦੀ ਲੰਬਾਈ ਮੁਤਾਬਕ ਹੁੰਦੀ ਹੈ,ਨਾ ਕਿ ਬਿਕ੍ਰਮੀ ਸਾਲ (Sdereal Year) ਮੁਤਾਬਕ। ਬਸੰਤ ਪੰਚਮੀ, ਸਰਸਵਤੀ ਦੀ ਪੂਜਾ ਦਾ ਤਿਉਹਾਰ ਹੈ ਨਾ ਕਿ ਬਸੰਤ ਰੁੱਤ ਦਾ ਆਰੰਭ। ਗੁਰਬਾਣੀ ਮੁਤਾਬਕ ਬਸੰਤ ਰੁੱਤ ਚੇਤ ਅਤੇ ਵੈਸਾਖ ਦੇ ਮਹੀਨੇ ਵਿੱਚ ਹੁੰਦੀ ਹੈ ਨਾਕਿ ਮਾਘ-ਫੱਗਣ ਵਿੱਚ,ਜਦੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ "ਬਸੰਤ ਦੀ ਚੌਕੀ" ਭਾਵ ਬਸੰਤ ਰਾਗ ਦਾ ਕੀਰਤਨ ਕੀਤਾ ਜਾਂਦਾ ਹੈ।



### ਰਾਸ਼ਟਰੀ ਬਾਲਿਕਾ ਦਿਵਸ ਸਬੰਧੀ ਵਿਸ਼ੇਸ਼

# ਲੜਕੀਆਂ ਦੀ ਘੱਟ ਰਹੀ ਗਿਣਤੀ ਸਮਾਜ ਵਿੱਚ ਅਸੰਤੁਲਨ ਪੈਦਾ ਕਰ ਰਹੀ ਹੈ



ਕੁਲਦੀਪ ਚੰਦ
91-9417563054

ਅੱਜ 24 ਜਨਵਰੀ ਨੂੰ ਦੇਸ਼ ਵਿੱਚ ਰਾਸ਼ਟਰੀ ਬਾਲਿਕਾ ਦਿਵਸ ਮਨਾਇਆ ਜਾ ਰਿਹਾ ਹੈ ਅਤੇ ਇਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ। ਯੁੱਗਾਂ ਤੋ ਲੜਕੀਆਂ ਸਮਾਜ ਵਿੱਚ ਸਮੱਸਿਆਵਾਂ ਅਤੇ ਵਿਤਕਰੇ ਦਾ ਸਾਹਮਣਾ ਕਰਦੀਆਂ ਰਹੀਆਂ ਹਨ। ਉਹ ਹਮੇਸ਼ਾ ਸਾਰਿਆ ਲਈ ਆਸਾਨ ਨਿਸ਼ਾਨਾ ਰਹੇ ਹਨ। ਲੋਕ ਕੁੜੀ ਨੂੰ ਕਾਬਲ ਅਤੇ ਕਾਬਲੀਅਤ ਵਾਲੇ ਵਿਅਕਤੀ ਨੂੰ ਨਹੀਂ ਸਮਝਦੇ। ਬੱਚੀਆਂ ਦੀ ਹਾਲਤ ਸਾਲਾਂ ਬੱਧੀ ਵਿਗੜਦੀ ਰਹਿੰਦੀ ਹੈ। ਸਿਰਫ ਕੁੜੀ ਦੀ ਸਮੱਸਿਆ ਬਦਲਦੀ ਹੈ, ਪਰ ਉਸਦੀ ਸਥਿਤੀ ਨਹੀਂ। ਇਸ ਲਈ, ਵਿਤਕਰੇ ਨੂੰ ਦੂਰ ਕਰਨ ਅਤੇ ਲੜਕੀਆਂ ਦੀਆ ਸਥਿਤੀਆਂ ਨੂੰ ਸੁਧਾਰਨ ਲਈ, ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਦੁਆਰਾ 24 ਜਨਵਰੀ ਨੂੰ ਰਾਸ਼ਟਰੀ ਬਾਲਿਕਾ ਦਿਵਸ ਮਨਾਉਣ ਦੀ ਪਹਿਲਕਦਮੀ ਕੀਤੀ ਗਈ। ਰਾਸ਼ਟਰੀ ਬਾਲਿਕਾ ਦਿਵਸ ਦੀ ਸ਼ੁਰੂਆਤ ਸਾਲ 2008 ਤੋਂ ਸ਼ੁਰੂ ਕੀਤੀ ਗਈ ਅਤੇ ਇਸਦਾ ਮੁੱਖ ਉਦੇਸ਼ ਲੜਕੀਆਂ ਵਿੱਚ ਵੱਧ ਰਹੀ ਗੈਰ ਬਰਾਬਰੀ ਨੂੰ ਉਜਾਗਰ ਕਰਨਾ, ਲੜਕੀਆਂ ਦੇ ਅਧਿਕਾਰਾਂ ਸਬੰਧੀ ਜਾਗਰੂਕਤਾ ਵਧਾਉਣਾ ਅਤੇ ਲੜਕੀਆਂ ਲਈ ਸਿੱਖਿਆ, ਸਿਹਤ ਅਤੇ ਖੁਰਾਕ ਦੀ ਮਹੱਤਤਾ ਸਬੰਧੀ ਜਾਗਰੂਕ ਕਰਨਾ ਅਤੇ ਲੜਕੀਆਂ ਪ੍ਰਤੀ ਸਮਾਜ ਦੇ ਨਜ਼ਰੀਏ ਅਤੇ ਰਵੱਈਏ ਨੂੰ ਬਦਲਣਾ ਹੈ। ਸਰਕਾਰ ਨੇ ਇਸਦੀ ਸ਼ੁਰੂਆਤ 24 ਜਨਵਰੀ ਤੋਂ ਕੀਤੀ ਕਿਉਂਕਿ ਇਸ ਦਿਨ ਹੀ 24 ਜਨਵਰੀ 1966 ਨੂੰ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਨੇ ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਦੇ ਤੌਰ ਤੇ ਸੌਂਹ ਚੁੱਕੀ ਸੀ। ਭਾਵੇਂ ਅਸੀਂ 21ਵੀਂ ਸਦੀ ਵਿੱਚ ਪਹੁੰਚ ਗਏ ਹਾਂ ਪਰ ਕੁੜੀਆਂ ਬਾਰੇ ਬਹੁਤੇ ਲੋਕਾਂ ਦੀ ਸੋਚ ਅਜੇ ਵੀ ਸਦੀਆਂ ਪੁਰਾਣੀ ਹੈ। ਬੇਸ਼ੱਕ ਕਈ ਘਰਾਂ ਵਿੱਚ ਲੜਕੀਆਂ ਨੂੰ ਵੀ ਲੜਕਿਆਂ ਦੇ ਬਰਾਬਰ ਹੀ ਮਹੱਤਤਾ ਦਿੱਤੀ ਜਾਂਦੀ ਹੈ ਅਤੇ ਕਈ ਪਰਿਵਾਰਾਂ ਵਿੱਚ ਤਾਂ ਲੜਕੀਆਂ ਦੀ ਵੱਧ ਮਹੱਤਤਾ ਹੈ ਪਰ ਅਜਿਹੇ ਪਰਿਵਾਰਾਂ ਦੀ ਗਿਣਤੀ ਬਹੁਤ ਘੱਟ ਹੈ। ਸਾਡੇ ਦੇਸ਼ ਵਿੱਚ ਹਰ ਰੋਜ਼ ਨਿੱਕੀਆਂ ਮਾਸੂਮ ਬੱਚੀਆਂ ਦੇ ਨਾਲ ਬਲਾਤਕਾਰ ਹੋ ਰਹੇ ਹਨ, ਉਹਨਾਂ ਨੂੰ ਸਕੂਲਾਂ ਵਿੱਚ ਭੇਜਣ ਦੀ ਥਾਂ ਤੇ ਘਰਾਂ ਵਿੱਚ ਨੌਕਰਾਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਹੈ, ਅਣਗਿਣਤ ਬੱਚੀਆਂ ਨੂੰ ਜਨਮ ਲੈਣ ਤੋਂ ਪਹਿਲਾਂ ਹੀ ਮਾਂ ਦੇ ਗਰਭ ਵਿੱਚ ਲਿੰਗ ਜਾਂਚ ਕਰਵਾਕੇ ਖਤਮ ਕੀਤਾ ਜਾ ਰਿਹਾ ਹੈ, ਨਵ ਜੰਮੀਆਂ ਬੱਚੀਆਂ ਨੂੰ ਕੂੜੇ ਦੇ ਢੇਰਾਂ ਅਤੇ ਨਾਲੇ-ਨਾਲੀਆਂ ਵਿੱਚ ਲਾਵਾਰਿਸ ਸੁੱਟਿਆ ਜਾ ਰਿਹਾ ਹੈ ਜਿੱਥੇ ਕਿ ਕੁੱਤੇ ਅਤੇ ਹੋਰ ਜੰਗਲੀ ਜਾਨਵਰ ਉਹਨਾਂ ਦਾ ਮਾਸ ਨੋਚ-ਨੋਚਕੇ ਖਾ ਰਹੇ ਹਨ। ਸਾਡੇ ਦੇਸ਼ ਵਿੱਚ ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਂਦੀ ਹੈ ਜਿਸ ਕਾਰਨ ਬਹੁਤੇ ਘਰਾਂ ਵਿੱਚ ਕੁੜੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਕਈ ਪਰਿਵਾਰਾਂ ਵਿੱਚ ਅਜੇ ਵੀ ਕੁੜੀਆਂ ਨੂੰ ਅਕਸਰ ਸਰਕਾਰੀ ਸਕੂਲਾਂ ਵਿੱਚ ਜਦਕਿ ਮੁੰਡਿਆਂ ਨੂੰ ਵਧੀਆਂ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਇਆਂ ਜਾਂਦਾ ਹੈ। ਇਸੇ ਤਰਾਂ ਹੀ ਸਿਹਤ ਸੰਭਾਲ ਦੇ ਮਾਮਲੇ ਵਿੱਚ ਵੀ ਕੁੜੀਆਂ ਨਾਲ ਅਕਸਰ ਵਿਤਕਰਾ ਕੀਤਾ ਜਾਂਦਾ ਹੈ। ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਵਧੀਆਂ ਕੱਪੜੇ, ਵਧੀਆਂ ਖਾਣਾ ਅਤੇ ਜ਼ਿਆਦਾ ਜੇਬ ਖਰਚ ਦਿੱਤਾ ਜਾਂਦਾ ਹੈ, ਜਦਕਿ ਕੁੜੀਆਂ ਨੂੰ ਪਰਾਏ ਘਰ ਜਾਣ ਵਾਲੀ ਕਹਿ ਕੇ ਕਈ ਤਰਾਂ ਦਾ ਪੱਖਪਾਤ ਕੀਤਾ ਜਾਂਦਾ ਹੈ। ਇੱਕ ਪਾਸੇ ਕੰਨਿਆ ਪੂਜਨ ਵਰਗੇ ਧਾਰਮਿਕ ਮੌਕਿਆਂ ਤੇ ਪੂਜਾ ਕਰਦੇ ਹਾਂ ਪਰ ਜਦੋਂ ਖੁਦ ਦੇ ਘਰ ਕੰਨਿਆ ਜਨਮ ਲੈਂਦੀ ਹੈ ਤਾਂ ਕਈ ਪਰਿਵਾਰਾਂ ਵਿੱਚ ਮਾਹੌਲ ਸੋਗਮਈ ਹੋ ਜਾਂਦਾ ਹੈ। ਜੇਕਰ ਬਾਲ ਲਿੰਗ ਅਨੁਪਾਤ ਦੇਖਿਆ ਜਾਵੇ ਤਾਂ ਬੇਹੱਦ ਨਿਰਾਸ਼ਾਜਨਕ ਹੈ। ਭਾਰਤ ਵਿਚ 1991 ਦੀ ਜਨਗਣਨਾ ਵਿੱਚ ਪ੍ਰਤੀ 1000 ਮੁੰਡਿਆਂ ਦੇ ਮੁਕਾਬਲੇ 945 ਕੁੜੀਆਂ ਸਨ ਜੋ ਕਿ 2001 ਵਿੱਚ ਘੱਟ ਕੇ 927 ਰਹਿ ਗਈਆਂ ਸਨ ਅਤੇ 2011 ਵਿੱਚ ਹੋਰ ਘਟ ਕੇ 919 ਰਹਿ ਗਈਆਂ ਹਨ। ਜੇਕਰ ਅੰਕੜੇ ਵੇਖੀਏ ਤਾਂ ਕੁੜੀਆਂ ਦੀ ਗਿਣਤੀ ਪੱਖੋਂ ਅਰੁਣਾਚਲ ਦੀ ਹਾਲਤ ਸਭ ਤੋਂ ਵਧੀਆ ਹੈ ਅਤੇ ਕੁੜੀਆਂ ਦੀ ਗਿਣਤੀ 972 ਹੈ ਜਦਕਿ ਸਭ ਤੋਂ ਮਾੜੀ ਹਾਲਤ ਹਰਿਆਣਾ ਦੀ ਹੈ ਅਤੇ ਕੁੜੀਆਂ ਦੀ ਗਿਣਤੀ 834 ਰਹਿ ਗਈ ਹੈ, ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿੱਚ 2011 ਵਿੱਚ ਇਨ੍ਹਾਂ ਦੀ ਗਿਣਤੀ 880 ਰਹਿ ਗਈ ਹੈ, ਪੰਜਾਬ ਵਿੱਚ ਇਨ੍ਹਾਂ ਦੀ ਗਿਣਤੀ 846 ਰਹਿ ਗਈ ਹੈ, ਹਿਮਾਚਲ ਪ੍ਰਦੇਸ਼ ਵਿੱਚ ਇਹ ਗਿਣਤੀ ਘੱਟ ਕੇ 909 ਰਹਿ ਗਈ ਹੈ, ਜੰਮੂ ਕਸ਼ਮੀਰ ਵਿੱਚ ਇਹ ਗਿਣਤੀ 862 ਹੋ ਗਈ ਹੈ। ਇਸ ਪੱਖੋਂ ਕਈ ਗਰੀਬ ਰਾਜਾਂ ਬਿਹਾਰ, ਉਤਰ ਪ੍ਰਦੇਸ਼ ਆਦਿ ਦੀ ਹਾਲਤ ਵਧੀਆ ਹੈ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਦੁਨੀਆ ਭਰ ਵਿੱਚ 130 ਮਿਲੀਅਨ ਬੱਚੇ ਸਕੂਲ ਨਹੀਂ ਜਾਂਦੇ ਹਨ ਜਿਨ੍ਹਾਂ ਵਿੱਚੋਂ 60 ਫੀਸਦੀ ਲੜਕੀਆਂ ਹੀ ਹਨ। 2011 ਦੀ ਜਨਗਣਨਾ ਅਨੁਸਾਰ ਦੇਸ ਵਿੱਚ ਲਗਭਗ 11 ਫੀਸਦੀ ਸਕੂਲਾਂ ਅਤੇ 53 ਫੀਸਦੀ ਘਰਾਂ ਵਿੱਚ ਪਖਾਨਿਆਂ ਦੀ ਸਹੂਲਤ ਨਹੀਂ ਹੈ ਜਿਸਦਾ ਸਭ ਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈਂਦਾ ਹੈ। ਗੈਰ ਸਰਕਾਰੀ ਸੰਸਥਾ 'ਸ਼ਾਕਸ਼ੀ' ਨੇ 357 ਸਕੂਲਾਂ ਵਿੱਚ ਸਰਵੇ ਕਰਵਾਇਆ ਜਿਸ ਅਨੁਸਾਰ 63 ਫੀਸਦੀ ਲੜਕੀਆਂ ਨੇ ਮੰਨਿਆ ਕਿ ਉਹਨਾਂ ਦਾ ਗੰਭੀਰ ਸਰੀਰਕ ਸ਼ੋਸ਼ਣ ਜਾਂ ਬਲਾਤਕਾਰ ਕੀਤਾ ਗਿਆ ਅਤੇ 29 ਫੀਸਦੀ ਨਾਲ ਸਰੀਰਕ ਛੇੜਖ਼ਾਨੀ ਕੀਤੀ ਗਈ। ਹਰ ਰੋਜ਼ ਔਸਤਨ 106 ਮਹਿਲਾਵਾਂ ਅਤੇ ਲੜਕੀਆਂ ਬਲਾਤਕਾਰ ਦਾ ਸ਼ਿਕਾਰ ਬਣਦੀਆਂ ਹਨ ਅਤੇ ਇਨ੍ਹਾਂ ਵਿੱਚੋਂ ਜਿਆਦਾ ਗਿਣਤੀ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੀ ਹੀ ਹੈ। ਇੱਕ ਪਾਸੇ ਦੇਸ਼ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲੇ ਘਟਦੀ ਜਾ ਰਹੀ ਹੈ ਦੂਜੇ ਪਾਸੇ ਲੜਕੀਆਂ ਪ੍ਰਤੀ ਅਪਰਾਧ ਵੱਧ ਰਹੇ ਹਨ ਜੋ ਕਿ ਦੇਸ਼ ਦੇ ਵਿਕਾਸ ਵਿੱਚ ਵੱਡੀ ਰੁਕਾਵਟ ਹੈ। ਸਾਡੇ ਦੇਸ਼ ਵਿੱਚ ਲੜਕੀਆਂ ਦੀ ਸਾਖਰਤਾ ਦਰ ਅਜੇ ਤੱਕ ਸਿਰਫ 53.87 ਫੀਸਦੀ ਹੈ ਅਤੇ ਹਰ ਤੀਜੀ ਲੜਕੀ ਖੁਰਾਕ ਦੀ ਘਾਟ ਕਾਰਨ ਅਨੀਮਿਕ ਹੈ। ਲਗਭਗ 9 ਫੀਸਦੀ ਲੜਕੀਆਂ ਅਜੇ ਵੀ ਉਮਰ ਤੋਂ ਪਹਿਲਾਂ ਹੀ ਮਾਂ ਬਣਦੀਆਂ ਹਨ। ਸਿਹਤ ਸਬੰਧੀ ਸਮੇਂ ਸਮੇਂ ਤੇ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਸਪੱਸ਼ਟ ਪਤਾ ਚੱਲਦਾ ਹੈ ਕਿ ਲੜਕੀਆਂ ਲੜਕਿਆਂ ਦੇ ਮੁਕਾਬਲੇ ਸਿਹਤ ਪੱਖੋਂ ਕਮਜ਼ੋਰ ਹਨ। ਦੇਸ਼ ਵਿੱਚ ਵੱਧ ਰਹੇ ਅਪਰਾਧਾਂ ਦਾ ਸਭ ਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈ ਰਿਹਾ ਹੈ। ਲੜਕੀਆਂ ਤੇ ਵੱਧਦੇ ਤੇਜ਼ਾਬੀ ਹਮਲੇ, ਆਨਰ ਕਿਲਿੰਗ ਦੇ ਮਾਮਲੇ ਦੇਸ਼ ਵਿੱਚ ਲੜਕੀਆਂ ਦੀ ਸੁਰੱਖਿਆ ਦੇ ਪੋਲ ਖੋਲ੍ਹਦੇ ਹਨ। ਲੜਕੀਆਂ ਦੀ ਭਲਾਈ ਲਈ ਸਖ਼ਤ ਕਨੂੰਨ ਅਤੇ ਯੋਜਨਾਵਾਂ ਹੋਣ ਦੇ ਬਾਵਜੂਦ ਲੜਕੀਆਂ ਨਾਲ ਪੱਖਪਾਤ ਤੇ ਅਤਿਆਚਾਰ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੀਆਂ ਹਨ। ਲੜਕੀਆਂ ਬੇਸ਼ੱਕ ਜੀਵਨ ਦੇ ਹਰੇਕ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ ਭਾਵੇਂ ਉਹ ਖੇਤਰ ਖੇਡਾਂ, ਰਾਜਨੀਤੀ, ਘਰ ਹੋਵੇ ਜਾਂ ਉਦਯੋਗ। ਸਿਹਤਮੰਦ ਅਤੇ ਸਿੱਖਿਅਤ ਕੰਨਿਆਵਾਂ ਆਉਣ ਵਾਲੇ ਸਮੇਂ ਦੀ ਮੁੱਖ ਜ਼ਰੂਰਤ ਹਨ ਕਿਉਂਕਿ ਇਹੀ ਆਉਣ ਵਾਲੇ ਸਮਾਜ ਨੂੰ ਸਹੀ ਰਾਹ ਦਿਖਾ ਸਕਦੀਆਂ ਹਨ। ਇੱਕ ਬੇਹਤਰੀਨ ਪਤਨੀ, ਮਾਂ, ਕਰਮਚਾਰੀ, ਨੇਤਾ ਅਤੇ ਹੋਰ ਖੇਤਰਾਂ ਵਿੱਚ ਇਹ ਆਪਣੇ ਯੋਗਦਾਨ ਰਾਹੀਂ ਦੇਸ਼ ਦੇ ਵਿਕਾਸ ਵਿੱਚ ਸਹਾਇਕ ਸਿੱਧ ਹੋਣਗੀਆਂ। ਪਰ ਇਹ ਸਾਰਾ ਕੁਝ ਤਾਂ ਹੀ ਸੰਭਵ ਹੋਵੇਗਾ ਜਦੋਂ ਦੇਸ਼ ਵਿੱਚ ਕੰਨਿਆ ਜਨਮ ਦਰ ਵਿੱਚ ਵਾਧਾ ਹੋਵੇਗਾ ਅਤੇ ਬੱਚੀਆਂ ਸੁਰੱਖਿਅਤ ਹੋਣਗੀਆਂ ਅਤੇ ਉਨ੍ਹਾਂ ਨੂੰ ਵੀ ਵਿਕਸਿਤ ਹੋਣ ਦੇ ਬਰਾਬਰ ਮੌਕੇ ਮਿਲਣਗੇ। ਸਰਕਾਰ ਵਲੋਂ ਲੜਕੀਆਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਸਬਲਾ, ਸੁਕੰਨਿਆ ਸਮਰਿਧੀ ਯੋਜਨਾ, ਪ੍ਰਧਾਨ ਮੰਤਰੀ ਸੁਰਖਿਅਤ ਮਾਤਰਤਵ ਯੋਜਨਾ, ਜਨਨੀ ਸੁਰੱਖਿਆ ਯੋਜਨਾ, ਜਨਨੀ ਸ਼ਿਸ਼ੂ ਸੁਰੱਖਿਆ ਕਾਰਿਆਕਰਮ, ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ ਆਦਿ ਸ਼ਾਮਲ ਹਨ। ਲੜਕੀਆਂ ਦੀ ਸੁਰੱਖਿਆ ਲਈ ਕਈ ਕਨੂੰਨ ਬਣਾਏ ਗਏ ਹਨ ਪਰ ਅਸਲੀਅਤ ਇਹ ਹੈ ਕਿ ਇਹ ਕਨੂੰਨ ਵੀ ਬੇਅਸਰ ਹੀ ਸਾਬਤ ਹੋ ਰਹੇ ਹਨ। ਲੜਕੀਆਂ ਦੀ ਸੁਰੱਖਿਆ ਅਤੇ ਭਲਾਈ ਲਈ ਸਥਾਪਿਤ ਵਿਭਾਗ ਅਣਗਹਿਲੀ ਅਤੇ ਰਾਜਨੀਤੀ ਦਾ ਸ਼ਿਕਾਰ ਹੋ ਰਹੇ ਹਨ। ਭਾਰਤ ਵਿੱਚ ਲੜਕੀਆਂ ਦੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਕਈ ਮੁਹਿੰਮਾਂ ਚੱਲ ਰਹੀਆਂ ਹਨ। ਭਾਰਤ ਸਰਕਾਰ ਸਮਾਜ ਵਿੱਚ ਲੜਕੀਆਂ ਨੂੰ ਦਰਪੇਸ਼ ਅਸਮਾਨਤਾਵਾਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਵੱਖ-ਵੱਖ ਮੁਹਿੰਮਾਂ ਦਾ ਆਯੋਜਨ ਕਰਦੀ ਹੈ। ਇਹਨਾਂ ਮੁਹਿੰਮਾਂ ਦਾ ਮੁੱਖ ਉਦੇਸ਼ ਭਾਰਤ ਵਿੱਚ ਇੱਕ ਬੱਚੀ ਨੂੰ ਦਰਪੇਸ਼ ਸਮੱਸਿਆਵਾਂ ਅਤੇ ਵਿਤਕਰੇ ਨੂੰ ਉਜਾਗਰ ਕਰਨਾ ਹੈ। ਟੀਵੀ ਅਤੇ ਅਖ਼ਬਾਰਾਂ ਵਿੱਚ ਵੱਖ-ਵੱਖ ਇਸ਼ਤਿਹਾਰਾਂ ਦਾ ਪ੍ਰਸਾਰਣ ਅਤੇ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਲੜਕੀਆਂ ਨੂੰ ਪੂਰੀ ਸਮਰੱਥਾ ਵਾਲਾ, ਸੁਰੱਖਿਅਤ ਅਤੇ ਯੋਗ ਵਾਤਾਵਰਨ ਮਿਲਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੂੰ ਆਪਣੇ ਸਾਰੇ ਕਾਨੂੰਨੀ ਅਧਿਕਾਰਾਂ ਅਤੇ ਜੀਵਨ ਦੇ ਤੱਥਾਂ ਤੋ ਜਾਣੂ ਹੋਣਾ ਚਾਹੀਦਾ ਹੈ। ਉਹਨਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹਨਾਂ ਕੋਲ ਚੰਗੀ ਸਿੱਖਿਆ, ਪੋਸ਼ਣ ਅਤੇ ਸਿਹਤ ਸੰਭਾਲ ਦੇ ਅਧਿਕਾਰ ਹਨ। ਉਨ੍ਹਾਂ ਨੂੰ ਆਪਣੇ ਉਚਿਤ ਅਧਿਕਾਰ ਪ੍ਰਾਪਤ ਕਰਨ ਅਤੇ ਜੀਵਨ ਦੀਆ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਘਰੇਲੂ ਹਿੰਸਾ ਐਕਟ 2009, ਬਾਲ ਵਿਆਹ ਰੋਕੂ ਕਾਨੂੰਨ 2006, ਅਤੇ ਦਾਜ ਰੋਕੂ ਕਾਨੂੰਨ 2006 ਸਮੇਤ ਕਾਨੂੰਨਾਂ ਬਾਰੇ ਚੰਗੀ ਤਰ੍ਹਾਂ ਜਾਣੂ ਹੋਣਾ ਚਾਹੀਦਾ ਹੈ। ਸਰਕਾਰ ਵਲੋਂ ਸਾਲ 2021 ਵਿੱਚ ਬੇਟੀ ਬਚਾਓ ਬੇਟੀ ਪੜ੍ਹਾਓ ਯੋਜਨਾ ਦੀ ਸਾਲਗਿਰਾਹ ਮਨਾਈ ਗਈ, ਉੜੀਸਾ ਸਰਕਾਰ ਵਲੋਂ ਬਾਲ ਵਿਆਹ ਮੁਕਤ ਪਿੰਡਾਂ ਲਈ ਕੰਮ ਕਰਨ ਵਾਲੇ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਕੀਤਾ ਗਿਆ ਹੈ ਅਤੇ ਪੰਜਾਬ ਸਰਕਾਰ ਵਲੋਂ ਜਨਵਰੀ ਦਾ ਮਹੀਨਾ ਲੜਕੀਆਂ ਨੂੰ ਹੀ ਸਮਰਪਿਤ ਕੀਤਾ ਗਿਆ ਹੈ ਅਤੇ ਧੀਆਂ ਦੀ ਲੋਹੜੀ ਮਨਾਈ ਗਈ ਹੈ।





ਜੇਕਰ ਅਸੀਂ ਅਸਲ ਵਿੱਚ ਸਮਾਜ ਅਤੇ ਦੇਸ਼ ਦਾ ਵਿਕਾਸ ਕਰਨਾਂ ਚਾਹੁੰਦੇ ਹਾਂ ਤਾਂ ਲੜਕੀਆਂ ਦੇ ਵਿਕਾਸ ਅਤੇ ਭਲਾਈ ਲਈ ਅਸਰਦਾਇਕ ਯੋਜਨਾਵਾਂ ਬਣਾਉਣੀਆਂ ਅਤੇ ਸਖ਼ਤੀ ਨਾਲ ਲਾਗੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਸਮਾਜ ਅਤੇ ਦੇਸ ਵਿੱਚ ਲੜਕੀਆਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਨਹੀਂ ਤਾਂ ਅੱਜ ਦੇ ਦਿਨ ਦੀ ਵੀ ਕੋਈ ਖਾਸ ਮਹੱਤਤਾ ਨਹੀਂ ਰਹੇਗੀ ਅਤੇ ਅੱਜ ਦੇ ਦਿਨ ਸਬੰਧੀ ਕਰਵਾਏ ਜਾਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਹੀ ਬਣ ਕੇ ਰਹਿ ਜਾਣਗੇ।

# ਗੁਰਮੀਤ ਸਿੰਘ ਚਾਹਲ ਲੁਧਿਆਣਾ, ਡਾਕਟਰ ਜਗਤਾਰ ਸਿੰਘ ਬਰੜਵਾਲ ਨੇ ਆਮ ਆਦਮੀ ਪਾਰਟੀ ਦੇ ਸਮਰਥਨ ਲਈ ਸੁਰੂ ਕੀਤੀ ਮਨੁੱਖੀ ਅਧਿਕਾਰ ਸੁਰੱਖਿਆ ਦਲ ਦੀਆਂ ਜ਼ਿੱਲ੍ਹਾ ਵਾਰ ਮੀਟਿੰਗਾਂ ਦੀ ਸੁਰੂਆਤ

**ਪਟਿਆਲਾ 21 ਜਨਵਰੀ-** ਭਗਵੰਤ ਮਾਨ ਨੇ ਧੂਰੀ ਤੋਂ ਚੋਣ ਲੜਨ ਦਾ ਫੈਸਲਾ ਕਿਉਂ ਲਿਆ? ਇਸ ਦੇ ਪਿੱਛੇ ਤਿੰਨ ਕਾਰਨ ਮੰਨੇ ਜਾ ਰਹੇ ਹਨ। ਪਹਿਲਾ ਤਾਂ ਇਹ ਸੰਗਰੂਰ ਲੋਕ ਸਭਾ ਹਲਕੇ ਦਾ ਹਿੱਸਾ ਹੈ ਜਿੱਥੋਂ ਭਗਵੰਤ ਮਾਨ ਮੌਜੂਦਾ ਐਮਪੀ ਹਨ ਅਤੇ ਲਗਾਤਾਰ ਦੋ ਵਾਰ ਜਿੱਤੇ ਹਨ।ਧੂਰੀ ਹਲਕੇ ਵਿੱਚ ਇਸ ਨਾਲ ਖੁਸ਼ੀ ਦੀ ਲਹਿਰ ਫੈਲ ਗਈ ਹੈ।

ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਏ ਗੁਰਮੀਤ ਸਿੰਘ ਚਾਹਲ ਲੁਧਿਆਣਾ, ਡਾਕਟਰ ਜਗਤਾਰ ਸਿੰਘ ਬਰੜਵਾਲਨੇ ਮਨੁੱਖੀ ਅਧਿਕਾਰ ਸੁਰੱਖਿਆ ਦਲ ਪੰਜਾਬ ਨੇ ਪੰਜਾਬ ਦੇ ਹਰ ਜਿਲ੍ਹੇ ਵਿਚ ਆਮ ਆਦਮੀ ਪਾਰਟੀ ਦੀ ਜਿੱਤ ਨੂੰ ਯਕੀਨੀ ਬਨਾਉਣ ਲਈ ਤਨ ਮਨ ਧਨ ਨਾਲ ਜੁਟ ਗਏ ਹਨ। ਉਹਨਾ ਮਨੁੱਖੀ ਅਧਿਕਾਰ ਸੁਰੱਖਿਆ ਦਲ ਪੰਜਾਬ ਦੇ ਜਿਲ੍ਹਿਆਂ ਵਿੱਚ ਲਗਾਤਾਰ ਮੀਟਿੰਗਾ ਦਾ ਸਿਲਸਲਾ ਜਾਰੀ ਹੈ।

ਸੰਗਰੂਰ ਜ਼ਿਲ੍ਹੇ ਵਿੱਚ ਸੰਗਰੂਰ, ਸੁਨਾਮ, ਲਹਿਰਾਗਾਗਾ, ਦਿੜਬਾ ਅਤੇ ਧੂਰੀ ਸਮੇਤ ਪੰਜ ਵਿਧਾਨ ਸਭਾ ਹਲਕੇ ਹਨ। ਧੂਰੀ ਵਿਧਾਨ ਸਭਾ ਹਲਕੇ ਵਿੱਚ 1।63 ਲੱਖ ਦੇ ਕਰੀਬ ਵੋਟਰ ਹਨ, ਜਿੰਨਾਂ ਵਿੱਚੋਂ 86,102 ਮਰਦ ਅਤੇ 76949 ਔਰਤ ਵੋਟਰ ਹਨ।ਦੂਸਰਾ ਇਹ ਪੇਂਡੂ ਬਹੁਮਤ ਵਾਲੀ ਸੀਟ ਹੈ ਅਤੇ ਆਮ ਆਦਮੀ ਪਾਰਟੀ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਮਾਲਵੇ ਵਿੱਚੋਂ ਜਿਆਦਾਤਰ ਪੇਂਡੂ ਵੋਟ ਬੈਂਕ ਵਾਲੀਆਂ ਸੀਟਾਂ 'ਤੇ ਹੀ ਜੇਤੂ ਰਹੀ ਸੀ।ਤੀਸਰਾ ਇੱਥੋਂ 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉ-ਮੀਦਵਾਰ ਜਸਵੀਰ ਸਿੰਘ ਜੱਸੀ ਸੇਖੋਂ, ਕਾਂਗਰਸ ਦੇ ਉਮੀਦਵਾਰ ਦਲਵੀਰ ਸਿੰਘ ਗੋਲਡੀ ਤੋਂ 2811 ਵੋਟਾਂ ਦੇ ਥੋੜ੍ਹੇ ਫ਼ਰਕ ਨਾਲ ਹੀ ਹਾਰੇ ਸੀ।ਧੂਰੀ ਵਿਧਾਨ ਸਭਾ ਹਲਕੇ ਦੇ ਚੋਣ ਇਤਿਹਾਸ ਉੱਤੇ ਜੇ ਨਜ਼ਰ ਮਾਰੀ ਜਾਵੇ ਤਾਂ ਇਸ ਸੀਟ ਉੱਤੇ ਕਾਂਗਰਸ ਅਤੇ ਅਕਾਲੀ ਦਲ ਵਿੱਚ ਮੁਕਾਬਲਾ ਰਿਹਾ ਹੈ।

ਸੰਨ 1967 ਤੋਂ ਲੈ ਕੇ ਇਸ ਸੀਟ ਉੱਤੇ 5 ਵਾਰ ਕਾਂਗਰਸ ਅਤੇ 4 ਵਾਰ ਅਕਾਲੀ ਦਲ, ਦੋ ਵਾਰ ਅਜ਼ਾਦ ਉਮੀਦਵਾਰ ਅਤੇ ਇੱਕ ਵਾਰ ਸੀਪੀਆਈ ਜੇਤੂ ਰਹੀ ਹੈ।



ਮੌਜੂਦਾ ਸਮੇਂ ਕਾਂਗਰਸ ਦੇ ਦਲਵੀਰ ਸਿੰਘ ਗੋਲਡੀ ਐਮਐਲਏ ਹਨ। 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਸਵੀਰ ਸਿੰਘ ਜੱਸੀ ਸੇਖੋਂ ਨੂੰ 2811 ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਇਸ ਤੋਂ ਪਹਿਲਾਂ ਸਾਲ 2012 ਵਿੱਚ ਕਾਂਗਰਸ ਦੇ ਹੀ ਅਰਵਿੰਦ ਖੰਨਾ ਜੇਤੂ ਰਹੇ ਸਨ, ਜੋ ਕਿ ਹੁਣ ਬੀਜੇਪੀ ਵਿੱਚ ਸ਼ਾਮਲ ਹੋ ਚੁੱਕੇ ਹਨ।

ਇਸਤੋਂ ਪਿਛਲੀਆਂ ਸਾਲ 2007 ਦੀਆਂ ਚੋਣਾਂ ਵਿੱਚ ਇਕਬਾਲ ਸਿੰਘ ਝੂੰਦਾ ਅਜ਼ਾਦ ਉਮੀਦਵਾਰ ਦੇ ਤੌਰ 'ਤੇ ਜੇਤੂ ਰਹੇ ਸਨ, ਜੋ ਕਿ ਬਾਅਦ ਵਿੱਚ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ ਸਨ।ਸਾਲ 2002 ਵਿੱਚ ਕੱਦਾਵਾਰ ਅਕਾਲੀ ਆਗੂ ਸੁਰਜੀਤ ਸਿੰਘ ਬਰਨਾਲਾ ਦੇ ਪੁੱਤਰ ਗਗਨਜੀਤ ਸਿੰਘ ਜੇਤੂ ਰਹੇ ਸਨ।ਕਾਂਗਰਸ ਵੱਲੋਂ ਇਸ ਵਾਰ ਵੀ ਦਲਵੀਰ ਸਿੰਘ ਗੋਲਡੀ ਹੀ ਉਮੀਦਵਾਰ ਹਨ ਜਦਕਿ ਭਗਵੰਤ ਮਾਨ ਦੇ ਇੱਥੋਂ ਚੋਣ ਲੜਨ ਨਾਲ ਇਹ ਹੌਟ ਸੀਟ ਬਣ ਜਾਵੇਗੀ ਕਿਉਂਕਿ ਭਗਵੰਤ ਮਾਨ ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਦੇ ਉਮੀਦਵਾਰ ਹਨ ਅਤੇ ਕੱਦਾਵਾਰ ਨੇਤਾ ਹਨ।

ਕਾਂਗਰਸ ਵੱਲੋਂ ਦਲਵੀਰ ਸਿੰਘ ਗੋਲਡੀ ਨੂੰ ਉਮਦੀਵਾਰ ਐਲਾਨਿਆ ਗਿਆ ਹੈ ਜਦਕਿ ਅਕਾਲੀ ਦਲ ਵੱਲੋਂ ਸੰਗਰੂਰ ਤੋਂ ਸਾਬਕਾ ਵਿਧਾਇਕ ਪ੍ਰਕਾਸ਼ ਚੰਦ ਗਰਗ ਨੂੰ ਧੂਰੀ ਤੋਂ ਉਮੀਦਵਾਰ ਬਣਾਇਆ ਗਿਆ ਹੈ।

ਸੰਯੁਕਤ ਸਮਾਜ ਮੋਰਚਾ ਵੀ ਪੇਂਡੂ ਸੀਟ ਹੋਣ ਕਰਕੇ ਇਸ ਸੀਟ 'ਤੇ ਸਮੀਕਰਨ ਬਦਲ ਸਕਦਾ ਹੈ।ਧੂਰੀ ਲਈ ਮੋਰਚੇ ਵੱਲੋਂ ਸਰਬਜੀਤ ਸਿੰਘ ਅਲਾਲ ਉਮੀਦਵਾਰ ਐਲਾਨੇ ਜਾ ਚੁੱਕੇ ਹਨ।ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਇਸ ਸੀਟ 'ਤੇ ਕਾਫ਼ੀ ਪ੍ਰਭਾਵ ਰੱਖਦੇ ਹਨ। ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦਾ ਬੀਜੇਪੀ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਨਾਲ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਗੱਠਜੋੜ ਹੈ ਅਤੇ ਇਸ ਵਾਰ ਇਸ ਗਠਜੋੜ ਵੱਲੋਂ ਸੀਟਾਂ ਦਾ ਐਲਾਨ ਹਾਲੇ ਨਹੀਂ ਕੀਤਾ ਗਿਆ ਹੈ।ਮਨੁੱਖੀ ਅਧਿਕਾਰ ਸੁਰੱਖਿਆ ਦਲ ਪੰਜਾਬ ਨੇ ਆਮ ਆਦਮੀ ਪਾਰਟੀ ਦੇ ਸਮਰਥਨ ਲਈ ਪਟਿਆਲਾ ਵਿੱਚ ਮੀਟਿੰਗ ਕੀਤੀ। ਸਰਦਾਰ ਗੁਰਮੀਤ ਸਿੰਘ ਚਾਹਲ ਲੁਧਿਆਣਾ, ਡਾਕਟਰ ਜਗਤਾਰ ਸਿੰਘ ਬਰੜਵਾਲ ਸੀਨੀਅਰ ਉੱਪ ਪ੍ਰਧਾਨ ਪੀ ਐਚ ਆਰ ਡੀ ਪੰਜਾਬ, ਸਰਦਾਰ ਪਰਮਜੀਤ ਸਿੰਘ ਸੰਧੂ ਪ੍ਰਧਾਨ ਜਿਲ੍ਹਾ ਲੁਧਿਆਣਾ, ਸਰਦਾਰ ਬੇਅੰਤ ਸਿੰਘ ਭੰਡਾਲ, ਪੀ ਐਚ ਆਰ ਡੀ ਸਰਕਲ ਪ੍ਰਧਾਨ ਜਿਲ੍ਹਾ ਲੁਧਿਆਣਾ ਆਪਣੇ ਸਾਥੀਆਂ ਸਮੇਤ ਲਗਾਤਾਰ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੇ ਮਨੁੱਖੀ ਅਧਿਕਾਰ ਸੁਰੱਖਿਆ ਦਲ ਪੰਜਾਬ ਦੇ ਯੁਨਿਟਾਂ ਦੀਆਂ ਮੀਟਿੰਗਾਂ ਕਰ ਰਹੇ ਹਨ।

**– ਇੰਜੀ ਹਰਦੀਪ ਸਿੰਘ ਚੁੰਬਰ**

# ਵਿਧਾਨ ਸਭਾ ਚੋਣਾਂ ਅਤੇ ਦਰਿਆਵਾਂ ਦੇ ਪ੍ਰਦੂਸ਼ਣ ਦੀ ਅਣਦੇਖੀ



ਡਾ. ਗੁਰਿੰਦਰ ਕੌਰ
ਸਾਬਕਾ ਪ੍ਰੋਫ਼ੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ ਯੂਨੀ: ਪਟਿਆਲਾ।
001-408-493-9776

ਪੰਜਾਬ ਵਿਚ ਵਿਧਾਨ ਸਭਾ ਚੋਣਾਂ ਦੀ ਮਿਤੀ ਘੋਸ਼ਿਤ ਹੋ ਚੁੱਕੀ ਹੈ। ਸਾਰੀਆਂ ਰਾਜਸੀ ਪਾਰਟੀਆਂ ਦਾ ਚੋਣ ਪ੍ਰਚਾਰ ਜ਼ੋਰ-ਸ਼ੋਰ ਨਾਲ ਚੱਲ ਰਿਹਾ ਹੈ। ਵੋਟਰਾਂ ਨੂੰ ਲੁਭਾਉਣ ਲਈ ਸਾਰੀਆਂ ਪਾਰਟੀਆਂ ਇਕ ਦੂਜੇ ਅੱਗੇ ਹੋ ਕੇ ਵਾਅਦੇ ਅਤੇ ਦਾਅਵੇ ਕਰ ਰਹੀਆਂ ਹਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸਾਰੇ ਘਰਾਂ ਨੂੰ 400 ਯੂਨਿਟ ਤੱਕ ਪ੍ਰਤਿ ਮਹੀਨਾ ਬਿਜਲੀ ਮੁਫ਼ਤ ਦੇਣ, 1.44 ਕਰੋੜ ਨੀਲੇ ਕਾਰਡ ਧਾਰਕਾਂ ਨੂੰ ਸਬਸਿਡੀ ਵਾਲੀ ਆਟਾ-ਦਾਲ ਸਕੀਮ ਚਾਲੂ ਰੱਖਣ, ਖੇਤੀਬਾੜੀ ਲਈ ਖ਼ਰੀਦੇ ਜਾਣ ਵਾਲੇ ਹਰ ਲੀਟਰ ਡੀਜ਼ਲ ਉੱਤੇ 10 ਰੁਪਏ ਤੱਕ ਰਾਜ ਟੈਕਸ ਘਟਾਉਣ, ਸਬਜ਼ੀਆਂ, ਫਲਾਂ ਅਤੇ ਦੁੱਧ ਦਾ ਘੱਟੋ-ਘੱਟ ਸਮਰਥਨ ਮੁੱਲ ਦੇਣ ਆਦਿ ਦਾ ਵਾਅਦਾ ਕਰ ਰਹੇ ਹਨ। ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਵਾਅਦਿਆਂ ਵਿਚ ਪੰਜਾਬ ਵਿਚ ਪੈਦਾ ਹੋਏ ਹਰ ਬੱਚੇ ਲਈ ਸਰਕਾਰੀ ਸਕੂਲ ਵਿਚ ਮੁਫ਼ਤ ਸਿੱਖਿਆ, ਸਰਕਾਰੀ ਹਸਪਤਾਲ ਵਿਚ ਮੁਫ਼ਤ ਇਲਾਜ, ਹਰ ਘਰ ਨੂੰ 300 ਯੂਨਿਟ ਤੱਕ ਮੁਫ਼ਤ ਬਿਜਲੀ, ਔਰਤਾਂ ਲਈ 1000 ਰੁਪਏ ਦੀ ਪ੍ਰਤਿ ਮਹੀਨਾ ਧਨ ਰਾਸ਼ੀ ਅਤੇ ਡਿਊਟੀ ਦੌਰਾਨ ਮਾਰੇ ਗਏ ਫੌਜੀਆਂ ਅਤੇ ਪੁਲਿਸ ਕਰਮਚਾਰੀਆਂ ਲਈ 1 ਕਰੋੜ ਵਿੱਤੀ ਸਹਾਇਤਾ ਸ਼ਾਮਲ ਹਨ। ਕਾਂਗਰਸ ਪਾਰਟੀ ਦੇ ਪ੍ਰਧਾਨ ਨੇ 5ਵੀਂ ਪਾਸ ਕਰਨ ਵਾਲੀਆਂ ਲੜਕੀਆਂ ਨੂੰ ਅਗਲੇਰੀ ਪੜ੍ਹਾਈ ਕਰਨ ਲਈ 5000 ਰੁਪਏ, 10ਵੀਂ ਪਾਸ ਕਰਨ ਵਾਲੀਆਂ ਲਈ 15000 ਰੁਪਏ, 12ਵੀਂ ਪਾਸ ਕਰਨ ਵਾਲੀਆਂ ਨੂੰ 20000 ਰੁਪਏ ਅਤੇ ਦੋ ਪਹੀਆ ਵਾਹਨ, ਹਰ ਇਕ ਔਰਤ ਨੂੰ 2000 ਰੁਪਏ ਪ੍ਰਤਿ ਮਹੀਨਾ, ਔਰਤਾਂ ਨੂੰ ਘਰੇਲੂ ਕਾਰੋਬਾਰ ਚਲਾਉਣ ਲਈ 200000 ਰੁਪਏ ਤੱਕ ਵਿਆਜ ਮੁਕਤ ਕਰਜ਼ਾ ਦੇਣ ਆਦਿ ਐਲਾਨ ਕੀਤਾ ਹੈ।

ਸਭ ਪਾਰਟੀਆਂ ਦੇ ਵਾਅਦਿਆਂ ਅਤੇ ਦਾਅਵਿਆਂ ਵਿਚੋਂ ਕੁਦਰਤੀ ਸਰੋਤਾਂ ਅਤੇ ਵਾਤਾਵਰਨ ਸਾਂਭ-ਸੰਭਾਲ ਦਾ ਮੁੱਦਾ ਗਾਇਬ ਹੈ, ਜਦੋਂ ਕਿ ਸਾਫ਼ ਪਾਣੀ, ਹਵਾ, ਅਤੇ ਧਰਤੀ ਮਨੁੱਖਾਂ ਅਤੇ ਬਾਕੀ ਸਭ ਤਰ੍ਹਾਂ ਦੇ ਜੈਵਿਕਾਂ (ਪਸ਼ੂ-ਪੰਛੀਆਂ ਅਤੇ ਬਨਸਪਤੀ) ਦੀ ਜ਼ਿੰਦਗੀ ਲਈ ਜ਼ਰੂਰੀ ਹਨ। ਸਾਫ਼ ਵਾਤਾਵਰਨ ਮਨੁੱਖ ਦੇ ਜਿਉਣ ਦੀਆਂ ਮੁੱਢਲੀਆਂ ਲੋੜਾਂ ਵਿਚੋਂ ਇਕ ਹੈ।

ਪੰਜਾਬ ਦੇ ਮੁੱਖ ਕੁਦਰਤੀ ਸਰੋਤ (ਹਵਾ, ਪਾਣੀ, ਜ਼ਮੀਨ) ਬੁਰੀ ਤਰ੍ਹਾਂ ਪਲੀਤ ਹੋ ਚੁੱਕੇ ਹਨ। ਵਰਲਡ ਏਅਰ ਕੁਆਲਿਟੀ ਦੀ 2019 ਦੀ ਇਕ ਰਿਪੋਰਟ ਅਨੁਸਾਰ ਪੰਜਾਬ ਦੇ ਛੇ ਸ਼ਹਿਰ ਦੁਨੀਆ ਦੇ 50 ਸਭ ਤੋਂ ਪ੍ਰਦੂਸ਼ਿਤ ਸ਼ਹਿਰਾਂ ਵਿਚ ਸਨ। ਇਸ ਸਾਲ (2022) ਦੇ ਜਨਵਰੀ ਮਹੀਨੇ ਵਿਚ ਭਾਰੀ ਮੀਂਹ ਪੈਣ ਤੋਂ ਬਾਅਦ ਵੀ 24 ਜਨਵਰੀ ਨੂੰ ਪੰਜਾਬ ਦਾ ਏਅਰ ਕੁਆਲਿਟੀ ਇੰਡੈਕਸ 172 ਰਿਹਾ ਹੈ ਜੋ ਗ਼ੈਰ-ਸਿਹਤਮੰਦ ਸ਼੍ਰੇਣੀ ਵਿਚ ਆਉਂਦਾ ਹੈ ਜਿਸ ਨਾਲ ਹਰ ਵਰਗ ਦੇ ਲੋਕਾਂ ਦੀ ਸਿਹਤ ਉੱਤੇ ਮਾੜਾ ਅਸਰ ਹੁੰਦਾ ਹੈ।

ਜੇਕਰ ਪਾਣੀ ਦੀ ਗੱਲ ਕਰੀਏ ਤਾਂ ਪੰਜਾਬ ਦੇ ਅੱਧੇ ਤੋਂ ਵੱਧ ਜ਼ਿਲ੍ਹਿਆਂ ਦੇ ਧਰਤੀ ਹੇਠਲੇ ਪਾਣੀ ਵਿਚ ਯੂਰੇਨੀਅਮ, ਆਰਸੈਨਿਕ, ਕੈਡਮੀਅਮ ਅਤੇ ਲੈੱਡ ਵਰਗੀਆਂ ਧਾਤਾਂ ਭਾਰੀ ਮਾਤਰਾ ਵਿਚ ਪਾਏ ਜਾ ਰਹੇ ਹਨ। ਦਿ ਸੈਂਟਰਲ ਗਰਾਊਂਡ ਵਾਟਰ ਬੋਰਡ ਐਂਡ ਦਾ ਸਟੇਟ'ਜ ਵਾਟਰ ਰਿਸੋਸਰਜ਼ ਐਂਡ ਇਨਵਾਇਰਨਮੈਂਟ ਡਿਰੇਕਟੋਰੇਟ ਦੀ ਇਕ ਰਿਪੋਰਟ 'ਗਰਾਊਂਡ ਵਾਟਰ ਰਿਸੋਰਸਜ਼ ਆਫ਼ ਪੰਜਾਬ' ਵਿਚ ਖ਼ੁਲਾਸਾ ਕੀਤਾ ਗਿਆ ਹੈ ਕਿ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ 0.37 ਮੀਟਰ ਪ੍ਰਤਿ ਸਾਲ ਥੱਲੇ ਜਾ ਰਿਹਾ ਹੈ। ਪੰਜਾਬ ਵਿਚ ਕਦੇ ਪਾਣੀ ਦੀ ਬਹੁਤਾਤ ਹੁੰਦੀ ਸੀ ਅਤੇ ਇਸ ਵਿਚ ਪੰਜ ਦਰਿਆ ਵਗਦੇ ਸਨ ਜਿਸ ਕਰਕੇ ਇਸ ਨੂੰ ਪੰਜ ਆਬਾਂ ਦੀ ਧਰਤੀ (ਪੰਜਾਬ) ਕਿਹਾ ਜਾਂਦਾ ਸੀ। ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਇਸ ਦੇ ਹਿੱਸੇ ਢਾਈ ਕੁ ਦਰਿਆ ਹੀ ਆਏ ਹਨ। ਇਨ੍ਹਾਂ ਵਿਚ ਸਤਲੁਜ, ਬਿਆਸ, ਅਤੇ ਰਾਵੀ ਦਾ ਕੁਝ ਕੁ ਹਿੱਸਾ ਸ਼ਾਮਲ ਹਨ। ਪਾਣੀ ਦਾ ਇਹ ਸਰੋਤ ਵੀ ਪ੍ਰਦੂਸ਼ਣ ਕਾਰਨ ਬਹੁਤ ਹੀ ਨਾਜ਼ੁਕ ਸਥਿਤੀ ਵਿਚੋਂ ਲੰਘ ਰਿਹਾ ਹੈ। ਪੰਜਾਬ ਵਿਚ ਚੋਣਾਂ ਲੜਨ ਵਾਲੀਆਂ ਰਾਜਸੀ ਪਾਰਟੀਆਂ ਦਰਿਆਵਾਂ ਦੇ ਪਾਣੀ ਵਿਚ ਵਧ ਰਹੇ ਪ੍ਰਦੂਸ਼ਣ ਵੱਲ ਧਿਆਨ ਹੀ ਨਹੀਂ ਦੇ ਰਹੀਆਂ ਹਨ।

ਰਾਵੀ ਦਰਿਆ ਪੰਜਾਬ ਦੇ ਬਹੁਤ ਥੋੜ੍ਹੇ ਹਿੱਸੇ ਵਿਚੋਂ ਲੰਘਦਾ ਹੈ ਅਤੇ ਬਿਆਸ ਦਰਿਆ ਦੀ ਹਾਲਤ ਵੀ ਠੀਕ ਹੀ ਹੈ। ਬਿਆਸ ਦਰਿਆ ਵਿਚ ਪਾਣੀ 2018 ਵਿਚ ਕੀੜੀ ਅਫਗਾਨਾ ਸ਼ੂਗਰ ਮਿਲ ਦੇ ਗੰਦੇ ਪਾਣੀ ਦੀ ਨਿਕਾਸੀ ਹੋਣ ਨਾਲ ਵੱਡੀ ਗਿਣਤੀ ਵਿਚ ਮੱਛੀਆਂ ਮਰ ਗਈਆਂ ਸਨ। ਉਸ ਤੋਂ ਬਿਨਾਂ ਬਿਆਸ ਦਰਿਆ ਦਾ ਪਾਣੀ ਲਗਭਗ ਸਾਫ਼ ਹੀ ਰਹਿੰਦਾ ਹੈ। ਸਭ ਤੋਂ ਬੁਰੀ ਹਾਲਤ ਸਤਲੁਜ ਦਰਿਆ ਦੀ ਹੈ।



ਸਤਲੁਜ ਦਰਿਆ ਦੁਨੀਆ ਦੇ ਸਭ ਤੋਂ ਤੇਜ਼ ਵਹਿਣ ਵਾਲੇ ਦਰਿਆਵਾਂ ਵਿਚੋਂ ਇਕ ਹੈ। ਇਹ ਤਿੱਬਤ ਦੀ ਮਾਨਸਰੋਵਰ ਝੀਲ ਦੇ ਨੇੜੇ ਸਥਿਤ ਰਕਸ਼ਤਾਲ ਝੀਲ ਤੋਂ ਨਿਕਲਦਾ ਹੈ। ਇਹ ਦਰਿਆ 1550 ਕਿਲੋਮੀਟਰ ਲੰਮਾ ਹੈ। ਹਿਮਾਲਿਆ ਦੇ ਪਹਾੜਾਂ ਵਿਚੋਂ ਲੰਘਦਾ ਹੋਇਆ ਸਤਲੁਜ ਪੰਜਾਬ ਵਿਚ ਰੋਪੜ ਜ਼ਿਲ੍ਹੇ ਵਿਚ ਨੰਗਲ ਸ਼ਹਿਰ ਕੋਲੋਂ ਦਾਖ਼ਲ ਹੋ ਜਾਂਦਾ ਹੈ। ਫਿਰ ਇਹ ਰੋਪੜ, ਲੁਧਿਆਣਾ, ਜਲੰਧਰ, ਕਪੂਰਥਲਾ, ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਵਿਚੋਂ ਵਹਿੰਦਾ 440 ਕਿਲੋਮੀਟਰ ਦੀ ਦੂਰੀ ਤਹਿ ਕਰਦਾ ਹੋਇਆ ਪਾਕਿਸਤਾਨ ਵਿਚ ਦਾਖ਼ਲ ਹੋ ਜਾਂਦਾ ਹੈ। ਪੰਜਾਬ ਵਿਚ ਦਾਖ਼ਲ ਹੋਣ ਤੋਂ ਬਾਅਦ ਨੰਗਲ ਨੇੜੇ ਇਸ ਦਰਿਆ ਉੱਤੇ ਬੰਨ੍ਹ ਮਾਰ ਕੇ ਭਾਖੜਾ ਡੈਮ ਬਣਾਇਆ ਹੋਇਆ ਹੈ। ਦਰਿਆ ਦਾ ਬਹੁਤਾ ਪਾਣੀ ਗੋਬਿੰਦ ਸਾਗਰ ਝੀਲ ਵਿਚ ਪਣਬਿਜਲੀ ਬਣਾਉਣ ਲਈ ਜਮ੍ਹਾਂ ਕਰ ਲਿਆ ਜਾਂਦਾ ਹੈ। ਬਾਅਦ ਵਿਚ ਝੀਲ ਦਾ ਪਾਣੀ ਸਿੰਚਾਈ ਅਤੇ ਪੀਣ ਲਈ ਵਰਤਣ ਲਈ ਪੰਜਾਬ, ਹਰਿਆਣਾ, ਅਤੇ ਰਾਜਸਥਾਨ ਦੇ ਪਿੰਡਾਂ ਨੂੰ ਭੇਜਿਆ ਜਾਂਦਾ ਹੈ। ਬਚਿਆ ਹੋਇਆ ਪਾਣੀ ਦਰਿਆ ਵਿਚ ਛੱਡ ਦਿੱਤਾ ਜਾਂਦਾ ਹੈ। ਇਸ ਲਈ ਕੁਝ ਕੁ ਥਾਵਾਂ ਉੱਤੇ ਇਸ ਵਿਚ ਪਾਣੀ ਇੰਨਾ ਘੱਟ ਹੈ ਕਿ ਸਤਲੁਜ ਦਰਿਆ ਨਾ ਹੋ ਕੇ ਕੋਈ ਬਰਸਾਤੀ ਨਾਲਾ ਜਾਂ ਸਹਾਇਕ ਨਦੀ ਹੀ ਲੱਗਦੀ ਹੈ।

ਅਸਲ ਵਿਚ ਸਤਲੁਜ ਦਰਿਆ ਦੀ ਤਰਾਸਦੀ ਭਾਖੜਾ ਡੈਮ ਤੋਂ ਬਾਅਦ ਹੀ ਸ਼ੁਰੂ ਹੋ ਜਾਂਦੀ ਹੈ ਕਿਉਂਕਿ ਇਹ ਡੈਮ ਤੋਂ ਬਾਅਦ ਬਹੁਤ ਹੀ ਘੱਟ ਪਾਣੀ ਨਾਲ ਵਹਿੰਦਾ ਹੈ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ 2009 ਦੀ ਇਕ ਰਿਪੋਰਟ ਅਨੁਸਾਰ ਸਤਲੁਜ ਦਰਿਆ ਦਾ ਪਾਣੀ ਪੰਜਾਬ ਵਿਚ ਦਾਖ਼ਲ ਹੋਣ ਸਮੇਂ 'ਏ' ਗਰੇਡ (ਸਾਫ਼) ਹੁੰਦਾ ਸੀ ਪਰ 2014 ਅਪ੍ਰੈਲ ਦੀ ਇਕ ਰਿਪੋਰਟ ਅਨੁਸਾਰ ਇਹ ਪਾਣੀ 'ਬੀ' ਗਰੇਡ ਦਾ ਹੋ ਗਿਆ ਕਿਉਂਕਿ ਹਿਮਾਚਲ ਪ੍ਰਦੇਸ਼ ਵਿਚ ਬੱਦੀ, ਬਰੋਟੀਵਾਲਾ, ਅਤੇ ਨਾਲਾਗੜ੍ਹ ਵਿਚ ਲੱਗੀਆਂ ਉਦਯੋਗਿਕ ਇਕਾਈਆਂ ਦਾ ਅਣਸੋਧਿਆ ਰਸਾਇਣਾਂ ਵਾਲਾ ਪਾਣੀ ਸਤਲੁਜ ਦਰਿਆ ਦੀ ਇਕ ਸਹਾਇਕ ਨਦੀ (ਸਰਸਾ) ਰਾਹੀਂ ਇਸ ਵਿਚ ਪੈਣਾ ਸ਼ੁਰੂ ਹੋ ਗਿਆ। ਸਤਲੁਜ ਦਰਿਆ ਵਿਚ ਤਾਜ਼ਾ ਪਾਣੀ ਥੋੜ੍ਹਾ ਹੋਣ ਕਰਕੇ ਉਹ ਇਸ ਗੰਦੇ ਪਾਣੀ ਨੂੰ ਸਾਫ਼ ਕਰਨ ਦੀ ਕੁਦਰਤੀ ਸਮਰੱਥਾ ਖੋ ਚੁੱਕਿਆ ਹੈ। ਇਸ ਲਈ ਇਸ ਤੋਂ ਬਾਅਦ ਸਤਲੁਜ ਦਰਿਆ ਨਾ ਰਹਿ ਕੇ ਇਕ ਗੰਦੇ ਨਾਲੇ ਦੇ ਰੂਪ ਵਿਚ ਪੰਜਾਬ ਵਿਚੋਂ ਵਗਦਾ ਹੈ। ਪ੍ਰਦੂਸ਼ਣ ਕੰਟਰੋਲ ਵਿਭਾਗ ਅਨੁਸਾਰ ਸਤਲੁਜ ਦਰਿਆ ਨੂੰ ਪ੍ਰਦੂਸ਼ਿਤ ਕਰਨ ਵਾਲੇ ਇਸ ਦੇ ਕਿਨਾਰੇ ਵੱਸੇ ਨੰਗਲ, ਆਨੰਦ-ਪੁਰ ਸਾਹਿਬ, ਮਾਛੀਵਾੜਾ, ਲੁਧਿਆਣਾ, ਫਿਲੌਰ, ਫਗਵਾੜਾ, ਜਲੰਧਰ ਆਦਿ ਲਗਭਗ 18 ਸ਼ਹਿਰ ਹਨ ਜੋ ਆਪਣੇ ਸ਼ਹਿਰ ਦਾ ਸੀਵਰੇਜ, ਅਤੇ ਉਦਯੋਗਿਕ ਇਕਾਈਆਂ ਦਾ ਗੰਦਾ ਅਣਸੋਧਿਆ ਪਾਣੀ ਇਸ ਵਿਚ ਸੁੱਟ ਰਹੇ ਹਨ।

ਲੁਧਿਆਣਾ ਸ਼ਹਿਰ ਦਾ ਬੁੱਢਾ ਨਾਲਾ, ਜੋ ਕਿਸੇ ਸਮੇਂ ਸਤਲੁਜ ਦਰਿਆ ਦੀ ਸਾਫ਼ ਪਾਣੀ ਵਾਲੀ ਇਕ ਸਹਾਇਕ ਨਦੀ ਸੀ, ਹੁਣ ਇੰਨਾ ਜ਼ਿਆਦਾ ਪ੍ਰਦੂਸ਼ਿਤ ਹੋ ਚੁੱਕਿਆ ਹੈ ਕਿ ਇਸ ਦਾ ਪਾਣੀ ਦਰਿਆ ਵਿਚ ਪੈਣ ਨਾਲ, ਸਤਲੁਜ ਦਾ ਪਾਣੀ 'ਈ' ਗਰੇਡ ਦਾ ਹੋ ਜਾਂਦਾ ਹੈ। ਜਲੰਧਰ, ਫਗਵਾੜਾ, ਅਤੇ ਹੁਸ਼ਿਆਰਪੁਰ ਸ਼ਹਿਰ ਦਾ ਗੰਦਾ ਪਾਣੀ ਚਿੱਟੀ ਵੇਈਂ (ਸਤਲੁਜ ਦੀ ਇਕ ਸਹਾਇਕ ਨਦੀ) ਅਤੇ ਕਾਲਾ ਸੰਘਿਆਂ ਡਰੇਨ ਦਾ ਗੰਦਾ ਪਾਣੀ ਵੀ ਸਤਲੁਜ ਦਰਿਆ ਵਿਚ ਹੀ ਪੈਂਦਾ ਹੈ। ਇਸ ਤਰ੍ਹਾਂ ਬਾਰ-ਬਾਰ ਗੰਦਾ ਪਾਣੀ ਦਰਿਆ ਵਿਚ ਪੈਣ ਨਾਲ ਸਤਲੁਜ ਦੀ ਹੋਂਦ ਇਕ ਤਰ੍ਹਾਂ ਖ਼ਤਮ ਹੋ ਚੁੱਕੀ ਹੈ। ਇਸ ਦਾ ਗੰਦਾ ਪਾਣੀ ਆਸ-ਪਾਸ ਦੇ ਖੇਤਰਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਬਿਮਾਰੀਆਂ ਫੈਲਾਉਂਦਾ ਹੈ। ਰਾਜਸਥਾਨ ਦੇ ਲੋਕਾਂ ਕੋਲ ਇਸ ਦੇ ਨਹਿਰੀ ਪਾਣੀ ਤੋਂ ਬਿਨਾਂ ਪਾਣੀ ਦਾ ਕੋਈ ਹੋਰ ਸਰੋਤ ਨਹੀਂ ਹੈ। ਇਸ ਲਈ ਉਨ੍ਹਾਂ ਨੂੰ ਇਸ ਦਾ ਪਾਣੀ ਹੀ ਪੀਣਾ ਪੈਂਦਾ ਹੈ। ਸਤਲੁਜ ਦੇ ਪ੍ਰਦੂਸ਼ਿਤ ਪਾਣੀ ਨਾਲ ਲੱਖਾਂ ਲੋਕਾਂ ਦੀ ਜਾਨ ਖ਼ਤਰੇ ਵਿਚ ਪੈ ਰਹੀ ਹੈ।

ਦਰਿਆਵਾਂ ਦਾ ਪ੍ਰਦੂਸ਼ਿਤ ਹੋਣਾ ਕੋਈ ਅਨੋਖੀ ਜਾਂ ਨਵੀਂ ਗੱਲ ਨਹੀਂ ਹੈ। ਗੰਗਾ ਅਤੇ ਯੁਮਨਾ ਸਮੇਤ ਦੇਸ ਦੇ ਕਈ ਹੋਰ ਦਰਿਆ ਵੀ ਪ੍ਰਦੂਸ਼ਣ ਦੀ ਸਮੱਸਿਆਵਾਂ ਨਾਲ ਜੂਝ ਰਹੇ ਹਨ। ਇੰਗਲੈਂਡ ਦਾ ਪ੍ਰਸਿੱਧ ਦਰਿਆ ਥੇਮਜ਼ ਵੀ 1850ਵਿਆਂ ਅਤੇ 1950ਵਿਆਂ ਵਿਚ ਬੁਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕਿਆ ਸੀ, ਪਰ ਉੱਥੋਂ ਦੀ ਸਰਕਾਰ ਦੇ ਲਗਾਤਾਰ ਉਪਰਾਲਿਆਂ ਨਾਲ ਥੇਮਜ਼ ਦਰਿਆ ਦੇ ਪ੍ਰਦੂਸ਼ਣ ਉੱਤੇ ਕਾਬੂ ਪਾ ਕੇ ਇਸ ਦਾ ਕੁਦਰਤੀ ਰੂਪ ਬਹਾਲ ਕਰ ਦਿੱਤਾ ਗਿਆ ਹੈ।

ਸਤਲੁਜ ਅਤੇ ਇਸ ਦੀ ਸਹਾਇਕ ਨਦੀਆਂ ਨੂੰ ਪ੍ਰਦੂਸ਼ਣ-ਮੁਕਤ ਕਰਨ ਲਈ ਰਾਜਨੀਤਿਕ ਇੱਛਾ-ਸ਼ਕਤੀ ਦੀ ਲੋੜ ਹੈ, ਪਰ ਸਾਡੀਆਂ ਰਾਜਸੀ ਪਾਰਟੀਆਂ ਇਸ ਮੁੱਦੇ ਉੱਤੇ ਬਿਲਕੁਲ ਚੁੱਪ ਹਨ। ਇਸ ਲਈ ਹੁਣ ਆਮ ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਇਸ ਮੁੱਦੇ ਨੂੰ ਵਿਧਾਨ ਸਭਾ ਚੋਣਾਂ ਦਾ ਮੁੱਦਾ ਬਣਾਉਣ ਅਤੇ ਵੱਖ ਵੱਖ ਪਾਰਟੀਆਂ ਨੂੰ ਅਗਾਹ ਕਰਨ ਕਿ ਜੇਕਰ ਉਹ ਵਾਤਾਵਰਨ ਮੁੱਦਿਆਂ ਉੱਤੇ ਧਿਆਨ ਦੇਣਗੀਆਂ ਤਾਂ ਹੀ ਉਨ੍ਹਾਂ ਨੂੰ ਵੋਟ ਪਾਵਾਂਗੇ। ਆਮ ਲੋਕਾਂ ਨੇ ਹੁਣ ਤੱਕ ਇਸ ਮੁੱਦੇ ਵੱਲ ਧਿਆਨ ਨਹੀਂ ਦਿੱਤਾ ਇਸ ਕਰਕੇ ਪੰਜਾਬ ਵਿਚ ਰਾਜ ਕਰਨ ਵਾਲੀਆਂ ਰਾਜਸੀ ਪਾਰਟੀਆਂ ਨੇ ਕਦੇ ਵੀ ਇਸ ਵਿਸ਼ੇ ਨੂੰ ਸੰਜ਼ੀਦਗੀ ਨਾਲ ਨਹੀਂ ਲਿਆ। ਉਦਯੋਗਪਤੀਆਂ, ਅਤੇ ਕਾਰਪੋਰੇਸ਼ਨਾਂ ਦੇ ਦਬਾਅ ਥੱਲੇ ਆ ਕੇ ਇਹ, ਵਾਤਾਵਰਨ ਨਿਯਮਾਂ ਨੂੰ ਅੱਖੋ-ਪਰੋਖੇ ਕਰਕੇ ਦਰਿਆਵਾਂ ਨੂੰ ਪ੍ਰਦੂਸ਼ਿਤ ਕਰਕੇ ਉਨ੍ਹਾਂ ਦੀ ਹੋਂਦ ਖ਼ਤਮ ਕਰਨ ਦੇ ਨਾਲ ਨਾਲ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਵੀ ਕਰ ਰਹੀਆਂ ਹਨ। ਆਮ ਲੋਕਾਂ ਨੂੰ ਸਿਆਸੀ ਆਗੂਆਂ ਵੱਲੋਂ ਪ੍ਰਚਾਰੇ ਜਾਂਦੇ ਛੋਟੇ-ਛੋਟੇ ਅਤੇ ਝੂਠੇ ਵਾਅਦੇ, ਦਾਅਵੇ, ਅਤੇ ਲਾਰਿਆਂ ਨੂੰ ਇਕ ਪਾਸੇ ਛੱਡਦੇ ਹੋਏ ਵਾਤਾਵਰਨ ਨੂੰ ਸਾਫ਼ ਅਤੇ ਪ੍ਰਦੂਸ਼ਣ-ਰਹਿਤ ਬਣਾਉਣ ਦੀ ਮੰਗ ਕਰਨੀ ਚਾਹੀਦੀ ਹੈ। ਜੇਕਰ ਆਮ ਲੋਕ ਇਸ ਮੁੱਦੇ ਉੱਤੇ ਇੱਕਠੇ ਹੋ ਜਾਣ ਅਤੇ ਹਰ ਇਕ ਰਾਜਸੀ ਪਾਰਟੀ ਨੂੰ ਕਹਿਣ ਕਿ ਉਹ ਵਾਤਾਵਰਨ ਨੂੰ ਪ੍ਰਦੂਸ਼ਣ-ਰਹਿਤ ਕਰਨ ਲਈ ਆਪਣੀ ਵਿਉਂਤਬੰਦੀ ਲੈ ਕੇ ਆਵੇ ਤਾਂ ਉਨ੍ਹਾਂ ਨੂੰ ਮਜ਼ਬੂਰ ਹੋ ਕੇ ਲੋਕਾਂ ਦੀ ਗੱਲ ਮੰਨਣੀ ਪਵੇਗੀ। ਲੋਕਾਂ ਦੇ ਸਾਂਝੇ ਮੁੱਦਿਆਂ ਉੱਤੇ ਹਮੇਸ਼ਾਂ ਜਨਤਾ ਦੀ ਹੀ ਜਿੱਤ ਹੁੰਦੀ ਹੈ ਜਿਸ ਦੀ ਪੁਖਤਾ ਉਦਾਹਰਣ ਹਾਲ ਵਿਚ ਹੋਇਆ ਕਿਸਾਨ ਅੰਦੋਲਨ ਹੈ। ਵਾਤਾਵਰਨ ਦੀ ਸਵੱਛਤਾ ਅਤੇ ਪ੍ਰਦੂਸ਼ਣ-ਰਹਿਤ ਪਾਣੀ, ਹਵਾ, ਅਤੇ ਧਰਤੀ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ ਜਿਨ੍ਹਾਂ ਨੂੰ ਪੂਰਾ ਕਰਨਾ ਸਰਕਾਰ ਦਾ ਫ਼ਰਜ਼ ਬਣਦਾ ਹੈ।

# ਮੰਜ਼ਿਲਾਂ ਸਰ ਕਰ ਰਹੀ ਦੋਆਬੇ ਦੀ ਧਰਤ ਦੀ ਜੰਮਪਲ ਸੁਰੀਲੀ ਗਾਇਕਾ : ਰਿਹਾਨਾ ਭੱਟੀ



ਪ੍ਰੀਤਮ ਲੁਧਿਆਣਵੀ
9876428641

ਦੋਆਬੇ ਦੀ ਧਰਤ ਹੁਸ਼ਿਆਰਪੁਰ ਦੀ ਜੰਮਪਲ ਸੁਰੀਲੀ ਤੇ ਬੁਲੰਦ ਅਵਾਜ਼ ਦੀ ਮਲਿਕਾ ਗਾਇਕਾ ਰਿਹਾਨਾ ਭੱਟੀ ਸੱਭਿਆਚਾਰਕ ਜਗਤ ਵਿਚ ਆਪਣੀ ਮਿਹਨਤ ਦੇ ਬੱਲਬੂਤੇ ਆਪਣੀ ਗਾਇਕੀ ਦਾ ਲੋਹਾ ਮੰਨਵਾ ਚੁੱਕੀ ਹੈ। ਘਰਦਿਆਂ ਦੀ ਪ੍ਰੀਤੀ ਤੇ ਸੱਭਿਆਚਾਰਕ ਹਲਕਿਆਂ ਦੀ ਰਿਹਾਨਾ ਭੱਟੀ ਦਾ ਜਨਮ ਹੁਸ਼ਿਆਰਪੁਰ ਵਿਖੇ ਮਾਤਾ ਸ੍ਰੀਮਤੀ ਮੰਜੂ ਜੀ ਦੀ ਪਾਕਿ ਕੁੱਖੋਂ ਪਿਤਾ ਸ੍ਰੀ ਬਲਰਾਮ ਭੱਟੀ ਜੀ ਦੇ ਗ੍ਰਹਿ ਵਿਖੇ ਹੋਇਆ। ਰਿਹਾਨਾ ਦੱਸਦੀ ਹੈ ਕਿ ਗਾਇਕੀ ਦਾ ਸ਼ੌਂਕ ਉਸਨੂੰ ਸ੍ਰੀਮਤੀ ਪੀ। ਡੀ। ਆਰੀਆ ਮਹਿਲਾ ਸਕੂਲ, ਹੁਸ਼ਿਆਰਪੁਰ ਵਿਚ ਪੜਦਿਆਂ ਹੀ ਜਾਗ ਪਿਆ ਸੀ, ਜਿਹੜਾ ਕਿ ਆਈ। ਟੀ। ਆਈ। ਕਾਲਜ ਹੁਸ਼ਿਆਰਪੁਰ ਤੋਂ ਫੈਸ਼ਨ ਡਿਜਾਇਨਿੰਗ ਦਾ ਡਿਪਲੋਮਾ ਕਰਨ ਤੱਕ ਉਸਦੀਆਂ ਗੀਤ-ਸੰਗੀਤ ਦੀਆਂ ਗਤੀ-ਵਿਧੀਆਂ ਦਾ ਹਿੱਸਾ ਬਣਕੇ ਹੋਰ ਵੀ ਗੂੜਾ ਹੁੰਦਾ ਗਿਆ। ਆਖਰ ਸੰਗੀਤ ਦੀ ਸਿੱਖਿਆ ਸਰਗਮ ਸੰਗੀਤ ਕਲਾ ਕੇਂਦਰ ਜਲੰਧਰ ਤੋਂ ਉਸਤਾਦ ਪ੍ਰੋ। ਭੁਪਿੰਦਰ ਸਿੰਘ ਜੀ ਕੋਲੋ ਪ੍ਰਾਪਤ ਕਰਨ ਉਪਰੰਤ ਉਹ ਗਾਇਕੀ ਦੇ ਪਿੜ ਵਿਚ ਪੱਕੇ ਪੈਰੀਂ ਨਿਕਲ ਤੁਰੀ।

ਗਾਇਕੀ-ਜਗਤ ਵਿਚ ਰਿਹਾਨਾ ਨੇ ਧਾਰਮਿਕ ਟਰੈਕ 'ਆਪਣੇ ਹੱਕ' ਨਾਲ ਦਸਤਕ ਦਿੱਤੀ। ਸ੍ਰੀ ਸੀਤਲ ਸਾਗਰਪੁਰੀਆ ਦੀ ਕਲਮ ਦੇ ਲਿਖੇ ਹੋਏ ਇਸ ਗੀਤ ਨੂੰ ਸੰਗੀਤਕਾਰ ਬਲਜੀਤ ਸਨੀ ਜੀ ਨੇ ਲਾ-ਜੁਵਾਬ ਸੰਗੀਤਕ ਛੋਹਾਂ ਨਾਲ ਸ਼ਿੰਗਾਰਿਆ। ਮਿਹਨਤ ਤੇ ਰੂਹ ਨਾਲ ਤਿਆਰ ਕੀਤੇ ਉਸਦੇ ਪਹਿਲੇ ਗੀਤ ਨੇ ਹੀ ਉਸ ਨੂੰ ਚੰਗੀ ਮਕਬੂਲੀਅਤ ਦਿਵਾਈ। ਵਧਦੇ ਕਦਮੀਂ ਗੀਤ, 'ਗਾਗਰ ਦੀਆਂ ਛੱਲਾਂ' (ਗੀਤਕਾਰ ਸ੍ਰੀ ਸੀਤਲ ਸਾਗਰਪੁਰੀਆ) ਤੇ 'ਹਾਣੀ' ਉਸ ਨੇ ਮਾਰਕੀਟ ਵਿਚ ਉਤਾਰੇ, ਜਿਸ ਸਦਕਾ ਉਸਦਾ ਨਾਂ ਵੀ ਗਾਇਕਾਂ ਦੀ ਕਤਾਰ ਵਿਚ ਚੰਗਾ ਬੋਲਣ ਲੱਗਾ। ਫਿਰ ਰਿਹਾਨਾ ਦੇ ਗੀਤ,



'ਪਾਹੁਲ' (ਗੀਤਕਾਰ ਰਣਜੀਤ ਸਿੰਘ ਰਾਣਾ ਸਾਹਿਬ ਯੂਕੇ, ਸੰਗੀਤਕਾਰ ਅਮਦਾਦ ਅਲੀ, ਪ੍ਰਾਈਮ ਬੀਟ ਨਿਊਜ਼ੀਲੈਂਡ) ਤੇ 'ਤੇਰਾ ਗੋਰਾ ਠੋਕਣਾ' (ਗੀਤਕਾਰ ਸੋਨੂ ਚਾਹਲ, ਪ੍ਰਾਈਮ ਬੀਟ ਨਿਊਜ਼ੀਲੈਂਡ), ਸਿੰਗਲ ਟਰੈਕ ਰਿਲੀਜ਼ ਹੋਏ ਜਿਨਾਂ ਨਾਲ ਰਿਹਾਨਾ ਭੱਟੀ ਨੂੰ ਸੱਤ ਸਮੁੰਦਰੋਂ ਪਾਰਲੀ ਧਰਤ 'ਤੇ ਵਸਦੇ ਪੰਜਾਬੀਆਂ ਦੇ ਦਿਲਾਂ 'ਤੇ ਰਾਜ ਕਰਨ ਵਿਚ ਵੀ ਖ਼ੂਬ ਸਫ਼ਲਤਾ ਹਾਸਲ ਹੋਈ।

ਇੱਥੇ ਹੀ ਬਸ ਨਹੀਂ ਰਿਹਾਨਾ ਵੱਲੋ ਰਿਕਾਰਡ ਕੀਤੀ ਮਾਤਾ ਦੀ ਭੇਟ ਧਾਰਮਿਕ ਟਰੈਕ, 'ਨੱਚ ਲੈਣ ਦੋ' (ਐਮ ਡੀ ਰਿਕਾਰਡਸ ਕੰਪਨੀ) ਅਤੇ 'ਰਾਖੇ ਸੱਭ ਦੇ ਸਤਿਗੁਰੂ ਸਵਾਮੀ'



ਨੂੰ ਸੰਗਤਾਂ ਵੱਲੋਂ ਉਸ ਦੀ ਆਸ ਤੋਂ ਕਈ ਗੁਣਾਂ ਵੱਧਕੇ ਭਰਵਾ ਹੁੰਗਾਰਾ ਮਿਲਿਆ ਹੈ। ਫਿਰ, ਨਵੇਂ ਸਾਲ 2022 ਦੀ ਆਮਦ 'ਤੇ ਡੀ। ਡੀ। ਪੰਜਾਬੀ ਉਤੇ ਪ੍ਰਸਾਰਿਤ ਹੋਏ ਰੰਗਾ-ਰੰਗ ਪ੍ਰੋ-ਗਰਾਮ, 'ਹੈਲੋ ਹੈਲੋ-2022' ਵਿੱਚ, 'ਰੋਹਬ ਜੱਟੀ ਦਾ' (ਗੀਤਕਾਰ ਰਣਜੀਤ ਦੀਨਪੁਰੀ, ਪ੍ਰਡਿਊਸਰ ਮਨੋਹਰ ਧਾਲੀਵਾਲ) ਉਸਦੇ ਟਰੈਕ ਨੇ ਜਾਣੋ ਉਸਨੂੰ ਹੋਰ ਵੀ ਬੁਲੰਦੀਆਂ ਦੇ ਸ਼ਿਖਰਾਂ 'ਤੇ ਲਿਜਾ ਬਿਠਾਇਆ ਹੈ। ਆਪਣੇ ਭਵਿੱਖ ਦੇ ਨਿ-ਸ਼ਾਨੇ ਸਾਂਝੇ ਕਰਦਿਆਂ ਮੁਟਿਆਰ ਗਾਇਕਾ ਰਿਹਾਨਾ ਭੱਟੀ ਨੇ ਦੱਸਿਆ ਕਿ ਜਲਦੀ ਹੀ ਉਹ ਆਪਣੇ ਨਵੇਂ ਟਰੈਕ, 'ਧੀਆਂ' ਨਾਲ ਸਰੋਤਿਆਂ ਦੇ ਰੂ-ਬ-ਰੂ ਹੋ ਰਹੀ ਹੈ, ਜਿਸਦੇ ਪ੍ਰੋਡਿਊਸਰ ਰਾਜ ਮਤਫੱਲੂ ਨਿਊਜੀਲੈਂਡ ਜੀ ਹਨ। ਰਿਹਾਨਾ ਭੱਟੀ ਨੇ ਇਸ ਟਰੈਕ ਬਾਰੇ ਦੱਸਦਿਆਂ ਕਿਹਾ ਕਿ ਅੱਜਕਲ ਜਿਹੜੇ ਪੁੱਤਰ ਮਾਪਿਆਂ ਤੋਂ ਬੇਮੁੱਖ ਹੋ ਰਹੇ ਹਨ ਅਤੇ ਜਿਆਦਾਤਰ ਮਾਪਿਆਂ ਦੀ ਸਾਂਭ-ਸੰਭਾਲ ਧੀਆਂ ਕਰ ਰਹੀਆਂ ਹਨ, ਇਸ ਤ੍ਰਾਸਦੀ ਨੂੰ ਬਿਆਨ ਕਰਦਾ ਇਹ ਟਰੈਕ ਬਹੁਤ ਜਲਦੀ ਸਰੋਤਿਆਂ ਨੂੰ ਸੁਣਨ ਨੂੰ ਮਿਲੇਗਾ। ਅਨੇਕਾਂ ਸਟੇਜਾਂ ਤੋਂ ਮਾਨ-ਸਨਮਾਨ ਹਾਸਲ ਕਰ ਚੁੱਕੀ ਰਿਹਾਨਾ ਭੱਟੀ ਇੱਥੋਂ ਤੱਕ ਦਾ ਮੁਕਾਮ ਹਾਸਲ ਕਰਨ ਦਾ ਸਿਹਰਾ ਜਿੱਥੇ ਆਪਣੇ ਪਿਤਾ ਸ੍ਰੀ ਬਲਰਾਮ ਭੱਟੀ ਤੇ ਪਰਿਵਾਰ ਸਿਰ ਦਿੰਦੀ ਹੈ, ਉਥੇ ਆਪਣੇ ਉਸਤਾਦ ਪ੍ਰੋ। ਭੁਪਿੰਦਰ ਸਿੰਘ ਦੇ ਨਾਲ-ਨਾਲ, ਗਾਇਕ ਅਦਾਕਾਰ ਤੇ ਪ੍ਰੋਡਿਊਸਰ ਮਨੋਹਰ ਧਾਰੀਵਾਲ ਦਾ ਵੀ ਯੋਗਦਾਨ ਲਈ ਬੜੇ ਆਦਰ-ਸਤਿਕਾਰ ਨਾਲ ਜ਼ਿਕਰ ਕਰਦੀ ਹੈ। ਦੋਆਬੇ ਦੀ ਧਰਤ ਹੁਸ਼ਿਆਰਪੁਰ ਦੀ ਜੰਮਪਲ ਇਹ ਮੁਟਿਆਰ ਗਾਇਕਾ ਜਿਸ ਕਦਰ ਗਾਇਕੀ ਦੀਆਂ ਮਾਣ-ਮੱਤੀਆਂ ਉਚੇਰੀਆਂ ਉਡਾਣਾ ਭਰਦੀ ਦੁਆਬੇ ਦਾ ਨਾਂ ਉਚਾ ਕਰ ਰਹੀ ਹੈ, ਇਸਦੇ ਲਈ ਉਹ ਦਿਨ ਦੂਰ ਨਹੀਂ ਜਦੋਂ ਉਸਦਾ ਨਾਂ ਹਰ ਬੱਚੇ, ਬੁੱਢੇ ਅਤੇ ਜਵਾਨ ਦੀ ਜੁਬਾਨ ਉਤੇ ਗੂੰਜਦਾ ਸੁਣਾਈ ਦੇਵੇਗਾ। ਰੱਬ ਕਰੇ ! ਉਹ ਸ਼ਾਨਾ-ਮੱਤੀ ਸੁਭਾਗੀ ਸਵੇਰ ਜਲਦੀ ਆਵੇ! ਆਮੀਨ !

# ਸਿਆਸਤਦਾਨ ਨਹੀਂ ਚਿੰਤਤ, ਅੱਵਲ ਪੰਜਾਬ ਤੋਂ ਫਾਡੀ ਪੰਜਾਬ ਵੱਲ ਵਧਦੇ ਕਦਮ

## ਮੁੱਦਿਆਂ ਰਹਿਤ 2022 ਪੰਜਾਬ ਵਿਧਾਨ ਸਭਾ ਚੋਣਾਂ



ਗੁਰਮੀਤ ਪਲਾਹੀ
91-98158-02070

ਸਿੱਧਾ ਮੁੱਦੇ ਵੱਲ ਆਉਂਦੇ ਹਾਂ। ਪੰਜਾਬ ਦੇ ਭਖਵੇਂ ਮੁੱਦਿਆਂ ਵਿਚ ਡਗਮਗਾ ਰਹੀ ਪੰਜਾਬ ਦੀ ਆਰਥਿਕਤਾ, ਬੇਰੁਜ਼ਗਾਰੀ, ਪ੍ਰਵਾਸ, ਪੰਜਾਬ ਦਾ ਪ੍ਰਦੂਸ਼ਿਤ ਵਾਤਾਵਰਨ, ਘਾਟੇ ਦੀ ਖੇਤੀ, ਨਸ਼ੇ ਦਾ ਪਸਾਰਾ, ਮਾਫੀਏ ਦਾ ਬੋਲਬਾਲਾ, ਦਰਿਆਈ ਪਾਣੀਆਂ ਦਾ ਮੁੱਦਾ ਅਤੇ ਸਭ ਤੋਂ ਵੱਡਾ ਮੁੱਦਾ ਪੰਜਾਬ ਦੇ ਧਰਤੀ ਹੇਠਲੇ ਪਾਣੀ ਦਾ ਹੈ, ਜਿਸ ਬਾਰੇ ਕਿਹਾ ਜਾ ਰਿਹਾ ਹੈ ਕਿ ਅਗਲੇ 20 ਸਾਲਾਂ ਦੇ ਅੰਦਰ-ਅੰਦਰ ਪੰਜਾਬ ਦਾ ਧਰਤੀ ਹੇਠਲਾ ਪਾਣੀ ਦਾ ਪੱਧਰ ਇੰਨਾ ਘੱਟ ਜਾਵੇਗਾ ਕਿ ਇਹ ਲੋੜ ਅਨੁਸਾਰ ਉਪਲੱਬਧ ਹੀ ਨਹੀਂ ਰਹੇਗਾ। ਕਿਹਾ ਜਾ ਰਿਹਾ ਹੈ ਕਿ ਪੰਜਾਬ ਮਾਰੂਥਲ ਬਣ ਜਾਵੇਗਾ।

ਪਹਿਲਾਂ ਪੰਜਾਬ ਨੂੰ ਹਰੀ ਕ੍ਰਾਂਤੀ ਨੇ ਤਬਾਹ ਕੀਤਾ, ਪੰਜਾਬ ਮਾਰੂਥਲ ਬਨਣ ਵੱਲ ਧਕੇਲ ਦਿੱਤਾ ਗਿਆ। ਖੇਤੀ ਮਸ਼ੀਨਰੀ ਦੀ ਵਰਤੋਂ ਨੇ ਬੇਰੁਜ਼ਗਾਰੀ 'ਚ ਵਾਧਾ ਕੀਤੀ। ਕਿਸਾਨਾਂ ਨੂੰ ਕਰਜ਼ਾਈ ਕੀਤਾ। ਖੁਦਕਸ਼ੀਆਂ ਵੱਲ ਧੱਕਿਆ। ਧਰਤੀ ਹੇਠਲੇ ਪਾਣੀ ਦੀ ਇੰਤਹਾ ਵਰਤੋਂ ਕੀਤੀ ਗਈ। ਕੀੜੇਨਾਸ਼ਕ ਦਵਾਈਆਂ ਅਤੇ ਖਾਦਾਂ ਦੀ ਵਰਤੋਂ ਨੇ ਪੰਜਾਬ ਨੂੰ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਦਿੱਤੀਆਂ। ਅੱਧਾ ਕੁ ਪੰਜਾਬ ਹਰੀ ਕ੍ਰਾਂਤੀ ਨੇ ਤਬਾਹ ਕੀਤਾ ਅਤੇ ਅੱਧਾ ਕੁ ਪੰਜਾਬ ਪ੍ਰਵਾਸ ਦੇ ਰਾਹ ਤੋਰ ਦਿੱਤਾ। ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਪ੍ਰਵਾਸ ਕਰ ਰਹੇ ਹਨ ਅਤੇ ਇੰਜ ਪੰਜਾਬ ਬੁੱਢਾ ਹੋ ਰਿਹਾ ਹੈ।

ਸੂਬੇ ਪੰਜਾਬ ਦੀ ਆਰਥਿਕਤਾ ਡਗਮਗਾ ਚੁੱਕੀ ਹੈ। ਸੂਬੇ ਪੰਜਾਬ ਦੇ ਲੋਕ ਭੈੜੀ ਆਰਥਿਕਤਾ ਦੇ ਚੱਲਦਿਆਂ, ਮਨੋਂ ਡੋਲ ਚੁੱਕੇ ਹਨ। ਉਹਨਾਂ ਨੂੰ ਕੋਈ ਰਾਹ ਨਹੀਂ ਦਿਸਦਾ ਸਿਵਾਏ ਆਪ ਭਗੌੜੇ ਹੋਣ ਦੇ ਜਾਂ ਫਿਰ ਪੰਜਾਬ 'ਚੋਂ ਆਪਣੀ ਔਲਾਦ ਨੂੰ ਭਗੌੜਾ ਕਰਨ ਦੇ। ਜਿਵੇਂ ਡੁੱਬਦੀ ਬੇੜੀ 'ਚੋਂ ਲੋਕ ਛਾਲਾਂ ਮਾਰ ਜਾਨ ਬਚਾਉਣ ਲਈ ਭੱਜਦੇ ਹਨ, ਇਵੇਂ ਹੀ ਆਪਣੀ ਅਗਲੀ ਪੀੜੀ ਨੂੰ ਨਸ਼ਿਆਂ, ਬੇਰੁਜ਼ਗਾਰੀ ਤੋਂ ਬਚਾਉਣ ਲਈ ਪੰਜਾਬ ਦੇ ਲੋਕ ਆਪਣੇ ਨੌਜਵਾਨ ਬੱਚਿਆਂ ਨੂੰ ਪ੍ਰਵਾਸ ਦੇ ਰਾਹ ਤੋਰਨ 'ਤੇ ਮਜ਼ਬੂਰ ਕਰ ਦਿੱਤੇ ਗਏ ਹਨ।

ਪੰਜਾਬ ਮਾਫੀਏ ਦੀ ਜਕੜ 'ਚ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਅਤੇ ਲਗਭਗ ਸਾਰੇ ਨੇਤਾ ਸਖਸ਼ੀ ਲੜਾਈ ਲੜ ਰਹੇ ਹਨ, ਮੁੱਦਿਆਂ ਦੀ ਸਿਆਸਤ ਨੂੰ ਉਹਨਾਂ ਜਿਵੇਂ ਤਿਲਾਂਜਲੀ ਦੇ ਦਿੱਤੀ ਹੈ। ਉਹਨਾਂ ਦਾ ਇਕੋ ਇਕ ਨਿਸ਼ਾਨਾ ਪੰਜਾਬ ਦੇ ਵੋਟਰਾਂ ਦੀ ਵੋਟ-ਪ੍ਰਾਪਤੀ ਹੈ। ਉਹ ਚੋਣਾਂ ਤੋਂ ਪਹਿਲਾਂ 'ਮੁੱਖ ਮੰਤਰੀ ਦਾ ਚਿਹਰਾ' ਉਭਾਰ ਰਹੇ ਹਨ। ਰਿਆਇਤਾਂ ਦੇ ਗੱਫੇ ਲੋਕਾਂ ਨੂੰ ਦੇ ਰਹੇ ਹਨ। ਗਰੰਟੀਆਂ ਪ੍ਰਦਾਨ ਕਰ ਰਹੇ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਉਹ ਰੁਜ਼ਗਾਰ, ਉਦਯੋਗ, ਸਿੱਖਿਆ, ਸਿਹਤ ਸਹੂਲਤਾਂ, ਵਾਤਾਵਰਣ, ਪ੍ਰਵਾਸ ਦੇ ਮਸਲਿਆਂ 'ਤੇ ਚੁੱਪ ਸਾਧੀ ਬੈਠੇ ਹਨ। ਕੀ ਉਹ ਸਮਝਦੇ ਹਨ ਕਿ ਨੌਕਰੀਆਂ ਤੋਂ ਬਿਨਾਂ ਪੰਜਾਬ ਦਾ ਨੌਜਵਾਨ ਪੰਜਾਬ ਰਹਿ ਸਕੇਗਾ ਤੇ ਕੀ ਉਹ ਨੌਜਵਾਨਾਂ ਦੇ ਵੱਡੀ ਗਿਣਤੀ ਪ੍ਰਵਾਸ ਤੋਂ ਬਾਅਦ ਉਜੜੇ ਬੁੱਢੇ ਪੰਜਾਬ ਉਤੇ ਰਾਜ ਕਰਨ ਨੂੰ ਹੀ ਸੁਭਾਗਾ ਸਮਝਣ ਲੱਗ ਪਏ ਹਨ? ''ਦੇਸ਼ ਜਲ ਰਹਾ ਹੈ, ਨੀਰੂ ਬੰਸਰੀ ਵਜਾ ਰਹਾ ਹੈ''।

ਮੁਫ਼ਤ ਸਹੂਲਤਾਂ, ਰਿਆਇਤਾਂ ਅਤੇ ਸਬਸਿਡੀਆਂ ਕੀ ਪੰਜਾਬ ਨੂੰ 'ਪੰਜਾਬ' ਬਣਿਆ ਰਹਿਣ ਦੇਣਗੀਆਂ? ਕੀ ਮਿਹਨਤੀ ਪੰਜਾਬੀਆਂ ਨੂੰ ਮੰਗਤੇ, ਮੁਫ਼ਤਖੋਰੇ ਬਣਾ ਕੇ ਤਬਾਹ ਨਹੀਂ ਕਰ ਦੇਣਗੀਆਂ? ਵਕਤੀ ਤੌਰ 'ਤੇ ਤਾਂ ਇਹ ਸਹੂਲਤਾਂ ਦਿਲ ਲੁਭਾਉਣੀਆਂ ਜਾਪਦੀਆਂ ਹਨ। ਪਰ ਕੀ ਇਹ ਸ਼ੋਸ਼ੇਬਾਜ਼ੀ, ਜੁਮਲੇਬਾਜ਼ੀ ਪੰਜਾਬ ਨੂੰ ਤਰੱਕੀ ਕਰਨ ਵਾਲਾ ਸੂਬਾ ਰਹਿਣ ਦੇਵੇਗੀ? ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ, ਪ੍ਰਤੀ ਜੀਅ ਆਮਦਨ 'ਚ ਦੇਸ਼ ਭਰ 'ਚ ਇਸ ਦਾ ਦਰਜਾ ਕਦੇ ਪਹਿਲਾ ਸੀ ਹੁਣ ਦੂਜਿਆਂ ਸੂਬਿਆਂ ਦੇ ਮੁਕਾਬਲੇ ਨੀਵਾਂ ਹੋਇਆ ਹੈ। ਇਸਦਾ ਦਰਜਾ 18ਵਾਂ ਹੋ ਗਿਆ ਹੈ। ਅੱਵਲ ਪੰਜਾਬ, ਹੁਣ ਫਾਡੀ ਪੰਜਾਬ ਵੱਲ ਕਦਮ ਵਧਾਉਂਦਾ ਦਿੱਸਦਾ ਹੈ।

ਪੰਜਾਬ ਦੇ ਪ੍ਰਾਈਵੇਟ ਪ੍ਰੋਫੈਸ਼ਨਲ ਯੂਨੀਵਰਸਿ-ਟੀਆਂ, ਪ੍ਰੋਫੈਸ਼ਨਲ ਕਾਲਜਾਂ, ਇੰਜੀਨੀਅਰਿੰਗ ਕਾਲਜਾਂ ਦੇ ਪਿਛਲੇ ਦੋ ਦਹਾਕਿਆਂ 'ਚ ਜਿਵੇਂ ਹੜ ਹੀ ਆ ਗਿਆ। ਪਰ ਇਸ ਵੇਲੇ ਇਹਨਾਂ ਪ੍ਰੋਫੈਸ਼ਨਲ ਕਾਲਜਾਂ, ਯੂਨੀਵਰਸਿਟੀਆਂ ਅਤੇ ਆਰਟਸ ਕਾਲਜਾਂ 'ਚ ਪੜਾਕੂਆਂ ਦੀ ਗਿਣਤੀ ਮਸਾਂ ਅੱਧੀ ਰਹਿ ਗਈ ਹੈ। ਨੌਜਵਾਨ ਆਇਲਟ ਕਰਦੇ ਹਨ, ਵਿਦੇਸ਼ ਦੇ ਰਾਹ ਪੈਂਦੇ ਹਨ। ਸਰਕਾਰੀ ਵਿਦਿਅਕ ਅਤੇ ਸਿਹਤ ਅਦਾਰਿਆਂ ਖਾਸ ਕਰਕੇ ਪਿੰਡਾਂ ਦੀ ਅਤਿ ਦੀ ਦੁਰਦਸ਼ਾ ਹੋ ਚੁੱਕੀ ਹੈ। ਭ੍ਰਿਸ਼ਟਾਚਾਰ ਨੇ ਪੰਜਾਬ ਦਾ ਲੱਕ ਤੋੜ ਦਿੱਤਾ ਹੈ। ਰੇਤਾ-ਬੱਜਰੀ, ਪਾਸਪੋਰਟ, ਕੇਬਲ, ਸਮਾਜਿਕ ਸਕੀਮਾਂ 'ਚ ਹੇਰਾਫੇਰੀਆਂ, ਚੋਰ ਮੋਰੀਆਂ ਨੇ ਸਰਕਾਰੀ ਖਜ਼ਾਨੇ ਨੂੰ ਵੱਡੀ ਢਾਅ ਲਾਈ ਹੈ। ਨੇਤਾਵਾਂ, ਅਫ਼ਸਰਸ਼ਾਹੀ ਅਤੇ ਹੋਰ ਰਸੂਖਦਾਰ ਬੰਦਿਆਂ ਨੇ ਪੰਜਾਬ ਨੂੰ ਚੂੰਡ-ਚੂੰਡ ਕੇ ਖਾ ਲਿਆ ਹੈ। ਹੁਣ ਖਜ਼ਾਨਾ ਖਾਲੀ ਹੋਣ ਦੀ ਰੱਟ ਹੈ। ਸਿਹਤ ਸਹੂਲਤਾਂ, ਵਾਤਾਵਰਨ ਸ਼ੁਧਤਾ, ਸਿੱਖਿਆ ਸਹੂਲਤਾਂ ਲਈ ਸਰਕਾਰ ਕੋਲ ਪੈਸਾ ਨਹੀਂ ਬਚਦਾ। ਪ੍ਰਸਾਸ਼ਨਿਕ ਕੰਮ ਚਲਾਉਣ ਲਈ ਕਰਜ਼ਾ ਲੈਣ ਤੋਂ ਬਿਨਾਂ ਉਸ ਕੋਲ ਕੋਈ ਹੱਲ ਹੀ ਨਹੀਂ ਰਹਿੰਦਾ। ਕੁਲ ਮਿਲਾ ਕੇ 31 ਮਾਰਚ 2022 ਤੱਕ ਸਰਕਾਰੇ-ਪੰਜਾਬ ਤਿੰਨ ਲੱਖ-ਕਰੋੜ ਦਾ ਕਰਜ਼ਾਈ ਹੋ ਜਾਵੇਗਾ।

ਸਿਆਸੀ ਨੇਤਾਵਾਂ ਦੇ ਗ਼ੈਰ-ਜ਼ੁੰਮੇਵਾਰੀ ਵਾਲੇ ਪੰਜਾਬ ਦੀ ਨੌਕਰਸ਼ਾਹੀ ਦੇ ਕੰਮ ਚਲਾਊ ਵਤੀਰੇ ਨੇ ਪੰਜਾਬ ਨੂੰ ਆਰਥਿਕ, ਸਮਾਜਿਕ, ਸਭਿਆਚਾਰਕ ਪੱਖੋਂ ਊਣਾ ਕਰ ਦਿੱਤਾ ਹੈ। ਖਾਸ ਤੌਰ ਤੇ ਸਮਾਜਿਕ, ਸਭਿਆਚਾਰਕ ਪ੍ਰਸਥਿਤੀਆਂ ਉਲਟ-ਪੁਲਟ ਹੋ ਗਈਆਂ ਗਨ।

ਪੰਜਾਬ 'ਚ ਬੇਰੁਜ਼ਗਾਰੀ ਉਚ ਸਤਰ ਤੇ ਹੈ। ਪੰਜਾਬ ਦੀ ਬੇਰੁਜ਼ਗਾਰੀ ਦਰ 7।4 ਫੀਸਦੀ ਹੈ ਜਦਕਿ ਦੇਸ਼ ਦੀ ਬੇਰੁਜ਼ਗਾਰੀ ਦਰ 6।4 ਫੀਸਦੀ ਹੈ। ਮਹਿੰਗਾਈ ਦਰ 'ਚ ਲਗਾਤਾਰ ਵਾਧਾ ਹੋਇਆ ਹੈ। ਪੈਟਰੋਲ, ਡੀਜ਼ਲ ਦੀਆਂ ਕੀਮਤਾਂ 'ਚ ਵਾਧੇ ਨੇ ਪੰਜਾਬ ਦੇ ਖੇਤੀ ਖੇਤਰ ਨੂੰ ਵੱਡੀ ਸੱਟ ਮਾਰੀ ਹੈ, ਖੇਤੀ ਘਾਟੇ ਦਾ ਸੌਦਾ ਬਣ ਕੇ ਰਹਿ ਗਈ ਹੈ। ਪਰ ਇਹ ਸਾਰੇ ਮੁੱਦੇ, ਇਹ ਸਾਰੇ ਮਸਲੇ, ਇਹ ਸਾਰੀਆਂ ਸਮੱਸਿਆਵਾਂ ਪਾਰਟੀਆਂ ਲਈ ਕੋਈ ਅਰਥ ਨਹੀਂ ਰੱਖਦੀਆਂ।

ਸੂਬੇ ਪੰਜਾਬ 'ਚ ਹਕੂਮਤ ਕਰਨ ਦੀ ਵੱਡੀ ਦਾਅਵੇਦਾਰ ਪਾਰਟੀ ਦੇ ਪੇਸ਼ ਕੀਤੇ ਅਜੰਡੇ ਵੇਖੋ: ਉਹ ਸ਼ਹਿਰਾਂ ਦੀ ਸਫ਼ਾਈ ਕਰਵਾਉਣਗੇ, ਸਰਕਾਰੀ ਕੰਮ ਕਰਵਾਉਣ ਲਈ ਵਿਚੋਲਿਆਂ ਤੋਂ ਮੁਕਤੀ ਦਿਵਾਉਣਗੇ, ਅੰਡਰਗਰਾਊਂਡ ਕੇਬਲਿੰਗ ਸ਼ਹਿਰਾਂ 'ਚ ਕਰਾਉਣਗੇ, ਮੁਹੱਲਾ ਕਲੀਨਕ ਬਣਾਉਣਗੇ, ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕਰਨਗੇ, 24 ਘੰਟੇ ਬਿਜਲੀ ਸਪਲਾਈ, ਪੀਣ ਦਾ ਸਾਫ਼ ਪਾਣੀ ਮੁਹੱਈਆ ਕਰਾਉਣਗੇ, ਟੁਟੀਆਂ ਸੜਕਾਂ ਦੀ ਮੁਰੰਮਤ ਕਰਵਾਉਣਗੇ, ਉਦਯੋਗ ਤੇ ਵਪਾਰ 'ਚ ਵਾਧਾ ਕਰਵਾਉਣਗੇ ਅਤੇ ਔਰਤਾਂ ਦੀ ਸੁਰੱਖਿਆ ਦਾ ਪ੍ਰਬੰਧ ਕਰਨਗੇ। ਪਰ ਉਹ ਨੌਜਵਾਨਾਂ ਦੇ ਰੁਜ਼ਗਾਰ ਤੇ ਪੰਜਾਬ ਦੇ ਵੱਧ ਰਹੇ ਪ੍ਰਵਾਸ ਤੋਂ ਚੁੱਪ ਹਨ। ਉਹ ਪੰਜਾਬ ਦੇ ਦਰਿਆਈ ਪਾਣੀਆਂ ਦੀ ਗੱਲ ਨਹੀਂ ਕਰਦੇ ਅਤੇ ਨਾ ਹੀ ਧਰਤੀ ਹੇਠਲੇ ਪਾਣੀ ਨੂੰ ਹੋਰ ਡਿੱਗਣੋਂ ਰੋਕਣ ਦੀ ਗੱਲ ਕਰਦੇ ਹਨ। ਪੰਜਾਬ ਦੇ ਦਰਿਆਈ ਪਾਣੀਆਂ 'ਤੇ ਸਾਫ਼-ਸੁਥਰੇ ਵਾਤਾਵਰਣ ਅਤੇ ਘਾਟੇ ਦੀ ਖੇਤੀ ਦੇ ਸੁਧਾਰ ਦਾ ਮਸਲਾ ਤਾਂ ਉਹਨਾਂ ਦੇ ਅਜੰਡੇ ਤੋਂ ਹੀ ਗਾਇਬ ਹੈ। ਇਕ ਹੋਰ ਪਾਰਟੀ ਜਿਸਨੇ ਪੰਜਾਬ ਤੇ ਦਸ ਸਾਲ ਰਾਜ ਕੀਤਾ ਹੈ, ਉਹ ਨੌਜਵਾਨਾਂ ਨੂੰ ਪ੍ਰਵਾਸ ਦੇ ਰਾਹ ਤੋਰਨ ਲਈ 10-10 ਲੱਖ ਰੁਪਏ ਕਰਜ਼ਾ ਦੇਵੇਗੀ। ਸਰਕਾਰੀ ਧਿਰ ਨੇ ਤਾਂ ਪੰਜਾਬ 'ਚ ਆਇਲਿਟਸ ਸੈਂਟਰ ਖੋਲ ਕੇ ਪੰਜਾਬੀ ਨੌਜਵਾਨਾਂ ਨੂੰ ਪੰਜਾਬੋਂ ਬਾਹਰ ਤੋਰਨ ਦਾ ਜਿਵੇਂ ਨਵਾਂ ਮਨਸੂਬਾ ਹੀ ਘੜ ਮਾਰਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਨਵਾਂ ਪੰਜਾਬ ਸਿਰਜਨ ਦਾ ਨਾਹਰਾ ਦੇਣ ਵਾਲੀਆਂ ਰਾਸ਼ਟਰੀ ਪਾਰਟੀਆਂ, ਖੇਤਰੀ ਪਾਰਟੀਆਂ ਪੰਜਾਬੋਂ ਖੁਸੇ ਹੋਏ ਚੰਡੀਗੜ ਅਤੇ ਹੋਰ ਪੰਜਾਬੀ ਇਲਾਕੇ ਲਿਆਉਣ ਦੀਆਂ ਗੱਲਾਂ ਤਾਂ ਜਿਵੇਂ ਭੁਲ ਹੀ ਚੁੱਕੀਆਂ ਹਨ। ਕੇਂਦਰ ਸਰਕਾਰਾਂ ਵੱਲੋਂ ਸੰਘੀ ਢਾਂਚੇ ਦੀ ਸੰਘੀ ਘੁੱਟਣ ਦੀ ਗੱਲ ਤਾਂ ਖੇਤਰੀ ਪਾਰਟੀ ਦੇ ਚੇਤਿਆਂ 'ਚ ਹੀ ਨਹੀਂ ਰਹੀ ਕਿ ਕਿਸੇ ਸਮੇਂ ਉਹ ਰਾਜਾਂ ਨੂੰ ਵੱਧ ਅਧਿਕਾਰ ਦੇਣ ਦੀ ਗੱਲ ਕਰਿਆ ਕਰਦੀ ਸੀ।

ਬਾਘੇ ਬਾਰਡਰ ਰਾਹੀਂ ਪਾਕਿਸਤਾਨ ਸਮੇਤ ਹੋਰ ਦੇਸ਼ਾਂ ਨਾਲ ਵਪਾਰ ਪੰਜਾਬ ਨੂੰ ਹਰ ਸਾਲ 15000 ਕਰੋੜ ਦਿੰਦਾ ਸੀ ਅਤੇ 10 ਤੋਂ 15 ਹਜ਼ਾਰ ਨੌਕਰੀਆਂ। ਪਰ 2019 'ਚ ਇਹ ਵਪਾਰ 'ਚੋਣਾਂ ਦੀ ਭੇਂਟ' ਕਰ ਦਿੱਤਾ ਗਿਆ। ਵਪਾਰ ਪਾਕਿਸਤਾਨ ਨਾਲ ਬੰਦ ਕਰ ਦਿੱਤਾ ਗਿਆ। ਪੰਜਾਬ ਦੀ ਆਰਥਿਕਤਾ ਨੂੰ ਖੋਰਾ ਲੱਗਾ। ਇਹ ਆਰਥਿਕ ਖੋਰਾ ਉਦੋਂ ਵੀ ਲੱਗ ਰਿਹਾ ਹੈ ਜਦੋਂ ਲਈ ਗਈ ਵਿਆਜ ਦੀ ਰਕਮ ਜੋ 2 ਲੱਖ 86 ਕਰੋੜ ਹੈ ਦਾ ਵਿਆਜ ਵੀ ਹੋਰ ਕਰਜ਼ਾ ਦੇ ਕੇ ਚੁੱਕਤਾ ਕੀਤਾ ਜਾ ਰਿਹਾ ਹੈ। ਪੰਜਾਬ ਦਾ ਸਿਆਸਤਦਾਨ ਇਹਨਾਂ ਮੁੱਦਿਆਂ ਬਾਰੇ ਚੁੱਪ ਹੈ, ਕੁਝ ਨਹੀਂ ਬੋਲਦਾ।

ਪੰਜਾਬ 'ਚ ਨਸ਼ੇ ਦਾ ਬੋਲਬਾਲਾ ਹੈ। ਤਿਕੜੀ ਇਸ ਨਸ਼ਾ ਵੰਡ ਨੂੰ ਪਿੰਡਾਂ, ਸ਼ਹਿਰਾਂ 'ਚ ਪਹੁੰਚਦਾ ਕਰਦੀ ਹੈ, ਉਸ ਸਬੰਧੀ ਸਿਆ-ਸਤਦਾਨ ਚੁੱਪ ਹਨ ਭਾਵੇਂ ਕਿ ਗੁਟਕੇ ਉਤੇ ਹੱਥ ਰੱਖ ਕੇ ਇਸ ਨੂੰ ਖਤਮ ਕਰਨ ਦੀਆਂ ਗੱਲਾਂ ਹੁੰਦੀਆਂ ਹਨ।

ਕਿਹਾ ਜਾਂਦਾ ਹੈ ਕਿ ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਜਦਕਿ ਇਹ ਖੇਤੀ ਪ੍ਰਧਾਨ ਹੋਣ ਦੀਆਂ ਯੋਗਤਾਵਾਂ ਨਹੀਂ ਰੱਖਦਾ। ਖੇਤੀ ਪ੍ਰਧਾਨ ਹੋਣ ਦੇ ਨਾਤੇ ਇਸ ਸੂਬੇ ਦੀ ਖੇਤੀ ਨੀਤੀ ਨਹੀਂ ਹੈ। ਸੂਬੇ 'ਚ ਫਾਰਮਰਜ਼ ਕਮਿਸ਼ਨ ਬਣਿਆ। ਪਿਛਲੇ 10 ਸਾਲਾਂ 'ਚ ਫਾਰਮਰਜ਼ ਕਮਿਸ਼ਨ ਨੇ ਦੋ ਵੇਰ ਪਹਿਲੀ ਵੇਰ 2013 'ਚ ਦੂਜੀ ਵੇਰ 2018 'ਚ ਖੇਤੀ ਨੀਤੀ ਤਿਆਰ ਕਰਕੇ ਪੰਜਾਬ ਕੈਬਨਿਟ ਦੀ ਪ੍ਰਵਾਨਗੀ ਲਈ ਭੇਜੀ, ਪਰ ਇਸ ਨੂੰ ਪ੍ਰਵਾਨਗੀ ਨਹੀਂ ਦਿੱਤੀ ਕਿਉਂਕਿ ਇਸ ਵਿਚ ਸਿਆਸਤਦਾਨਾਂ ਦੀ ਕੋਈ ਦਿਲਚਸਪੀ ਹੀ ਨਹੀਂ ਹੈ। ਹੈਰਾਨੀ ਦੀ ਗੱਲ ਹੈ ਕਿ ਸੂਬੇ ਦੀ ਪਾਣੀ ਨੀਤੀ ਕੋਈ ਨਹੀਂ। ਅਰਥਸ਼ਾਸ਼ਤਰੀ ਰਣਜੀਤ ਸਿੰਘ ਘੁੰਮਣ ਅਨੁਸਾਰ ਪੰਜਾਬ ਦਾ ਖੇਤੀ ਲਈ ਵਰਤਿਆ ਜਾਂਦਾ 85ਫੀਸਦੀ ਪਾਣੀ ਝੋਨੇ ਲਈ ਵਰਤਿਆ ਜਾਂਦਾ ਹੈ, ਜਿਸ ਝੋਨੇ ਨੂੰ ਦੂਜੇ ਸੂਬਿਆਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਰਤਿਆ ਜਾਂਦਾ ਹੈ। ਜਦੋਂ ਕੇਂਦਰ ਨੂੰ ਝੋਨੇ ਦੀ ਲੋੜ ਸੀ, ਉਦੋਂ ਪੰਜਾਬ ਨੂੰ ਵਰਤਿਆ, ਹੁਣ ਧੁਤਕਾਰਿਆ ਜਾ ਰਿਹਾ ਹੈ।

ਪੰਜਾਬ ਲੁਟਿਆ ਜਾ ਰਿਹਾ ਹੈ। ਪਰ ਪੰਜਾਬ ਦਾ ਸਿਆਸਤਦਾਨ ਚੁੱਪ ਹੈ। ਚੋਣਾਂ ਦੌਰਾਨ ਉਹ ਰੋਡਮੈਪ ਤੇ ਚੋਣ ਮੈਨੀਫੈਸਟੋ ਦੇਣ ਦੀ ਗੱਲ ਕਰਦੇ ਹਨ, ਪਰ ਪਿਛਲੇ 20-25 ਸਾਲਾਂ ਤੋਂ ਉਹਨਾਂ ਆਪਣੇ ਚੋਣ ਮੈਨੀਫੈਸਟੋ ਨੂੰ ਚੋਣਾਂ ਜਿੱਤਣ ਬਾਅਦ ਰੱਦੀ ਦੀ ਟੋਕਰੀ 'ਚ ਸੁੱਟਿਆ ਹੈ। ਕੋਈ ਵਾਇਦੇ ਨਹੀਂ ਨਿਭਾਏ, ਕੋਈ ਮੁੱਦੇ ਨਹੀਂ ਚੁੱਕੇ। ਜਿਹੜਾ ਜਿੱਤ ਗਿਆ, ਉਹ ਹਾਕਮ ਬਣ ਗਿਆ, ਜੋ ਵਿਰੋਧੀ ਧਿਰ ਦੀ ਕੁਰਸੀ 'ਤੇ ਬੈਠ ਗਿਆ, ਉਹ ਚੁੱਪ ਕਰਕੇ ਅਗਲੇ ਪੰਜ ਵਰ੍ਹਿਆਂ 'ਚ ਹਾਕਮ ਬਨਣ ਦੀ ਉਡੀਕ ਕਰਦਾ ਰਿਹਾ।

ਪੰਜਾਬ ਦੀ ਕਮਜ਼ੋਰ ਆਰਥਿਕ ਨੀਤੀ, ਟੈਕਸਾਂ ਦੀ ਉਗਰਾਹੀ 'ਚ ਘੁਟਾਲਾ ਪੰਜਾਬ ਦਾ ਸੀਨਾ ਚੀਰ ਰਿਹਾ ਹੈ। ਇਸ ਵਸਦੇ ਰਸਦੇ ਸੂਬੇ ਨੂੰ ਉਜਾੜ ਰਿਹਾ ਹੈ। ਸਿਹਤ, ਸਿੱਖਿਆ, ਵਾਤਾਵਰਨ, ਵਿਕਾਸ ਦਰ, ਰੁਜ਼ਗਾਰ ਦੇਣ 'ਚ ਮੋਹਰੀ ਪੰਜਾਬ ਅੱਜ ਫਾਡੀ ਹੋ ਗਿਆ ਹੈ ਅਤੇ ਇਹ ਸਭ ਸਿਆਸਤਦਾਨਾਂ ਦੀ ਬੇਰੁਖ਼ੀ ਦਾ ਸਿੱਟਾ ਹੈ, ਜਿਹੜੇ ਪੰਜਾਬ ਦੇ ਮੁੱਦੇ ਨਹੀਂ ਚੁੱਕਦੇ, ਜਿਹੜੇ ਪੰਜਾਬ ਦੀ ਆਰਥਿਕਤਾ ਸੁਧਾਰ ਲਈ ਯਤਨ ਨਹੀਂ ਕਰਦੇ।

ਜੇਕਰ ਕਿਸੇ ਸੂਬੇ ਜਾਂ ਦੇਸ਼ ਦੀ ਆਰਥਿਕਤਾ ਚੰਗੀ ਨਹੀਂ, ਜੇਕਰ ਵਿਕਾਸ ਨਹੀਂ ਹੋ ਰਿਹਾ ਸੂਬੇ 'ਚ ਤਾਂ ਰੁਜ਼ਗਾਰ ਕਿਥੋਂ ਪੈਦਾ ਹੋਏਗਾ?

ਇਸ ਗੱਲ ਦੀ ਚਿੰਤਾ ਸਿਆਸਤਦਾਨ ਨੂੰ ਨਹੀਂ ਹੈ, ਉਹਨਾਂ ਦੀ ਪਹਿਲ ਤਾਂ ਵੋਟਰਾਂ ਦੀ ਵੋਟ ਪ੍ਰਾਪਤੀ ਹੈ।



## 31 ਜਨਵਰੀ 1920 ਨੂੰ ਡਾ ਅੰਬੇਡਕਰ ਜੀ ਨੇ "ਮੂਕਨਾਇਕ" ਅਖ਼ਬਾਰ ਦੀ ਸ਼ੁਰੂਆਤ ਕੀਤੀ ਸੀ। ਮੂਕਨਾਇਕ ਦਾ ਅਰਥ ਹੈ ਗੂੰਗਿਆਂ ਦਾ ਲੀਡਰ







# ਮੁੰਡੇ ਨਾਲ ਅਸ਼ਲੀਲ ਵਿਵਹਾਰ ਕਰਨ ਦੇ ਮਾਮਲੇ ਵਿਚ ਭਾਰਤੀ ਨੂੰ 15 ਮਹੀਨੇ ਦੀ ਕੈਦ

**ਸੈਕਾਰਮੈਂਟੋ 2 ਫਰਵਰੀ (ਹੁਸਨ ਲੜੋਆ ਬੰਗਾ)-** ਮਿਨੀਪੋਲਿਸ ਵਿਚ ਇਕ ਸੰਘੀ ਅਦਾਲਤ ਨੇ ਭਾਰਤੀ ਮੂਲ ਦੇ ਇਕ ਅਮਰੀਕੀ ਨੂੰ ਇਕ 16 ਸਾਲਾਂ ਦੇ ਮੁੰਡੇ ਨਾਲ ਅਸ਼ਲੀਲ ਵਿਵਹਾਰ ਕਰਨ ਦੇ ਮਾਮਲੇ ਵਿਚ 15 ਮਹੀਨੇ ਦੀ ਸਜ਼ਾ ਸੁਣਾਈ ਹੈ।

ਨਿਆਂ ਵਿਭਾਗ ਅਨੁਸਾਰ ਜੱਜ ਨੈਨਸੀ ਈ ਬਰਾਸੇਲ ਨੇ 41 ਸਾਲਾ ਭਾਰਤੀ ਨੀਰਜ ਚੋਪੜਾ ਨੂੰ ਦੋਸ਼ੀ ਕਰਾਰ ਦਿੰਦਿਆਂ ਸਜਾ ਦੇਣ ਦਾ ਐਲਾਨ ਕੀਤਾ। ਇਹ ਘਟਨਾ ਜੁਲਾਈ 2019 ਵਿਚ ਇਕ ਜਹਾਜ਼ ਵਿਚ ਵਾਪਰੀ ਸੀ।

ਬੋਸਟਨ ਤੋਂ ਮਿਨੀਪੋਲਿਸ ਜਾ ਰਹੇ ਜਹਾਜ਼ ਵਿਚ ਉਡਾਣ ਦੌਰਾਨ ਨੀਰਜ ਚੋਪੜਾ ਨੇ ਮੁੰਡੇ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਜਿਸ ਦਾ ਮੁੰਡੇ ਨੇ ਵਿਰੋਧ ਕੀਤਾ। ਇਸ ਘਟਨਾ ਦੀਆਂ ਤਸਵੀਰਾਂ ਸਬੂਤ ਵਜੋਂ ਅਦਾਲਤ ਵਿਚ ਪੇਸ਼ ਕੀਤੀਆਂ ਗਈਆਂ। ਬਚਾਅ ਪੱਖ ਦੇ ਵਕੀਲ ਨੇ ਕਿਹਾ ਕਿ ਘਟਨਾ ਸਮੇ ਨੀਰਜ ਚੋਪੜਾ ਸੌਂ ਰਿਹਾ ਸੀ ਤੇ ਇਹ ਘਟਨਾ ਇਕ ਸੁਪਨੇ ਦੀ ਤਰਾਂ ਵਾਪਰੀ ਹੈ।

# ਸੁਖੀ ਪਰਿਵਾਰ ਲਈ ਬੱਚਿਆਂ ਦੀਆਂ ਭਾਵਨਾਵਾਂ ਸਮਝਣਾ ਜਰੂਰੀ



ਮੇਜਰ ਸਿੰਘ ਨਾਭਾ
91-94635-53962

ਸੁਖੀ ਪਰਿਵਾਰ ਦਾ ਹੋਣਾ ਅੱਜ ਦੇ ਮਾਪਿਆਂ ਲਈ ਚੁਣੌਤੀ ਭਰਿਆ ਵਿਸ਼ਾ ਹੈ । ਅੱਜ ਪਰਿਵਾਰਿਕ ਰਿਸ਼ਤੇ ਅਧੂਰੇ ਨਜ਼ਰ ਆਉਂਦੇ ਦਿਖਾਈ ਦਿੰਦੇ ਹਨ । ਭੈਣ, ਭਰਾ, ਮਾਸੀ, ਚਾਚੇ ਦੀ ਹੋਂਦ ਅੱਜ ਦੇ ਪਰਿਵਾਰਾਂ ਵਿੱਚ ਘੱਟਦੀ ਜਾ ਰਹੀ ਹੈ ।ਇਸ ਦਾ ਪ੍ਰਭਾਵ ਬੱਚਿਆਂ 'ਤੇ ਕਿਸੇ ਨਾ ਕਿਸੇ ਰੂਪ 'ਚ ਜਰੂਰ ਪੈਂਦਾ ਹੈ । ਸਾਡੇ ਸਮਾਜ ਵਿੱਚ ਸੱਸ ਨੂੰ ਆਮ ਤੌਰ ਤੇ ਸਤਿਕਾਰਿਤ ਰੁਤਬੇ ਨਾਲ ਨਹੀਂ ਦੇਖਿਆ ਜਾਂਦਾ।ਲੋਕ ਗੀਤਾਂ 'ਚ ਸੱਸਾਂ ਬਾਰੇ ਬਹੁਤ ਕੁਮੈਂਟ ਮਿਲਦੇ ਹਨ। ਪਹਿਲਾਂ ਕੁੜੀਆਂ ਤੀਆਂ 'ਚ ਆਪਣੀਆਂ ਸੱਸਾਂ ਦੇ ਜ਼ਿਆਦਤੀ ਵਾਲੇ ਰਵੱਈਏ ਤੋਂ ਤੰਗ ਹੋਈਆਂ ਬੋਲੀਆਂ ਪਾ ਕੇ ਆਪਣੀ ਭੜਾਸ ਕੱਢ ਲੈਂਦੀਆਂ ਸਨ।ਪਰ ਹੁਣ ਤਾਂ ਇਹੋ ਜਿਹੇ ਤਿਉਹਾਰ ਸਮੇਂ ਦੀ ਤੇਜ਼ ਰਫਤਾਰ ਨੇ ਆਲੋਪ ਕਰ ਦਿੱਤੇ ਹਨ। ਇਸ ਕਰਕੇ ਲੜਕੀਆਂ ਦੇ ਜ਼ਜਬਾਤ ਕਈ ਵਾਰੀ ਦੱਬੇ ਰਹਿ ਜਾਣ ਕਾਰਨ ਗਲਤ ਕਦਮ ਚੁੱਕਣ ਲਈ ਮਜਬੂਰ ਕਰ ਦਿੰਦੇ ਹਨ। ਰਿਸਤਾ ਹੋਣ ਸਮੇਂ ਸੱਸਾਂ ਆਮ ਹੀ ਕਹਿੰਦੀਆਂ ਸੁਣੀਆਂ ਜਾ ਸਕਦੀਆਂ ਹਨ, 'ਤੁਹਾਡੀ ਕੁੜੀ ਨੂੰ ਧੀ ਬਣਾ ਕੇ ਰੱਖੂੰ' ਜੋ ਕਿ ਵਧੀਆ ਗੱਲ ਹੈ।ਵੈਸੈ ਆਪਣੀਆਂ ਨੂੰਹਾਂ ਨੂੰ ਧੀਆਂ ਬਨਾਉਣਾ ਹਰ ਇੱਕ ਔਰਤ ਦੇ ਵਸ ਦੀ ਗੱਲ ਨਹੀਂ। ਕਹਿਣਾ ਸੌਖਾ ਹੁੰਦਾ ਹੈ ਪਰ ਨਿਭਾਉਣਾ ਔਖਾ ਹੁੰਦਾ ਹੈ।ਘਰ ਆਉਣ ਤੇ ਨੂੰਹ ਵਿੱਚ ਕਈ ਸੱਸਾਂ ਨੂੰ ਨੁਕਸ ਤਾਂ ਦਿੱਖਣ ਲੱਗ ਜਾਂਦੇ ਹਨ ਪਰ ਉਸ ਦੇ ਗੁਣ ਨਹੀਂ ਦਿੱਸਦੇ , ਇਥੇ ਸੱਸਾਂ ਨੂੰ ਬੜੀ ਸਾਵਧਾਨੀ ਨਾਲ ਆਪਣੀ ਧੀ ਦੇ ਗੁਣਾਂ ਅਵਗੁਣਾਂ ਨੂੰ ਜਰੂਰ ਵਿਚਾਰ ਲੈਣਾ ਚਾਹੀਦਾ ਹੈ ਅਤੇ ਕੋਈ ਗੱਲ ਕਾਹਲ 'ਚ ਨਹੀਂ ਕਰਨੀ ਚਾਹੀਦੀ। ਆਪਣੀ ਧੀ ਨੂੰ ਮਾਂ ਹਰੇਕ ਚੀਜ਼ ਬਾਪ ਤੋਂ ਚੋਰੀ ਵੀ ਲੈ ਕੇ ਦਿੰਦੀ ਹੈ ਪਰ ਨੂੰਹ ਨੂੰ ਲੋੜੀਂਦੀਆਂ ਚੀਜ਼ਾਂ ਉਸ ਦੇ ਪੇਕਿਆਂ ਤੋਂ ਮਜਬੂਰਨ ਲਿਆਉਣ ਲਈ ਸੱਸ ਕਿਸੇ ਨਾ ਕਿਸੇ ਤਰ੍ਹਾਂ ਹੱਥ ਕੰਡੇ ਵਰਤਦੀ ਰਹਿੰਦੀ ਹੈ। ਸਾਡੇ ਸਮਾਜ ਅੰਦਰਲੀ ਔਰਤ ਦੀ ਮਾਨਸਿਕਤਾ ਐਨੀ ਗਿਰ ਚੁੱਕੀ ਹੈ ਕਿ ਉਹ ਆਪਣੀ ਧੀ ਨਾਲ ਸਹੁਰਿਆਂ ਵਲੋਂ ਕੀਤੇ ਜਾਂਦੇ ਵਿਤਕਰੇ ਤੋਂ ਦੁੱਖੀ ਤਾਂ ਰਹਿੰਦੀ ਹੈ ਪਰ ਆਪਣੀ ਸੋਚ ਨੂੰ ਬਦਲਣ ਦੀ ਬਜਾਇ ਆਪ ਵੀ ਕਿਸੇ ਦੀ ਧੀ ਨਾਲ ਉਹੀ ਵਿਤਕਰਾ ਕਰਕੇ ਇੱਕ ਹੋਰ ਮਾਂ ਨੂੰ ਠੇਸ ਪਹੁੰਚਾਉਂਦੀ ਹੈ।ਵਿਆਹ ਤੋਂ ਬਾਅਦ ਅਕਸਰ ਮੱਧ-ਵਰਗੀ ਪਰਿਵਾਰ ਹਰੇਕ ਗੱਲ 'ਚ ਪੈਸੇ ਵਲੋਂ ਤੰਗੀ ਦੀ ਗੱ.ਲ ਕਰਨ ਲੱਗ ਜਾਂਦੇ ਹਨ।ਪਹਿਲਾਂ ਤਾਂ ਵਿਆਹ ਤੇ ਫਜੂ.ਲ ਖਰਚਾ ਕਰ ਲੈਂਦੇ ਹਨ ਫਿਰ ਜਦੋਂ ਵਿਆਹੁਤਾ ਬੱਚੇ ਆਪਣੀ ਜਿੰਦਗੀ ਨੂੰ ਸੁੱਖ ਸਹੂਲਤਾਂ ਲਈ ਖਰਚਾ ਮੰਗਦੇ ਹਨ ਤਾਂ ਅਕਸਰ ਘਰਾਂ 'ਚ ਕਲੇਸ਼ ਪੈਂਦਾ ਹੈ। ਸੱਸ ਬਣੀ ਔਰਤ ਨੂੰ ਆਪਣੇ ਪਿਛੋਕੜ ਤੇ ਗੰਭੀਰਤਾ ਨਾਲ ਝਾਤ ਮਾਰ ਲੈਣੀ ਚਾਹੀਦੀ ਹੈ। ਇਹ ਸੱਸ ਦਾ ਰੂਪ ਬਣੀ ਮਾਂ ਨੂੰ ਆਪਣੇ ਪੁੱਤ ਦੀ ਖੁਸ਼ੀ ਲਈ ਨਜ਼ਰੀਆ ਬਦਲਣ ਦੀ ਲੋੜ ਹੁੰਦੀ ਹੈ ।ਪੁੱਤ ਉੱਪਰ ਪਹਿਲਾਂ ਵਾਲਾ ਅਧਿਕਾਰ ਜਰੂਰ ਰੱਖੇ ਪਰ ਆਪਣੇ ਪਤੀ ਦੇਵ ਨਾਲ ਜਿਵੇਂ ਵਧੀਆ ਸਬੰਧ ਰੱਖਣ ਦੀ ਖਾਹਿਸ਼ ਆਪ ਰੱਖਦੀ ਹੈ ਇਸੇ ਤਰ੍ਹਾਂ ਨੂੰਹ ਦੇ ਸਬੰਧ ਵੀ ਆਪਣੇ ਬੇਟੇ ਨਾਲ ਰੱਖਣ ਦੇਣ ਦਾ ਮਾਦਾ ਰੱਖੇ। ਵਿਆਹ ਸਮੇਂ ਕਈ ਵਾਰ ਕਹਿਣ ਨੂੰ ਤਾਂ ਲੜਕੇ ਵਾਲੇ ਕਹਿਣਗੇ ਕਿ ਸਾਡੀ ਕੋਈ ਮੰਗ ਨਹੀਂ । ਪਰ ਬਾਅਦ 'ਚ ਜਦੋਂ ਲੜਕੀ ਵਾਲੇ ਰਿਸ਼ਤੇਦਾਰਾਂ ਲਈ ਪੁੱਛਦੇ ਹਨ ਤਾਂ ਕਈ ਤਾਂ ਹੌਲੀ ਹੌਲੀ ਵਿਆਹ ਤੱਕ ਹੀ ਕੋਈ ਨਾ ਕੋਈ ਖਾਹਿਸ਼ ਨੂੰ ਉਜਾਗਰ ਕਰਦੇ ਰਹਿੰਦੇ ਹਨ। ਚਲੋ ਸਮਾਜ ਦੀ ਸੋਚ ਬਦਲਣ ਨੂੰ ਆਪਣੇ ਆਪ ਨੂੰ ਸਮਝਾਉਣਾ ਪਵੇਗਾ ਕਿਉਂ ਕਿ ਆਪਾਂ ਹੀ ਸਮਾਜ ਦਾ ਅੰਗ ਹਾਂ। ਵੈਸੇ ਹਰੇਕ ਸਿਆਣਾ ਮਾਪਾ ਆਪਣੀ ਧੀ ਲਈ ਵਿਆਹ ਤੋਂ ਬਾਅਦ ਆਪਣੀ ਹੈਸ਼ੀਅਤ ਮੁਤਾਬਕ ਉਸਦਾ ਬਣਦਾ ਹਿੱਸਾ ਕਿਸੇ ਨਾ ਕਿਸੇ ਰੂਪ 'ਚ ਆਪਣੀ ਧੀ ਨੂੰ ਦਿੰਦਾ ਰਹਿੰਦਾ ਹੈ। ਉਂਝ ਵੀ ਹਰੇਕ ਧੀ ਦਾ ਆਪਣੇ ਮਾਂ-ਬਾਪ ਦੀ ਜਾਇਦਾਦ 'ਚ ਸੰਵਿਧਾਨਿਕ ਤੌਰ ਤੇ ਵੀ ਬਰਾਬਰ ਦਾ ਹਿੱਸਾ ਹੁੰਦਾ ਹੈ ਜੋ ਕਿ ਬਹੁਤੀਆਂ ਉਸ ਨੂੰ ਲੈਣ ਨੂੰ ਤਿਆਰ ਨਹੀਂ ਹੁੰਦੀਆਂ ਸਗੋਂ ਨਿੱਘੇ ਰਿਸ਼ਤੇ ਨੂੰ ਮਾਣਨ ਲਈ ਹੀ ਆਸਵੰਦ ਹੁੰਦੀਆਂ ਹਨ।

ਕਈ ਸ਼ੋਸ਼ਲ ਮੀਡੀਏ ਤੇ ਮਾਵਾਂ ਨੂੰ ਨਸੀਹਤਾਂ ਦਿੰਦੇ ਹਨ ਕਿ ਉਹ ਆਪਣੀਆਂ ਧੀਆਂ ਦੇ ਘਰ ਵਸਾਉਣ ਲਈ ਸਹੁਰਿਆਂ ਦੇ ਘਰਾਂ 'ਚ ਫੋਨ ਤੇ ਦਖਲਅੰਦਾਜ਼ੀ ਨਾ ਕਰਨ , ਬੇਟੀ ਨੂੰ ਗਲਤ ਗਾਈਡ ਨਾ ਕਰਨ।ਕਾਫੀ ਹੱਦ ਤੱਕ ਗੱਲ ਠੀਕ ਹੈ।ਕਈ ਮਾਵਾਂ ਜਿਆਦਾ ਸਮਝਾਉਣ ਦੀ ਬਜਾਇ ਭੜਕਾਉਣ ਦਾ ਕੰਮ ਕਰਦੀਆਂ ਹਨ। ਪਰ ਸਮਝਦਾਰ ਮਾਂ ਕਦੇ ਨਹੀਂ ਚਾਹੁੰਦੀ ਕਿ ਉਸ ਦੀ ਧੀ ਦਾ ਘਰ ਖਰਾਬ ਹੋਵੇ। ਸ਼ੁਰੂ ਸ਼ੁਰੂ 'ਚ ਧੀ ਲਈ ਨਵੇਂ ਪਰਿਵਾਰ ਨੂੰ ਸਮਝਣ ਲਈ ਸਮਾਂ ਲੱਗਦਾ ਹੈ। ਇਸ ਸਮੇਂ ਧੀ ਤੋਂ ਨੂੰਹ ਬਣੀ ਲੜਕੀ ਲਈ ਸੱਸ ਸਹੁਰੇ ਤੋਂ ਮਾਂ-ਬਾਪ ਵਾਲੇ ਪਿਆਰ ਵਾਂਗ ਜੇਕਰ ਪਿਆਰ ਮਿਲਦਾ ਹੈ ਤਾਂ ਉਹ ਛੇਤੀ ਪਰਿਵਾਰ ਵਿੱਚ ਘੁੱਲਮਿਲ ਜਾਵੇਗੀ ਨਹੀਂ ਤਾਂ ਸਮਾਂ ਲੱਗੇਗਾ।ਕਈ ਲੜਕੀਆਂ ਬਿਊਟੀ ਪਾਰਲਰ 'ਚ ਜਾਣ ਕਰਕੇ ਵਾਧੂ ਖਰਚੇ ਖੜ੍ਹੇ ਕਰਦੀਆਂ ਹਨ, ਉਥੇ ਲੜਕੀਆਂ ਨੂੰ ਸਹੁਰੇ ਪਰਿਵਾਰ ਦੀ ਸਥਿਤੀ ਨੂੰ ਸਮਝਣਾ ਚਾਹੀਦਾ ਹੈ ਅਤੇ ਇਹੋ ਜਿਹੇ ਫਜ਼ੂਲ ਖਰ-ਚਿਆਂ ਤੋਂ ਜੇਕਰ ਹੋ ਸਕੇ ਤਾਂ ਬਚਣਾ ਚਾਹੀਦਾ ਹੈ।ਜੇਕਰ ਘਰ ਵਿੱਚ ਦੋ ਨੂੰਹਾਂ ਨੇ ਤਾਂ ਦੋਹਾਂ ਨਾਲ ਬਰਾਬਰ ਵਰਤਾਉ ਕਰਨਾ ਸੱਸ ਦੀ ਸਮਝਦਾਰੀ ਹੈ , ਹੋ ਸਕਦਾ ਦੋਹਾਂ ਦੇ ਸੁਭਾਅ 'ਚ, ਕੰਮਾਂ 'ਚ, ਰਹਿਣ-ਸਹਿਣ ਦੇ ਤੌਰ ਤਰੀਕੇ ਆਦਿ 'ਚ ਫਰਕ ਹੋਵੇ ਤਾਂ ਉਥੇ ਦੋਹਾਂ ਲਈ ਸੱਸ ਵਲੋਂ ਸੰਤਲੁਨ ਬਣਾ ਕੇ ਰੱਖਣਾ ਵੀ ਜਰੂਰੀ ਹੈ ਤਾਂ ਕਿ ਆਪਸੀ ਪਿਆਰ ਬਣਿਆ ਰਹੇ।

ਕਈ ਸੱਸਾਂ ਖਾਣ-ਪੀਣ ਵਾਲੀਆਂ ਚੀਜ਼ਾਂ ਆਪਣੇ ਕੰਟਰੋਲ 'ਚ ਜਾਂ ਕਈ ਤਾਂ ਜਿੰਦਰਾ ਹੀ ਮਾਰ ਕੇ ਰੱਖਦੀਆਂ ਹਨ। ਇਹੋ ਜਿਹੀਆਂ ਹਰਕਤਾਂ ਨੂੰ ਅੱਜਕਲ੍ਹ ਦੇ ਬੱਚੇ ਪਸ਼ੰਦ ਨਹੀਂ ਕਰਦੇ, ਇਸ ਨਾਲ ਆਪਸੀ ਨਫਰਤ ਪੈਦਾ ਹੋਣੀ ਸੰਭਵ ਹੈ। ਸੱਸ ਦਾ ਆਪਣੀ ਜ਼ਿੰਦਗੀ ਦਾ ਤਜਰਬਾ ਹੁੰਦਾ ਹੈ ਇਸ ਲਈ ਨੂੰਹ ਦੀਆਂ ਰਮਜ਼ਾਂ ਨੂੰ ਸਮਝ ਕੇ ਕੁਝ ਤਾਂ ਨੂੰਹਾਂ ਨੂੰ ਢਾਲ ਲੈਣਾ ਚਾਹੀਦਾ , ਕੁਝ ਆਪ ਢਲ ਜਾਣਾ ਚਾਹੀਦਾ ਹੈ।

ਕਈ ਸੱਸ-ਸਹੁਰੇ ਇਹੋ ਜਿਹੇ ਹੁੰਦੇ ਹਨ ਜਿੰਨ੍ਹਾਂ ਨੂੰ ਆਪਣੀ ਨੂੰਹ ਦੇ ਹਰੇਕ ਕੰਮ 'ਚ ਨੁਕਸ ਕੱਢਣ ਦੀ ਆਦਤ ਹੁੰਦੀ ਹੈ ਪਰ ਆਪ ਆਪਣੇ ਕੰਮਾਂ ਨੂੰ ਨਹੀਂ ਵਾਚਦੇ।ਤੀਸਰੀ ਅੱਖ ਜਰੂਰ ਉਨ੍ਹਾਂ ਦੇ ਕੰਮਾਂ ਨੂੰ ਦੇਖਦੀ ਹੁੰਦੀ ਹੈ।ਸੋ ਅੱਜ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਦੀ ਲੋੜ ਹੈ ਨਾ ਕਿ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਦਬਾਉਣਾ ਚਾਹੀਦਾ ਹੈ। ਇਸ ਤਰ੍ਹਾਂ ਆਪਣੇ ਬੱਚਿਆਂ ਦੀਆਂ ਖੁਸ਼ੀਆਂ ਨੂੰ ਕਾਇਮ ਰੱਖਿਆ ਜਾ ਸਕਦਾ ਹੈ।ਮੇਰੇ ਇੱਕ ਦੋਸਤ ਦੀ ਬੇਟੀ ਇੱਕਲੋਤੇ ਬੇਟੇ ਨੂੰ ਉਨ੍ਹਾਂ ਵਿਆਹ ਦਿੱਤੀ ਕਿ ਚਲੋ ਮੌਜ ਕਰੂਗੀ। ਪਰ ਥੋੜੇ ਚਿਰ ਬਾਅਦ ਛੋਟੀ ਛੋਟੀ ਗੱਲ 'ਤੇ ਸੱਸ ਨੂੰਹ 'ਚ ਨੋਕ ਝੋਕ ਹੋਣੀ ਸ਼ੁਰੂ ਹੋ ਗਈ ।ਘਰ ਪੋਤਾ ਵੀ ਹੋ ਗਿਆ ਪਰ ਕਲੇਸ ਵਧਦਾ ਗਿਆ। ਇੱਕਲੋਤਾ ਪੁੱਤ ਦੋਵੇਂ ਪਾਸੇ ਮੋਹ ਮਮਤਾ ਵਿੱਚ ਫਸ ਗਿਆ। ਇੱਕ ਦਿਨ ਰਾਤ ਨੂੰ ਦੋਸਤ ਦੀ ਬੇਟੀ ਦਾ ਫੋਨ ਆ ਗਿਆ ਤਾਂ ਭਾਵੁਕ ਹੋਈ ਬੇਟੀ ਦੀਆਂ ਗੱਲਾਂ ਸੁਣ ਕੇ ਦੋਸਤ ਨੂੰ ਕੁੜਮਾਂ ਦੇ ਘਰ ਬੰਦੇ ਲਿਜਾਣ ਤੱਕ ਨੌਬਤ ਹੋਣ ਤੇ ਰਿਸ਼ਤੇ 'ਚ ਕੁੜੱਤਣ ਵੱਧਣਾ ਯਕੀਨੀ ਸੀ ।ਆਪਸੀ ਬੋਲ ਕਬੋਲਾਂ ਕਾਰਨ ਕੁੜਮਾਂ 'ਚ ਰਿਸਤਾ ਖਤਮ ਹੀ ਹੋ ਗਿਆ। ਹੁਣ ਬੇਟੀ ਉੱਪਰਲੀ ਮੰਜ਼ਿਲ 'ਤੇ ਭਾਵੇਂ ਵੱਖਰੀ ਰਹਿੰਦੀ ਹੈ , ਪਰ ਬਿਮਾਰੀ ਆਦਿ ਸਮੇਂ ਫਿਰ ਵੀ ਬੇਟੀ ਨੂੰ ਸੰਭਾਲ ਕਰਨੀ ਪੈਂਦੀ ਹੈ। ਪਰ ਸੱਸ-ਸਹੁਰਾ ਅਜੇ ਵੀ ਠੀਕ ਹੋਣ ਤੇ ਭੋਰਾ ਸਮਝਦੇ ਨਹੀਂ , ਫਿਰ ਪਹਿਲੀਆਂ ਹਰਕਤਾਂ 'ਤੇ ਆ ਜਾਂਦੇ ਹਨ।ਇਹੋ ਜਿਹੇ ਮਾਪੇ ਨੂੰਹਾਂ ਲਈ ਘੱਟ ਪਰ ਆਪਣੇ ਬੇਟੇ ਦੀ ਜ਼ਿੰਦਗੀ ਲਈ ਜ਼ਿਆਦਾ ਮੁਸੀਬਤਾਂ ਖੜ੍ਹੀਆਂ ਕਰਦੇ ਨੇ।

ਮੇਰੇ ਇੱਕ ਜਾਣਕਾਰ ਦੀ ਬੇਟੀ ਸਰਕਾਰੀ ਸਕੂਲ 'ਚ ਅਧਿਆਪਕਾ ਲੱਗੀ ਹੋਈ ਹੈ। ਉਸ ਦਾ ਵਿਆਹ ਹੋਣ ਤੇ ਸਹੁਰੇ ਘਰ ਨੇੜੇ ਬਦਲੀ ਕਰਵਾ ਲਈ ।ਉਹ ਸਹੁਰੇ ਦੂਰ ਹੋਣ ਕਾਰਣ ਅਜੇ ਆਪਣੇ ਪੇਕੇ ਘਰ ਹੀ ਰਹਿ ਜਾਂਦੀ ਹਫਤੇ ਬਾਅਦ ਸਹੁਰੇ ਚਲੀ ਜਾਂਦੀ । ਸਕੂਲੋਂ ਰੀਲੀਵ ਹੋ ਕੇ ਜਾਣਾ ਸੀ ਤਾਂ ਆਪਣੇ ਪਤੀ ਨੂੰ ਸਵੇਰੇ ਆ ਕੇ ਅਗਲੇ ਸਕੂਲ 'ਚ ਹਾਜ਼ਰ ਹੋਣ ਲਈ ਲਿਜਾਣ ਬਾਰੇ ਕਹਿ ਦਿੱਤਾ। ਉਨ੍ਹਾਂ ਦੀ ਹਾਂ ਹੋ ਗਈ, ਪਰ ਜਦੋਂ ਪਤੀ ਦੇਵ ਨੇ ਆਪਣੀ ਮਾਂ ਨੂੰ ਸਵੇਰੇ ਜਾਣ ਬਾਰੇ ਦੱਸਿਆ ਤਾਂ ਕੰਜੂਸ ਮਾਂ ਨੇ ਪੁੱਤ ਤੋਂ ਕਹਾ ਦਿੱਤਾ, 'ਤੇਰੇ ਡੈਡੀ ਹੋਰੀਂ ਹੀ ਨਾਲ ਆ ਜਾਣ..'। ਇਹ ਸ਼ਬਦ ਸੁਣਦਿਆਂ ਹੀ ਲੜਕੀ ਨੇ ਫੋਨ ਕੱਟ ਦਿੱਤਾ। ਇਥੇ ਉਸ ਲੜਕੀ ਦੇ ਮਨ ਤੇ ਕੀ ਬੀਤੀ, ਇਹ ਆਪ ਹੀ ਸੋਚ ਲਓ।ਇਥੋਂ ਹੀ ਮਨਾਂ 'ਚ ਖਟਾਸ ਪੈਦਾ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸ ਲਈ ਜ਼ਿੰਮੇਵਾਰੀ ਤੁਸੀਂ ਤਹਿ ਕਰਨੀ ਹੈ।



ਇੱਕ ਹੋਰ ਜਾਣਕਾਰ ਨੇ ਛੋਟੀ ਉਮਰੇ ਆਪਣੇ ਬੇਟੇ ਨੂੰ ਸਰਕਾਰੀ ਨੌਕਰੀ ਮਿਲਣ ਕਾਰਨ ਜਲਦੀ ਨਾਲ ਕਈ ਸਾਲ ਵੱਡੀ ਉਮਰ ਦੀ ਸਰਕਾਰੀ ਮੁਲਾਜ਼ਮ ਲੜਕੀ ਨਾਲ ਲੋਕਲ ਵਿਆਹ ਕਰ ਦਿੱਤਾ। ਲੜਕੇ ਦੇ ਪਿਤਾ ਨੇ ਨਾਲ ਦਾ ਪਲਾਟ ਖਰੀਦਣ ਲਈ ਬੈਂਕ ਲੋਨ ਲੈਕੇ ਪੈਸੇ ਮੋੜਨ ਲਈ ਮਨਾ ਲਿਆ ਤਾਂ ਕਿ ਉਨ੍ਹਾਂ ਦੀ ਪ੍ਰਾਪਰਟੀ ਬਣ ਜਾਵੇਗੀ ਅਤੇ ਭਵਿੱਖ 'ਚ ਵੱਖਰਾ ਮਕਾਨ ਵੀ ਆਸਾਨੀ ਨਾਲ ਬਣਾ ਲੈਣਗੇ। ਦੋ ਮੁਲਾਜ਼ਮਾਂ ਲਈ ਇਹ ਕੋਈ ਔਖਾ ਕੰਮ ਨਹੀਂ ਸੀ ।ਲੜਕੇ ਨੇ ਪਤਨੀ ਨਾਲ ਗੱਲ ਕੀਤੀ ਤਾਂ ਡਿਊਟੀ ਤੋਂ ਵਾਪਸੀ ਸਮੇਂ ਆਪਣੇ ਮਾਂ-ਬਾਪ ਦੇ ਘਰੇ ਚਲੀ ਗਈ, ਮਾਂ-ਬਾਪ ਨੇ ਗਲਤ ਸੋਚ ਕਿ ਤੁਸੀਂ ਤਾਂ ਕਰਜ਼ਾਈ ਬਣ ਜਾਉਗੇ ਅਤੇ ਬੇਟੀ ਨੂੰ ਹੋਰ ਉਕਸ਼ਾ ਦਿੱਤਾ ਅਤੇ ਉਹ ਰੋਸ ਵਜੋਂ ਘਰ ਹੀ ਨਾ ਆਈ ।ਕਈ ਦਿਨ ਕਲੇਸ਼ ਰਹਿਣ ਕਰਕੇ ਆਖਿਰ ਫੈਸਲਾ ਬਦਲਣ ਨਾਲ ਮਸਲਾ ਹੱਲ ਹੋਇਆ। ਇਥੇ ਲੜਕੀ ਦੀ ਗਲਤ ਫਹਿਮੀ ਕਾਰਨ ਅਚਾਨਕ ਘਰ ਦਾ ਮਾਹੌਲ ਖਰਾਬ ਹੋ ਗਿਆ ਸੀ । ਬਾਅਦ 'ਚ ਫਿਰ ਆਪਣੇ ਆਪ ਦੋਵਾਂ ਨੇ ਭਾਵੇਂ ਨਵਾਂ ਮਕਾਨ ਵੀ ਖਰੀਦ ਲਿਆ। ਧੀਆਂ ਨੂੰ ਵੀ ਸਹੁਰੇ ਘਰ ਜਾ ਕੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਐਵੇਂ ਹੀ ਜਲਦਬਾਜ਼ੀ 'ਚ ਦਰਕਿਨਾਰ ਨਹੀਂ ਕਰ ਦੇਣਾ ਚਾਹੀਦਾ। ਇਸ ਲਈ ਲੜਕੀਆਂ, ਮਾਵਾਂ ਅਤੇ ਸੱਸਾਂ ਨੂੰ ਪਹਿਲੇ ਪਹਿਲੇ ਹਰ ਕਦਮ ਸੋਚ ਸਮਝ ਕੇ ਚੁੱਕਣਾ ਚਾਹੀਦਾ ਹੈ ਕਿ ਰਿਸਤਿਆਂ 'ਚ ਤਰੇੜਾਂ ਨਹੀਂ ਸਗੋਂ ਪਿਆਰ ਵਾਲੀ ਮਿਠਾਸ ਪੈਦਾ ਹੋਵੇ ਜਿਸ ਨਾਲ ਘਰ ਦਾ ਮਾਹੌਲ ਸੁਖਾਵਾਂ ਬਣਿਆ ਰਹੇ। ਕੋਈ ਵੀ ਮਾਂ-ਬਾਪ ਆਪਣੇ ਬੱਚਿਆਂ ਦੀ ਵਿਆਹੁਤਾ ਜ਼ਿੰਦਗੀ 'ਚ ਤ੍ਰੇੜਾਂ ਪਾਉਣਾ ਨਹੀਂ ਚਾਹੁੰਦਾ ਹੁੰਦਾ ਪਰ ਕਈ ਵਾਰੀ ਨਿੱਕੀ ਜਿਹੀ ਗੱਲ ਤੋਂ ਇਹ ਵੱਧ ਕੇ ਕਲੇਸ਼ ਦਾ ਰੂਪ ਧਾਰਨ ਕਰ ਲੈਂਦਾ ਹੈ ਜਿਸ ਨੂੰ ਦੋਵੇਂ ਪਾਸੇ ਦੇ ਮਾਪਿਆਂ ਨੂੰ ਬੜੀ ਸਮਝਦਾਰੀ ਤੋਂ ਪਹਿਲਾਂ ਹੀ ਕੰਮ ਲੈਣਾ ਚਾਹੀਦਾ ਹੈ। ਹਊਮੇ ਦੋਹਾਂ ਪਰਿਵਾਰਾਂ ਲਈ ਬੜੀ ਅਹਿਮ ਹੈ , ਇਸ ਦੇ ਤਿਆਗ ਦੀ ਭਾਵਨਾ ਚੰਗੇ ਭਵਿੱਖ ਦੀ ਅੱਜਕਲ੍ਹ ਤਾਂ ਬਹੁਤੇ ਪਰਿਵਾਰ ਵੀ ਇੱਕ ਜਾਂ ਦੋ ਬੱਚਿਆਂ ਵਾਲੇ ਹੀ ਹਨ।

ਕਈ ਪਰਿਵਾਰਾਂ 'ਚ ਧੀਆਂ ਹੀ ਨਹੀਂ ਹਨ, ਉਨ੍ਹਾਂ ਨੂੰ ਧੀਆਂ ਦੀਆਂ ਭਾਵਨਾਵਾਂ ਦੀ ਸਮਝ ਜਰੂਰ ਹੋਣੀ ਚਾਹੀਦੀ ਹੈ। ਇਸ ਲਈ ਮਾਂ-ਬਾਪ ਨੂੰ ਵਿਆਹ ਤੋਂ ਪਹਿਲਾਂ ਹੀ ਆਉਣ ਵਾਲੀਆਂ ਚੁਣੌਤੀਆਂ ਲਈ ਜਾਣੂ ਹੋਣਾ ਚਾਹੀਦਾ ਤਾਂ ਕਿ ਆਪਣੇ ਬੱਚਿਆਂ ਦੀ ਜ਼ਿੰਦਗੀ ਨੂੰ ਖੁਸ਼ਗਵਾਰ ਬਣਾ ਸਕੀਏ।

# "ਯੂਪੀ ਮੇਂ ਕਾ ਬਾ" ਗੀਤ ਰਾਹੀਂ ਤਹਿਲਕਾ ਮਚਾਉਣ ਵਾਲੀ ਦਲੇਰ ਕੁੜੀ "ਨੇਹਾ ਸਿੰਘ ਰਾਠੌਰ"



ਦਵਿੰਦਰ ਹੀਉਂ (ਬੰਗਾ)
0039 3203459870

ਦੇਸ਼ ਦੇ ਸਭ ਤੋਂ ਵੱਡੇ ਅਤੇ ਰਾਜ ਕਰਦੀ ਪਾਰਟੀ ਭਾਰਤੀ ਜਨਤਾ ਪਾਰਟੀ ਲਈ ਸਭ ਤੋਂ ਅਹਿਮ ਸੂਬੇ ਉੱਤਰ ਪ੍ਰਦੇਸ਼ (ਯੂ ਪੀ) ਅਤੇ ਚਾਰ ਹੋਰ ਪੰਜਾਬ, ਉੱਤਰਾਖੰਡ, ਮਣੀਪੁਰ ਅਤੇ ਗੋਆ ਵਿਚ ਇਸ ਵਕਤ ਚੋਣਾਂ ਦਾ ਵਿਗ਼ਲ ਵੱਜ ਚੁੱਕਾ ਹੈ। ਜਿਨ੍ਹਾਂ 690 ਸੀਟਾਂ ਤੇ ਚੋਣਾਂ ਹੋ ਰਹੀਆਂ ਹਨ ਉਨ੍ਹਾਂ ਵਿਚ ਸਭ ਤੋਂ ਵੱਧ ਯੂਪੀ ਵਿੱਚ ਵਿਧਾਨ ਸਭਾ ਦੀਆਂ 403 ਸੀਟਾਂ, ਪੰਜਾਬ "ਚ 117,ਉੱਤਰਾਖੰਡ" ਚ 70, ਮਣੀਪੁਰ "ਚ 60 ਅਤੇ ਗੋਆ ਦੀਆਂ 40 ਸੀਟਾਂ ਤੇ ਚੋਣ ਦੰਗਲ ਭਖਿਆ ਹੋਇਆ ਹੈ ਭਾਵੇਂ ਕਿ ਕਰੋਨਾ ਮਹਾਂਮਾਰੀ ਕਾਰਨ ਚੋਣ ਕਮਿਸ਼ਨ ਵਲੋਂ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਗਈਆਂ ਹੋਣ ਕਰਕੇ ਸਿਆਸੀ ਪਾਰਟੀਆਂ ਦੇ ਆਗੂਆਂ ਦੇ ਭਾਸ਼ਣਾਂ ਨਾਲ ਪੇਟ ਫੁੱਲਦੇ ਜਾ ਰਹੇ ਅਤੇ ਕੀ ਹੋਵੇਗਾ? ਸੋਚ-ਸੋਚ ਕੇ ਸਾਹ ਸੁੱਕਦੇ ਜਾ ਰਹੇ ਹਨ। ਗੱਲ ਯੂਪੀ ਦੀ ਕਰੀਏ ਤਾਂ ਉੱਥੇ ਪਿਛਲੇ ਪੰਜ ਸਾਲਾਂ ਤੋਂ ਯੋਗੀ ਅਦਿਤਿਆ ਨੰਦ (ਮੁੱਖ ਮੰਤਰੀ) ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੱਤਾ ਦਾ ਆਨੰਦ ਮਾਣ ਰਹੀ ਹੈ। ਪਰ ਇਨ੍ਹਾਂ ਪੰਜਾਂ ਸਾਲਾਂ ਦੌਰਾਨ ਜੋ ਘਾਣ ਲੋਕਤੰਤਰ ਅਤੇ ਆਮ ਲੋਕਾਂ ਦਾ ਯੂਪੀ ਵਿੱਚ ਦੇਖਣ ਨੂੰ ਮਿਲਿਆ ਉਸ ਨੇ ਭਾਜਪਾ ਦੇ "ਰਾਮਰਾਜ" ਦਾ ਦੁਨੀਆਂ ਭਰ ਵਿੱਚ ਜਲੂਸ ਕੱਢ ਕੇ ਰੱਖ ਦਿੱਤਾ ਹੈ। ਹੁਣ ਮੁੜ ਯੂਪੀ ਜਿੱਤਣ ਵਾਸਤੇ ਪ੍ਰਧਾਨ ਮੰਤਰੀ ਮੋਦੀ ਸਮੇਤ ਪੂਰੀ ਭਾਜਪਾ ਤੇ ਆਰ ਐਸ ਐਸ ਆਗੂਆਂ ਦੇ ਦਿਨ ਦਾ ਚੈਨ ਤੇ ਰਾਤਾਂ ਦੀ ਨੀਂਦ ਹਰਾਮ ਹੋਈ ਪਈ ਹੈ। ਕਿਉਂਕਿ ਇਕ ਪ੍ਰਚਲਿਤ ਕਹਾਵਤ "ਦੇਸ਼ ਅੰਦਰ ਪ੍ਰਧਾਨ ਮੰਤਰੀ ਦੀ ਕੁਰਸੀ ਦਾ ਰਸਤਾ ਯੂਪੀ ਰਾਹੀਂ ਹੋ ਕੇ ਹੀ ਜਾਂਦਾ ਹੈ" ਨੇ ਵੀ ਪ੍ਰੇਸ਼ਾਨ ਕੀਤਾ ਹੋਇਆ ਹੈ। ਸੋ ਯੂਪੀ ਜਿੱਤਣ ਵਾਸਤੇ ਹਰ ਤਰ੍ਹਾਂ ਦੇ ਦਾਅ-ਪੇਚ ਵਰਤੇ ਜਾ ਰਹੇ ਹਨ ਇੱਥੋਂ ਤੱਕ ਲੋਕਾਂ ਨੂੰ ਭਰਮਾਉਣ ਲਈ ਲੱਖਾਂ ਰੁਪਏ ਖਰਚ ਕਰਕੇ ਭਾਜਪਾ ਸੰਸਦ ਭੋਜਪੁਰੀ ਗਾਇਕ ਰਵੀ ਕਿਸ਼ਨ ਤੋਂ ਯੋਗੀ ਸਰਕਾਰ ਦੇ ਝੂਠੇ ਵਿਕਾਸ ਦੇ ਝੂਠੇ ਗੁਣਗਾਨ ਕਰਨ ਲਈ" ਯੂਪੀ ਮੇਂ ਸਭ ਬਾ" ਵਰਗੇ ਗੀਤ ਰਿਕਾਰਡ ਕਰਵਾਏ ਗਏ ਹਨ। ਉੱਥੇ ਹੀ ਯੋਗੀ ਬਾਬਾ ਦੀ ਸਰਕਾਰ ਦੇ ਇੰਨ੍ਹਾਂ ਝੂਠੇ ਵਾਅਦੇ ਅਤੇ ਯੁਮਲਿਆਂ ਨੂੰ ਨੰਗਾ ਕਰਦੇ ਹੋਏ ਇਕ ਸਧਾਰਨ ਪ੍ਰੀਵਾਰ ਦੀ ਬੇਹੱਦ ਦਲੇਰ ਅਤੇ ਕਾਨਪੁਰ ਯੂਨੀਵਰਸਿਟੀ ਤੋਂ



ਗ੍ਰੈਜੁਏਸ਼ਨ,ਬਿਹਾਰ ਦੀ ਜੰਮਪਲ 25 ਸਾਲਾਂ ਮੁਟਿਆਰ, ਇਕ ਇਨਕਲਾਬੀ ਵਿਚਾਰਾਂ ਨੂੰ ਸਮਰਪਿਤ ਭੋਜਪੁਰੀ ਕਵਿਤ੍ਰੀ, ਲੇਖਿਕਾ ਅਤੇ ਗਾਇਕਾ "ਨੇਹਾ ਸਿੰਘ ਰਾਠੌਰ" ਨੇ "ਯੂਪੀ ਮੇਂ ਕਾ ਬਾ" ਗੀਤ ਲਿਖ ਅਤੇ ਗਾ ਕੇ ਜਦੋਂ ਸੋਸ਼ਲ ਮੀਡੀਆ ਤੇ ਪਾਇਆ ਜਿਸ ਨੂੰ ਬਹੁਤ ਥੋੜ੍ਹੇ ਸਮੇਂ ਵਿੱਚ ਹੀ ਲੋਕਾਂ ਦਾ ਐਨਾ ਵੱਡਾ ਹੁੰਗਾਰਾ ਮਿਲਿਆ ਕਿ ਇਕਦਮ ਭੂਚਾਲ ਜਿਹਾ ਆ ਗਿਆ ਜਿਸ ਨਾਲ ਭਾਜਪਾ ਦੀ ਕੇਂਦਰ ਅਤੇ ਯੂਪੀ ਸਰਕਾਰ ਦੀਆਂ ਚੂਲ਼ਾਂ ਹਿੱਲਣ ਲੱਗ ਗਈਆਂ ਜਿਸ ਤੋਂ ਪ੍ਰੇਸ਼ਾਨ ਹੋ ਕੇ ਨੀਂਦ ਚੋਂ ਉੱਠੇ ਅੰਧ-ਭਗਤਾਂ ਤੇ ਭਾਜਪਾ ਦੇ ਆਈ ਟੀ ਸੈੱਲ ਵਾਲਿਆਂ ਨੇ ਮੋਰਚਾ ਸੰਭਾਲਦਿਆਂ (ਬੇਟੀ ਭੜਾਓ ਬੇਟੀ ਬਚਾਓ ਅਭਿਆਨ ਤਹਿਤ) ਇਸ ਭਾਰਤੀ ਬੇਟੀ "ਨੇਹਾ ਸਿੰਘ ਰਾਠੌਰ" ਵੱਲ ਗਾਲ੍ਹਾਂ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਬਾਣ ਦਾਗਣੇ ਸ਼ੁਰੂ ਕਰ ਦਿੱਤੇ ਅਤੇ ਨਾਲ ਹੀ ਇਸ ਨੂੰ ਵਿਰੋਧੀ ਪਾਰਟੀਆਂ ਦੀ ਏਜੰਟ, ਬਾਮ-ਪੰਥਣ ਅਤੇ ਦੇਸ਼ - ਧ੍ਰੋਹੀ ਆਦਿ ਦੇ ਸਰਟੀਫਿਕੇਟ ਵੀ ਜਾਰੀ ਕੀਤੇ ਗਏ। ਪਰ ਇਸ ਭਰਭੂਰ ਹਿੰਮਤ ਵਾਲੀ ਕੁੜੀ ਨੇ ਬਹੁਤ ਠਰੰਮੇ ਨਾਲ ਜਬਾਬ ਦਿੰਦੇ ਹੋਏ ਕਿਹਾ ਕਿ ਜੇ ਮੈਂ ਤੁਹਾਡੇ ਕਹਿਣ ਅਨੁਸਾਰ ਸਰਕਾਰ ਵਿਰੋਧੀ ਹਾਂ ਤਾਂ ਦੇਸ਼ ਦੇ ਹਰੇਕ ਨਾਗਰਿਕ ਨੂੰ ਆਪਣੇ ਦੁਆਰਾ ਵੋਟਾਂ ਪਾ ਕੇ ਬਣਾਈ ਹੋਈ ਸਰਕਾਰ ਅੱਗੇ ਸਵਾਲ ਖੜ੍ਹੇ ਕਰਦਿਆਂ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਤਾਂ ਹੀ ਭਵਿੱਖ ਵਿੱਚ ਦੇਸ਼ ਦਾ ਭਲਾ ਹੋ ਸਕਦਾ ਹੈ। ਨੇਹਾ ਨੇ ਕਿਹਾ ਕਿ ਮੈ ਵੀ ਹੁਣ ਦੇਸ਼




ਦੇ ਲੱਖਾਂ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ , ਕਵੀਆਂ ਅਤੇ ਕਲਾਕਾਰਾਂ ਵਾਗੂੰ ਹੀ ਇਨ੍ਹਾਂ ਮਹਾਂਮੂਰਖਾ ਦੀਆਂ ਗਾਲ੍ਹਾਂ ਅਤੇ ਧਮਕੀਆਂ ਸੁਨਣ ਦੀ ਆਦੀ ਹੋ ਗਈ ਹਾਂ ਅਜਿਹਾ ਗਲਤ ਵਰਤਾਰਾ ਮੈਨੂੰ ਸੱਚ ਦੇ ਮਾਰਗ ਤੇ ਚੱਲਣ ਤੋਂ ਕਦੇ ਨਹੀਂ ਰੋਕ ਸਕਦਾ ਸਗੋਂ ਮੈਂ ਹੋਰ ਵੀ ਮਜਬੂਤੀ ਨਾਲ ਅੱਗੇ ਵਧਦੀ ਰਹਾਂਗੀ ਅਤੇ ਹੁਣ ਹੋਰ ਵੀ ਹਿੰਮਤ ਦਿਖਾਉਂਦਿਆਂ ਨੇਹਾ ਨੇ "ਯੂਪੀ ਮੇਂ ਕਾ ਬਾ - 2" ਰਾਹੀਂ ਇਸ ਭੈੜੀ ਤੇ ਨਿਕੰਮੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਨੂੰ ਜੱਗ ਜਾਹਰ ਕਰਦੇ ਹੋਏ ਕਿਸਾਨ ਗੰਨਾ ਰੋਲਣ, ਭਾਜਪਾ ਅੰਦਰ ਬਲਾਤਕਾਰੀਆਂ ਤੇ ਅਗਵਾਕਾਰਾਂ, ਅਪਰਾਧੀਆਂ ਨੂੰ ਆਗੂ ਬਣਾਉਣ ਅਤੇ ਇਹ ਵੀ ਕਿਹਾ ਜਨਤਾ ਵੋਟਾਂ ਤੁਹਾਨੂੰ ਪਾਵੇ ਤਾਂ ਸਵਾਲ ਕਿਸ ਨੂੰ ਪੁੱਛੇ ? ਨੇਹਾ ਕਿਹਾ ਜਲਦੀ ਹੀ ਉਹ "ਯੂਪੀ ਮੇਂ ਕਾ ਬਾ - 3 ਵੀ ਲੈ ਆਵੇਗੀ ।

ਜਿਕਰਯੋਗ ਹੈ ਕਿ ਨੇਹਾ ਨੇ ਪਹਿਲਾਂ ਵੀ ਮੋਦੀ ਦੇ ਅੱਛੇ ਦਿਨਾਂ ਵਾਰੇ, ਕਰੋਨਾ ਮਹਾਂਮਾਰੀ, ਬੇਰੁਜ਼ਗਾਰੀ, ਮਹਿੰਗਾਈ ਅਤੇ ਹੋਰ ਅਨੇਕਾਂ ਲੋਕ ਮਸਲਿਆਂ ਬਾਰੇ ਬਹੁਤ ਸਾਰੇ ਗੀਤ, ਕਵਿਤਾਵਾਂ ਲਿਖੇ ਅਤੇ ਗਾਏ ਹਨ ਪਰ ਸਭ ਤੋਂ ਵੱਧ ਪ੍ਰਸਿੱਧੀ ਹਾਸਲ ਕਰਨ ਵਾਲੇ ਇਸ ਡੇਢ ਕੁ ਮਿੰਟ ਦੇ ਗਾਣੇ ਨੇ ਜੋ ਕਮਾਲ ਕਰ ਦਿਖਾਇਆ ਹੈ ਉਹ ਕਾਬਲ-ਏ -ਤਾਰੀਫ਼" ਬਣਿਆ ਹੋਇਆ ਹੈ। ਇਸ ਭੋਜਪੁਰੀ ਗਾਣੇ ਦੇ ਬੋਲ ਕੁੱਝ ਇਸ ਤਰ੍ਹਾਂ ਹਨ - ਬਾਬਾ ਕੇ ਦਰਬਾਰ ਬਾ, ਖ਼ਤਮ ਬੇਰੁਜ਼ਗਾਰ ਬਾ, ਹਾਥਰਸ ਕੇ ਨਿਰਣੇ ਆਹਤ ਲੜਕੀ ਕਾ ਪ੍ਰੀਵਾਰ ਬਾ, ਅਰੇ ਯੂਪੀ ਮੇਂ ਕਾ ਬਾ। ਕਰੋਨਾ ਸੇ ਲਾਖਨ ਮਰ ਗਈ ਲੇ , ਲਾਸ਼ਨ ਸੇ ਗੰਗਾ ਭਰ ਗਈ ਲੇ , ਟਿਕਤੀ ਹੈ ਕੱਫਨ ਸੇ ਨੋਚਤ ਟੁੱਕਤ ਬੀਲਾਰ ਬਾ - ਅਰੇ ਕਾ ਬਾ ਯੂਪੀ ਮੇਂ ਕਾ ਬਾ। ਮੰਤਰੀ ਕੇ ਬਿੱਟਬਾ ਬੜੀ ਰੰਗਤਦਾਰ ਬਾ, ਕਿਸਾਨਨ ਕੇ ਛਾਤੀ ਪੇ ਰੌਂਦਤ ਮੋਟਰਕਾਰ ਬਾ, ਐ ਚੌਕੀਦਾਰ ਬੋਲੇ ਕੋ ਜਿੰਮੇਦਾਰ ਬਾ, ਕਾ ਬਾ ਯੂਪੀ ਮੇਂ ਕਾ ਬਾ। ਰਾਮਰਾਜ ਕੇ ਝਾਕੀ ਬਾ, ਕਾਂਸੀ -ਮਥੁਰਾ ਬਾਕੀ ਬਾ, ਗੋਰਖਪੁਰ ਕੇ ਖੂਨ ਸੇ ਰੰਗਲ ਗੋਤਲਪੁਰਾ ਖਾਕੀ ਬਾ, ਕਾ ਬਾ ਯੂਪੀ ਮੇਂ ਕਾ ਬਾ। ਜੈ ਸ੍ਰੀ ਰਾਮ ਕੇ ਜਾਪ ਬਾ, ਔਰ ਸਗਰੋ ਬੈਠਡ ਖਾਪ ਬਾ, ਮੰਦਿਰ -ਮਸਜਿਦ ਮੰਦਿਰ -ਮਸਜਿਦ ਮੇਂ ਠਾਨਿਲ ਗਿੱਲਗਾਰ ਬਾ, ਅਰੇ ਕਾ ਬਾ ਯੂਪੀ ਮੇਂ ਕਾ ਬਾ।

ਜਿੰਦਗੀ ਝੰਡਬਾ ਫਿਰ ਵੀ ਘਮੰਢਬਾ । ਜਿੱਥੇ ਇਹ ਗੀਤ ਸੁਣ ਕੇ ਭਗਵਾਂਧਾਰੀਆਂ ਦੇ ਮਿਰਚਾਂ ਵਾਲਾ ਸਾੜ ਪਿਆ ਹੋਇਆ ਹੈ ਉੱਥੇ ਯੂਪੀ ਦੇ ਸਾਬਕਾ ਮੁੱਖ ਮੰਤਰੀ ਸਪਾ ਆਗੂ ਅਖਿਲੇਸ਼ ਯਾਦਵ ਨੇ ਆਪਣੇ ਮੁੱਖ ਦਫਤਰ ਅੰਦਰ ਵੱਡੇ ਟੈਲੀਵਿਜ਼ਨ ਸਕ੍ਰੀਨ ਤੇ ਉਕਤ ਗੀਤ ਵਾਰ-ਵਾਰ ਚਲਾ ਕੇ ਆਪਣੇ ਵਰਕਰਾਂ ਸਮੇਤ ਖੁਸ਼ੀ ਦਾ ਅਨੰਦ ਮਾਣਿਆ ਅਤੇ ਨੇਹਾ ਸਿੰਘ ਰਾਠੌਰ ਦੀ ਭਰਪੂਰ ਸ਼ਲਾਘਾ ਕੀਤੀ।

ਅੱਜ ਸਮੁੱਚੇ ਨਿਰਪੱਖ, ਦੇਸ਼ ਭਗਤ ਅਗਾਂਹਵਧੂ ਸਮਾਜ ਨੂੰ ਇਸ ਦਲੇਰ ਕੁੜੀ ਦੇ ਹੱਕ ਵਿੱਚ ਖੜਦੇ ਹੋਏ ਇਸ ਦੀ ਹੌਸਲਾ-ਹਫਜਾਈ ਕਰਨੀ ਚਾਹੀਦੀ ਹੈ ਤਾਂ ਜੋ ਇਸ ਦੇ ਦਲੇਰਾਨਾ ਕਦਮ ਤੋਂ ਪ੍ਰੇਰਿਤ ਹੋ ਕੇ ਸਾਡੇ ਦੇਸ਼ ਦੇ ਹੋਰ ਵੀ ਹੋਣਹਾਰ ਗੱਭਰੂ ਤੇ ਮੁਟਿਆਰਾਂ ਜਬਰ ਜੁਲਮ ਦੇ ਖਿਲਾਫ ਲੋਕਾਂ ਹੱਕਾਂ-ਹਿੱਤਾਂ ਦੀ ਰਖਵਾਲੀ ਵਾਸਤੇ ਖੁੱਲ੍ਹ ਕੇ ਸਾਹਮਣੇ ਆਉਣ ਦੀ ਹਿੰਮਤ ਕਰਨ। ਤਾਂ ਹੀ ਸਾਡੇ ਦੇਸ਼ ਦਾ ਭਵਿੱਖ ਸੁਰੱਖਿਅਤ ਅਤੇ ਰੌਸ਼ਨ ਬਣਾਇਆ ਜਾ ਸਕਦਾ ਹੈ।

ੴ ਸਤਿਗੁਰ ਪ੍ਰਸਾਦਿ । ੴ ਸਤਿਗੁਰ ਪ੍ਰਸਾਦਿ

ਕਬੀਰਾ ਜਬ ਹਮ ਆਏ ਜਗਤ ਮੇਂ, ਜਗ ਹਸਾ ਹਮ ਰੋਏ,
ਐਸੀ ਕਰਨੀ ਕਰ ਚਲੇ, ਹਮ ਹਸੇ ਜਗ ਰੋਏ ॥





# ਸਰਦਾਰਨੀ ਸੁਰਿੰਦਰ ਕੌਰ ਜੀ

## (ਪਤਨੀ ਸਵ. ਸ. ਮੁਖਤਿਆਰ ਸਿੰਘ ਤੱਖਰ)

ਮਿਤੀ 23-1-2022, ਦਿਨ ਐਤਵਾਰ ਨੂੰ ਸਾਨੂੰ ਅਚਾਨਕ ਸਦੀਵੀਂ ਵਿਛੋੜਾ ਦੇ ਕੇ ਅਕਾਲ ਪੁਰਖ ਜੀ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ।

ਪੰਜਾਬੀ ਭਾਈਚਾਰੇ ਦੀ ਨਾਮਵਰ ਸ਼ਖਸੀਅਤ ਸ. ਜਸਵੀਰ ਸਿੰਘ ਤੱਖਰ (AAA ਆਟੋ ਐਂਡ ਬਾਡੀ ਵਰਕਸ) ਦੇ ਸਤਿਕਾਰਯੋਗ ਮਾਤਾ ਸਰਦਾਰਨੀ ਸੁਰਿੰਦਰ ਕੌਰ ਤੱਖਰ ਜੀ ਦੇ ਅਚਾਨਕ ਸਦੀਵੀ ਵਿਛੋੜੇ 'ਤੇ ਸਤਿਕਾਰਯੋਗ ਮਾਤਾ ਸੁਰਿੰਦਰ ਕੌਰ ਜੀ ਨੂੰ ਨਿੱਘੀ ਸ਼ਰਧਾਂਜਲੀ ਭੇਂਟ ਕਰਦਿਆਂ ਅਦਾਰਾ "ਦੇਸ਼ ਦੁਆਬਾ" ਸਮੂਹ ਤੱਖਰ ਪਰਿਵਾਰ ਨਾਲ ਇਸ ਦੁੱਖ ਦੀ ਘੜੀ ਵਿਚ ਨਾਲ ਹੈ। ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ਅਤੇ ਮਗਰ ਸਮੂਹ ਪਰਿਵਾਰ ਨੂੰ ਵਾਹਿਗੁਰੂ ਭਾਣਾ ਮੰਨਣ ਦਾ ਬਲ ਬਖਸ਼ੇ।

## ਨਵੇਂ ਸੁਪਨੇ

ਸਫ਼ਰ ਜੰਮਦਾ ਹੈ
ਨਵੇਂ ਦ੍ਰਿਸ਼ ਤੇ ਨਵੀਂ ਕਲਪਨਾ
ਨਵਾਂ ਸੁੱਖ ਤੇ ਨਵੀਂ ਮੁਸਕਾਨ
ਜੋ ਭੁਲਾ ਦਿੰਦੇ ਨੇ
ਟੁੱਟੇ ਫੁੱਟੇ ਬਿਰਤਾਂਤ ਤੇ
ਪੈਂਦੇ ਹੁੰਦੇ ਨੇ ਨਵੇਂ ਸੁਪਨੇ
ਖੁੱਲੀਆਂ ਅੱਖਾਂ ਦੇ ਸੁਪਨੇ ।

ਰਾਤ ਦੇ ਸੁਪਨੇ ਤੇ
ਦਿਨ ਦੇ ਸੁਪਨੇ
ਕਿਤੇ ਨਾਂ ਕਿਤੇ
ਇਕ ਦੂਜੇ ਨੂੰ
ਟੋਚਣ ਪਾਈ
ਤੁਰੇ ਜਾਂਦੇ ।
ਜਿਹੜੀ ਕਲਪਨਾ
ਦਿਨੇ ਉਪਜਦੀ
ਰਾਤ ਦੇ ਸੁਪਨਿਆਂ ਵਿੱਚ
ਬੁਣੀ ਜਾਂਦੀ ਹੈ
ਤੇ ਟੁੱਟੇ ਸੁਪਨੇ ਜੁੜ
ਇਕ ਵਕਤ
ਨਵਾਂ ਸਾਹ ਤੇ
ਨਵਾਂ ਰਾਹ
ਸਿਰਜ ਜਾਂਦੇ ।

ਉਗ ਜਾਂਦੇ
ਖਿਲਰੇ ਬੀਜ ਤੇ
ਵਾਪਿਸ ਪਰਤਦੀ
ਉਜੜੀ ਚਾਹਤ
ਖੁਲੀਆਂ ਅੱਖਾਂ ਨਾਲ
ਰਾਹ ਤੁਰੇ ਜਾਣ ਤੇ
ਨਵੇਂ ਸੁਪਨੇ ਵੇਖਣ ਦੀ।

## ਵਿਚਾਰਧਾਰਾ

ਨਾ ਪੁੱਛ ਉਹਨੂੰ
ਵਿਚਾਰਧਾਰਾ
ਡਰਦਾ ਏ
ਇਹਦੇ ਡੁੱਬਣ ਤੋਂ
ਜਦ ਦੇਖਦਾ ਹੈ
ਦਿਨ ਤੇ ਰਾਤ ਨੂੰ
ਬਦਲਦੇ ਰੰਗ
ਚਿੱਟਿਆਂ ਤੋਂ ਨੀਲੇ
ਨੀਲਿਆਂ ਤੋਂ ਭਗਵੇਂ
ਭਗਵਿਆਂ ਤੋਂ ਹਰੇ
ਹਰਿਆਂ ਤੋਂ ਲਾਲ
ਲਾਲ ਤੋਂ ਸਤਰੰਗੀ
ਸਤਰੰਗੀ ਤੋਂ ਬਹੁਰੰਗੀ

ਉਹਨੂੰ ਲਗਦਾ
ਵਿਚਾਰਧਾਰਾ ਤੇ
ਸੋਚ ਦਾ ਸੰਬੰਧ ਨਹੀਂ
ਜਿਹੜੀ
ਸੂਰਜ ਦੀ ਧੁੱਪ ਨਾਲ
ਪਿਘਲ ਜਾਂਦੀ ਤੇ
ਤ੍ਰਿਕਾਲਾਂ ਦੇ ਰੰਗਾਂ ਵਿੱਚ
ਰੰਗ ਹੋ ਕੇ
ਰਾਤੋ ਰਾਤ ਜੰਮ ਕੇ
ਬਰਫ਼ ਬਣ ਜਾਂਦੀ
ਤੇ ਸਵੇਰੇ ਬਜ਼ਾਰ ਵਿਚ
ਮੁੱਲ ਪੁਆ
ਹੱਥੋਂ ਹੱਥ ਵਿਕ ਜਾਂਦੀ

ਸਿਆਣੇ ਕਹਿੰਦੇ ਸੀ
ਸੋਚ ਮਿਆਰੀ ਤੇ
ਵਿਚਾਰ ਪਰਿਪੱਕ ਨੇ
ਇਹ ਖਿਸਕਦੇ ਨਹੀਂ
ਜੰਮ ਜਾਂਦੇ ਨੇ
ਹੁਣ ਪਤਾ ਲਗਿਆ
ਇਹ ਜੰਮ ਕੇ ਵੀ
ਵਿਕਦੇ ਨੇ
ਨਾ ਪੁੱਛ ਉਹਨੂੰ
ਵਿਚਾਰਧਾਰਾ
ਡਰਦਾ ਏ
ਇਹਦੇ ਡੁਬਣ ਤੋਂ।



**ਰਬਿੰਦਰ ਸ਼ਰਮਾ**

## ਜਨਤਾ

ਭੰਡੀ ਪਰਚਾਰ ਤੋਂ ਅੱਕ ਗਈ ਜਨਤਾ,
ਲਾਰਿਆਂ ਤੇ ਇਤਬਾਰ ਨਹੀਂ ਕਰਦੀ।

ਭੁੱਖੇ ਪੇਟ ਨਾ ਭਗਤੀ ਹੁੰਦੀ,
ਗੁਮਰਾਹੀਆਂ ਨੂੰ ਇਹ ਪਿਆਰ ਨਹੀਂ ਕਰਦੀ।

ਨਾ ਪੈਦਲ ਯਾਤਰਾ ਨਾ ਦੇਵੀ ਦਰਸ਼ਨ,
ਟਪਲਿਆਂ ਨੂੰ ਸਵੀਕਾਰ ਨਹੀਂ ਕਰਦੀ।

ਵਿਕਾਸ ਦੇ ਅਮਲਾਂ ਤੋਂ ਕਰੇ ਨਿਬੇੜਾ,
ਨਿਕੰਮਿਆਂ ਦਾ ਉਧਾਰ ਨਹੀਂ ਕਰਦੀ।

ਡੋਬਦੀ ਅੱਧ ਵਿਚਾਲੇ ਕੱਚੇ ਘੜੇ ਵਾਂਗ,
ਬੇਸ਼ੱਕ ਉੱਪਰੋਂ ਇਜ਼ਹਾਰ ਨਹੀਂ ਕਰਦੀ।

ਚੋਣਾ ਦੇ ਦਿਨ ਸਬਕ ਸਿਖਾਉਂਦੀ,
ਸਰਕਾਰ ਬਦਲ ਦਿੰਦੀ ਇੰਤਜ਼ਾਰ ਨਹੀਂ ਕਰਦੀ।



**ਚਰਨਜੀਤ ਸਿੰਘ ਪੰਨੂ**
**ਸੈਨਹੋਜ਼ੇ**
**ਕੈਲੀਫੋਰਨੀਆ**

## ਹਰ ਪਾਸੇ ਸਤਿਕਾਰ

ਹਰ ਪਾਸੇ ਸਤਿਕਾਰ ਭਾਲਦਾ।
ਉਹ ਫੁੱਲਾਂ ਦਾ ਹਾਰ ਭਾਲਦਾ।

ਚੋਣ ਮੁਹੱਲੇ ਵਾਲੀ ਜਿੱਤਕੇ
ਬੱਤੀ ਵਾਲੀ ਕਾਰ ਭਾਲਦਾ।

ਉੱਠਦਾ ਬਹਿੰਦਾ ਹਰ ਵੇਲੇ ਹੀ
ਬਸ ਦੀਦਾਰ ਏ ਯਾਰ ਭਾਲਦਾ।

ਜਨਤਾ ਦੇ ਲਈ ਕੁਝ ਨਹੀਂ ਕੀਤਾ
ਪਰ ਮੁੜ ਤੋਂ ਸਰਕਾਰ ਭਾਲਦਾ।

ਪਿਸਟਲ, ਐਟਮ ਦੇ ਯੁੱਗ ਅੰਦਰ
ਇੱਕ ਯੋਧਾ ਤਲਵਾਰ ਭਾਲਦਾ।

ਤੁਣ ਤੁਣ ਸੁਣਿਆਂ ਵੇਲਾ ਹੋਇਆ
ਦਿਲ ਤੂੰਬੇ ਦੀ ਤਾਰ ਭਾਲਦਾ।


ਬੁੱਲਟ ਪਟਾਕੇ ਪਾਉਣ ਲਈ ਤੇ
ਘੁੰਮਣ ਲਈ ਦਿਲ ਥਾਰ ਭਾਲਦਾ।

ਦਿਲ ਕਮਲੇ ਦੀ ਕੀ ਦੱਸਾਂ ਮੈਂ
ਇਹ ਨੈਣਾਂ ਦੇ ਵਾਰ ਭਾਲਦਾ।

**– ਹਰਦੀਪ ਬਿਰਦੀ**
**9041600900**



## ਉਹ ਧਰਤੀ ਭੁਲਾ ਆਏ



**ਆਜ਼ਾਦ ਜਲੰਧਰੀ**

ਅਸੀਂ ਜੰਮੇ ਪਲੇ ਜਿੱਥੇ ਸੀ ਉਹ ਧਰਤੀ ਭੁਲਾ ਆਏ
ਮੁਹੱਬਤ ਪਿਆਰ ਵਤਨਾਂ ਦਾ ਤੇ ਸਭ ਸਾਂਝਾਂ ਮੁਕਾ ਆਏ
ਬੱਸ ਐਨਾ ਰਹਿ ਗਿਆ ਸਾਡਾ ਵਤਨ ਦੇ ਨਾਲ ਹੁਣ ਰਿਸ਼ਤਾ
ਵਰ੍ਹੀਂ ਸਾਲੀਂ ਕਿਤੇ ਬੱਚਿਆਂ ਨੂੰ ਪਿੰਡ ਆਪਣਾ ਦਿਖਾ ਆਏ
ਮਹੱਲਾਂ ਜਹੇ ਨੇ ਘਰ ਸਾਡੇ ਜੋ ਲੋਕਾਂ ਨੇ ਸਮ੍ਹਾਲੇ ਨੇ
ਘਰਾਂ ਦੇ ਦੁਸ਼ਮਣਾਂ ਨੂੰ ਘਰਾਂ ਦੀ ਰਾਖੀ ਬਿਠਾ ਆਏ
ਜਿਨ੍ਹਾਂ ਵਿਚ ਮਿਹਨਤਾਂ ਕਰਕੇ ਬਜ਼ੁਰਗਾਂ ਪਾਲਿਆ ਸਾਨੂੰ
ਅਸੀਂ ਉਹ ਭੰਗ ਦੇ ਭਾੜੇ ਨਿਸ਼ਾਨੀ ਵੀ ਲੁਟਾ ਆਏ
ਬੱਸ ਐਨੀ ਰਹਿ ਗਈ ਸਾਡੀ ਵਤਨ ਵਿਚ ਹੁਣ ਜ਼ਿਮੀਂਦਾਰੀ
ਕਿਰਾਏ ਲਈ ਰਹਿਣ ਰੱਖੀਆਂ ਜ਼ਮੀਨਾਂ ਹਾਂ ਛੁਡਾ ਆਏ
ਜੇ ਡਾਲਰ ਨੇ ਤਾਂ ਜ਼ਰਬਾਂ ਨੇ ਰੁਪਈਐ ਨੇ ਤਾਂ ਤਕਸੀਮਾਂ
ਕਦੇ ਰੋਕੜ ਵਧਾ ਆਏ ਕਦੇ ਰੋਕੜ ਘਟਾ ਆਏ
ਵਤਨ ਦੇ ਦੋਸਤਾਂ ਨਾਲ ਰਹਿ ਗਈ ਹੁਣ ਦੋਸਤੀ ਐਨੀ
ਕਦੇ ਚਾਹ ਪੀ ਲਈ ਬਹਿ ਕੇ ਯਾ ਦੋ ਫੋਟੋ ਖਿਚਾ ਆਏ
ਖਿਆਲਾਂ ਵਿਚ ਵੀ ਹੁਣ ਸਾਡੇ ਹਨ੍ਹੇਰਾ ਈ ਹਨ੍ਹੇਰਾ ਏ
ਅਸੀਂ ਵਤਨਾਂ ਦੀਆਂ ਯਾਦਾਂ ਦੇ ਸਭ ਦੀਵੇ ਬੁਝਾ ਆਏ
ਕਦੀ ਪਰਤੇ ਵੀ ਜੇ 'ਆਜ਼ਾਦ' ਵਤਨੀਂ ਬਹਿਣਗੇ ਕਿੱਥੇ
ਜੋ ਰੁੱਖ ਮਮਤਾ ਦੀਆਂ ਛਾਵਾਂ ਦੇ ਨੇ ਹੱਥੀਂ ਜਲਾ ਆਏ।

# ਆਨਲਾਈਨ ਮੁਕਾਬਲੇ ਵਿੱਚ ਇਸ਼ਾਨ ਚਮਕਿਆ



**ਭਵਾਨੀਗੜ (ਚਮਨਦੀਪ ਸ਼ਰਮਾ)** ਸਿੱਖਿਆ ਵਿਭਾਗ ਨੇ ਸਰਕਾਰੀ ਸਕੂਲਾਂ ਦੇ ਬੱਚਿਆਂ ਨੂ ਅੰਗਰੇਜ਼ੀ ਬੋਲਣ ਦਾ ਮਾਹਰ ਬਣਾਉਣ ਲਈ ਆਨਲਾਈਨ ਮੁਕਾਬਲੇ ਜਾਰੀ ਰੱਖੇ ਹਨ ਜਿਸ ਦੀ ਬਦੌਲਤ ਚੰਗੇ ਪਰਿਣਾਮ ਵੇਖਣ ਨੂੰ ਮਿਲ ਰਹੇ ਹਨ। ਬੀਤੇ ਦਿਨੀ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਭਲਵਾਨ ਦੇ ਗਿਆਰਵੀਂ ਜਮਾਤ ਦੇ ਵਿਦਿਆਰਥੀ ਇਸ਼ਾਨ ਨੇ ਅੰਗਰੇਜ਼ੀ ਬੋਲਣ ਦੇ ਜਿਲਾ ਪੱਧਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਮੁਕਾਬਲੇ ਦੀ ਤਿਆਰੀ ਸਸ ਅਧਿਆਪਕਾ ਪਾਲੀ ਸ਼ਰਮਾ ਨੇ ਕਰਵਾਈ ਸੀ। ਉਹਨਾਂ ਦੱਸਿਆ ਕਿ ਇੰਗਲਿਸ ਬੂਸਟਰ ਕਲੱਬ ਤਹਿਤ ਹੋ ਰਹੇ ਮੁਕਾਬਲਿਆਂ ਵਿੱਚ ਸੰਤੋਸ਼ ਕੁਮਾਰੀ, ਜਤਿੰਦਰਦੀਪ ਕੌਰ, ਬਲਜਿੰਦਰ ਸਿੰਘ ਆਦਿ ਅਧਿਆਪਕ ਵਿਸ਼ੇ ਭੂਮਿਕਾ ਨਿਭਾ ਰਹੇ ਹਨ। ਉਹਨਾਂ ਕਿਹਾ ਕਿ ਇਹਨਾਂ ਮੁਕਾਬਲਿਆਂ ਦੇ ਵਿੱਚ ਚੰਗੀ ਕਾਰਗੁਜ਼ਾਰੀ ਵਿਖਾਉਣ ਵਾਲੇ ਬੱਚਿਆਂ ਦਾ ਸਨਮਾਨ ਕੀਤਾ ਜਾ ਰਿਹਾ ਹੈ ਤਾਂ ਜੋ ਹੋਰਨਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਜਾ ਸਕੇ।

ਗਾਈਡ ਅਧਿਆਪਕਾ ਪਾਲੀ ਸ਼ਰਮਾ ਨੇ ਇੰਗਲਿਸ ਬੂਸਟਰ ਕਲੱਬ ਦੀ ਸਥਾਪਨਾ ਨੂੰ ਵਿਦਿਆਰਥੀਆਂ ਦੇ ਲਾਭਕਾਰੀ ਦੱਸਿਆ ਹੈ। ਇਸ ਵਿਸ਼ੇਸ ਪ੍ਰਾਪਤੀ ਦੇ ਲਈ ਡੀਈਓ (ਸੈਕੰਡਰੀ) ਕੁਲਤਰਨਜੀਤ ਸਿੰਘ, ਡਿਪਟੀ ਡੀਈਓ ਅੰਮ੍ਰਿਤਪਾਲ ਸਿੰਘ, ਡੀਐੱਮ ਅੰਗਰੇਜ਼ੀ ਮੁਹੰਮਦ ਅਖ਼ਲਾਕ ਅਤੇ ਬੀਐੱਨਓ ਪ੍ਰੀਤਇੰਦਰ ਘਈ ਨੇ ਸਮੁੱਚੀ ਟੀਮ ਨੂੰ ਵਧਾਈ ਦਿੱਤੀ। ਇੱਥੇ ਜ਼ਿਕਰਯੋਗ ਹੈ ਕਿ ਸਕੂਲ ਦੇ 10 ਵਿਦਿਆਰਥੀ ਜਿਲਾ ਪੱਧਰੀ ਅੰਗਰੇਜ਼ੀ ਮੁਕਾਬਲੇ ਜਿੱਤਣ ਵਿੱਚ ਕਾਮਯਾਬ ਰਹੇ ਹਨ।

# 'ਲੇਖਕ ਦੇ ਵਿਹੜੇ' ਤਹਿਤ ਮਹੀਨਾਵਾਰ ਪ੍ਰੋਗਰਾਮ ਦਾ ਐਲਾਨ
# ਨਵਜੋਤ ਸਾਹਿਤ ਸਭਾ ਔੜ ਵਲੋਂ ਪਿਆਰਾ ਲਾਲ ਬੰਗੜ ਨਾਲ ਰੂ-ਬ-ਰੂ 5 ਫਰਵਰੀ ਨੂੰ

**ਔੜ, ਜਨਵਰੀ ( ਰੇਸ਼ਮ ਕਰਨਾਣਵੀ )** – ਨਵਜੋਤ ਸਾਹਿਤ ਸਭਾ ਔੜ ਵਲੋਂ 'ਲੇਖਕ ਦੇ ਵਿਹੜੇ' ਬੈਨਰ ਹੇਠ ਮਹੀਨਾਵਾਰ ਪ੍ਰੋਗਰਾਮਾਂ ਦੀ ਲੜੀ ਸ਼ੁਰੂ ਕੀਤੀ ਜਾ ਰਹੀ ਹੈ। ਇਸ ਤਹਿਤ ਸੰਸਥਾ ਦੇ ਮੈਂਬਰਾਂ ਤੋਂ ਇਲਾਵਾ ਹਲਕੇ ਨਾਲ ਸਬੰਧਤ ਹੋਰ ਲੇਖਕਾਂ ਨਾਲ ਸਾਹਿਤਕ ਮਿਲਣੀਆਂ ਕੀਤੀਆਂ ਜਾਣਗੀਆਂ। ਇਹਨਾਂ ਮਿਲਣੀਆਂ 'ਚ ਉਹਨਾਂ ਦੇ ਸਾਹਿਤਕ ਸਫ਼ਰ ਅਤੇ ਜ਼ਿੰਦਗੀ ਦੇ ਹੋਰ ਪਹਿਲੂਆਂ ਦੀ ਸਾਂਝ ਪਾਈ ਜਾਵੇਗੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ ਅਤੇ ਸਕੱਤਰ ਸੁਰਜੀਤ ਮਜਾਰੀ ਨੇ ਦੱਸਿਆ ਕਿ ਪ੍ਰੋਗਰਾਮਾਂ ਦੀ ਇਹ ਲੜੀ ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਣ ਦਾ ਵੀ ਕਾਰਗਰ ਉਪਰਾਲਾ ਸਾਬਤ ਹੋਵੇਗੀ। ਉਕਤ ਪ੍ਰੋਗਰਾਮ ਤਹਿਤ ਰੂ-ਬ-ਰੂ ਹੋਣ ਵਾਲੇ ਲੇਖਕਾਂ ਨੂੰ ਸੰਸਥਾ ਵਲੋਂ ਪ੍ਰਮਾਣ ਪੱਤਰ ਅਤੇ ਯਾਦਗਾਰੀ ਚਿੰਨ੍ਹ ਵੀ ਪ੍ਰਦਾਨ ਕੀਤੇ ਜਾਣਗੇ। ਇਸ ਲੜੀ ਤਹਿਤ ਪਹਿਲਾ ਪ੍ਰੋਗਰਾਮ ਲੇਖਕ ਪਿਆਰਾ ਲਾਲ ਬੰਗੜ ਨਾਲ ਉਹਨਾਂ ਦੇ ਜੱਦੀ ਪਿੰਡ ਉੜਾਪੜ ਵਿਖੇ 5 ਫਰਵਰੀ ਨੂੰ



ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਹਨਾਂ ਪ੍ਰੋਗਰਾਮਾਂ 'ਚ ਸ਼ਾਮਲ ਹੋਣ ਵਾਲੇ ਪਿੰਡ ਵਾਸੀ, ਲੇਖਕ ਦੇ ਸਾਕ ਸਬੰਧੀ ਅਤੇ ਸੰਸਥਾ ਦੇ ਮੈਂਬਰ ਆਪੋ ਆਪਣੀਆਂ ਰਚਨਾਵਾਂ ਵੀ ਪੇਸ਼ ਕਰਨਗੇ।

ਇਸ ਮੀਟਿੰਗ 'ਚ ਰਵਿੰਦਰ ਸਿੰਘ ਉੜਾਪੜ ਨੇ 'ਜ਼ਿੰਦਗੀ ਵਿੱਚ ਅਹਿਸਾਸ ਹੋਣਾ ਚਾਹੀਦਾ' ਲੈਕਚਰਾਰ ਦਵਿੰਦਰ ਸਕੋਹਪੁਰੀ ਨੇ 'ਕਦ ਪਾਵੇਗਾ ਫੇਰਾ ਸੁੰਨੀਆਂ ਰਾਵ੍ਹਾਂ ਪੁੱਛਦੀਆਂ', ਰੇਸ਼ਮ ਕਰਨਾਣਵੀ ਨੇ 'ਚੱਲ ਰਹੀ ਸੰਘਰਸ਼ ਦੀ ਜੋ ਲਾਮ ਜ਼ਿੰਦਾਬਾਦ', ਕਸ਼ਮੀਰੀ ਕੈਂਥ ਨੇ 'ਦਿਲ ਵਿੱਚ ਗ਼ਮ ਬੁੱਲ੍ਹੀਆਂ 'ਤੇ ਹਾਸਾ ਚਿਪਕਾਈ ਬੈਠੇ ਹਾਂ', ਮੱਖਣ ਬਖਲੌਰ ਨੇ 'ਅਸੀਂ ਤੇਰੇ ਹਾਂ ਪਰਾਏ ਨਹੀਂ, ਹਰਮਿੰਦਰ ਹੈਰੀ ਨੇ 'ਜ਼ਿੰਦਗੀ ਵਿੱਚ ਖੜੋਤ ਵੀ ਬਹੁਤੀ ਚੰਗੀ ਨਹੀਂ, ਪਿਆਰਾ ਲਾਲ ਬੰਗੜ ਨੇ 'ਬੰਦੇ ਦੇ ਦਿਲ ਵਿੱਚ ਸਾਂਭੇ ਬਹੁਤ ਅਰਮਾਨ ਹੁੰਦੇ ਨੇ' ਅਤੇ ਸੁਰਜੀਤ ਮਜਾਰੀ ਨੇ 'ਔਖੇ ਵੇਲੇ ਬਹੁੜਦਾ ਕੋਈ ਟਾਵਾਂ ਟਾਵਾਂ' ਰਚਨਾਵਾਂ ਪੇਸ਼ ਕੀਤੀਆਂ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop